ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 34 | 28 August 2019 to 03 September 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



## ਅੰਦਰ ਪੜ੍ਹੋ


03

ਭਾਈਚਾਰਾ

ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਫੰਡ ਰੇਂਜ


07

ਖਾਸ ਖ਼ਬਰਾਂ

ਸੁਨਾਰੀਆ ਜੇਲ੍ਹ ਵਿਚ ਸੌਦਾ ਸਾਧ ਹੁਣ ਤੰਗ ਹੋਇਆ


11

ਵਿਸ਼ੇਸ਼ ਰਿਪੋਰਟ

ਸੰਕਟਾਂ ਨੂੰ ਚੀਰਨਾ, ਮੈਦਾਨ ਫਤਿਹ ਕਰਨਾ ਗੁਰੂ ਖਾਲਸਾ ਜੀ ਦੀ ਪਛਾਣ


20

ਭਾਈਚਾਰਾ

'ਲੋਕ ਸਾਜ਼ਾਂ ਦੀ ਸੱਥ' ਵਿੱਚ ਸੰਗੀਤ ਦੀਆਂ ਛਹਿਬਰਾਂ


# ਦਿੱਲੀ ਵੱਲੋਂ ਪੰਜਾਬ 'ਤੇ ਅਗਲੇ ਹਮਲੇ ਦੀ ਤਿਆਰੀ

## ਤਿੰਨ ਸਤੰਬਰ ਨੂੰ ਆ ਸਕਦਾ ਹੈ ਐਸਵਾਈਐਲ 'ਤੇ ਅਦਾਲਤੀ ਹੁਕਮ

* ਫੌਜੀ ਤਾਕਤ ਨਾਲ ਨਹਿਰ ਕੱਢਣ ਦੇ ਮਨਸੂਬੇ
* ਅੰਤਰਰਾਸ਼ਟਰੀ ਰਿਪੇਰੀਅਨ ਸਿਧਾਂਤ ਦੀ ਸ਼ਰੇਆਮ ਉਲੰਘਣਾ




**ਚੰਡੀਗੜ੍ਹ/ਏਟੀ ਨਿਊਜ਼ :**
ਪੰਜਾਬ ਦੇ ਪਾਣੀਆਂ ਦੀ ਹੋਰ ਲੁੱਟ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਵੱਲੋਂ ਤਿਆਰੀਆਂ ਦੀਆਂ ਕਨਸੋਆਂ ਆ ਰਹੀਆਂ ਹਨ ਤੇ 3 ਸਤੰਬਰ ਨੂੰ ਐਸਵਾਈਐਲ ਮਾਮਲੇ 'ਤੇ ਸੁਪਰੀਮ ਕੋਰਟ ਦੀ ਸੁਣਵਾਈ ਦੌਰਾਨ ਫੈਸਲੇ ਨੂੰ ਤਾਕਤ ਨਾਲ ਲਾਗੂ ਕਰਵਾਇਆ ਜਾ ਸਕਦਾ ਹੈ। ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਹੁਕਮਾਂ ਤਹਿਤ ਪੰਜਾਬ ਅਤੇ ਹਰਿਆਣੇ ਦਰਮਿਆਨ ਪਾਣੀਆਂ ਦੇ ਮਸਲੇ 'ਤੇ ਵਿਚੋਲਗੀ ਕਰ ਰਹੇ ਭਾਰਤ ਸਰਕਾਰ ਦੇ ਕੇਂਦਰੀ ਜਲ ਸ਼ਕਤੀ ਮਹਿਕਮੇ ਨੇ ਕਹਿ ਦਿੱਤਾ ਹੈ ਕਿ ਉਹ ਦੋਵਾਂ ਸੂਬਿਆਂ ਵਿਚ ਸਮਝੌਤਾ ਕਰਾਉਣ ਲਈ ਹੁਣ ਅੱਗੇ ਕੋਈ ਬੈਠਕ ਨਹੀਂ ਬੁਲਾਏਗਾ।

ਇਸ ਤੋਂ ਪਹਿਲਾਂ ਇਸ ਮਹਿਕਮੇ ਵਲੋਂ ਦੋਵਾਂ ਸੂਬਿਆਂ ਦਾ ਸਮਝੌਤਾ ਕਰਾਉਣ ਲਈ ਬੈਠਕਾਂ ਕਰਵਾਈਆਂ ਗਈਆਂ ਸੀ ਜਿਸ ਵਿਚ ਪੰਜਾਬ ਅਤੇ ਹਰਿਆਣਾ ਦੇ ਮੁੱਖ ਸਕੱਤਰ ਸ਼ਾਮਿਲ ਹੋਏ ਸਨ।

ਭਾਰਤ ਦੇ ਕੇਂਦਰੀ ਜਲ ਸ਼ਕਤੀ ਮਹਿਕਮੇ ਦੇ ਸਕੱਤਰ ਯੂਪੀ ਸਿੰਘ ਨੇ ਕਿਹਾ ਕਿ ਹੁਣ ਦੋਵੇਂ ਧਿਰਾਂ ਦੀ ਕੋਈ ਸਾਂਝੀ ਬੈਠਕ ਨਹੀਂ ਕਰਵਾਈ ਜਾਵੇਗੀ ਤੇ ਉਹਨਾਂ ਕਿਹਾ ਕਿ ਦੋਵਾਂ ਧਿਰਾਂ ਦੀ ਗੱਲਬਾਤ ਨਾਲ ਫੈਸਲਾ ਕਰਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ ਹਨ।

ਦੋਵਾਂ ਸੂਬਿਆਂ ਦਰਮਿਆਨ ਇਸ ਮਸਲੇ 'ਤੇ ਆਖਰੀ ਬੈਠਕ 21 ਅਗਸਤ ਨੂੰ ਭਾਰਤ ਦੇ ਕੇਂਦਰੀ ਜਲ ਸ਼ਕਤੀ ਮਹਿਕਮੇ ਦੀ ਦੇਖ-ਰੇਖ ਅਧੀਨ ਹੋਈ ਸੀ। ਹੁਣ 3 ਸਤੰਬਰ ਨੂੰ ਸੁਪਰੀਮ ਕੋਰਟ ਵਿਚ ਇਸ ਮਸਲੇ 'ਤੇ ਸੁਣਵਾਈ ਹੋਣ ਜਾ ਰਹੀ ਹੈ ਤੇ ਸੁਪਰੀਮ ਕੋਰਟ ਨੇ ਉਸ ਦਿਨ ਤਕ ਦੋਵੇਂ ਸੂਬਿਆਂ ਦੀ ਸਹਿਮਤੀ ਨਾਲ ਮਸਲੇ ਦਾ ਹੱਲ ਕਰਨ ਲਈ ਕਿਹਾ ਸੀ। ਹੁਣ ਕੇਂਦਰੀ ਮਹਿਕਮੇ ਵਲੋਂ ਸਾਰਾ ਕੁਝ ਸੁਪਰੀਮ ਕੋਰਟ ਦੇ ਫੈਸਲੇ 'ਤੇ ਛੱਡ ਦਿਤਾ ਗਿਆ ਹੈ ਅਤੇ ਸੁਪਰੀਮ ਕੋਰਟ ਪਹਿਲਾਂ ਹੀ ਹਰਿਆਣੇ ਦੇ ਪੱਖ ਵਿਚ ਫੈਸਲੇ ਸੁਣਾ ਚੁੱਕੀ ਹੈ ਜਿਸ ਵਿਚ ਸੁਪਰੀਮ ਕੋਰਟ ਨੇ 2004 ਵਿਚ ਪਾਣੀਆਂ ਦੇ ਸਮਝੌਤਿਆਂ ਨੂੰ ਰੱਦ ਕਰਨ ਸਬੰਧੀ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਕਾਨੂੰਨ ਨੂੰ ਗੈਰ-ਕਾਨੂੰਨੀ ਕਹਿ ਦਿਤਾ ਸੀ ਅਤੇ ਐਸਵਾਈਐਲ ਨਹਿਰ ਦੇ

**ਬਾਕੀ ਸਫ਼ਾ 32 'ਤੇ**

### ਐੱਸਵਾਈਐੱਲ ਹੈ ਪੰਜਾਬ ਦੀ ਸ਼ਾਹਰਗ ਉਤੇ ਟੱਕ

ਪੰਜਾਬ ਦੇ ਪਿੰਡ ਕਪੂਰੀ ਦੀ ਜੂਹ ਵਿਚ ਐੱਸਵਾਈਐੱਲ ਦਾ ਜੋ ਟੱਕ ਕਾਂਗਰਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਲਾਇਆ ਸੀ, ਉਹ ਪੰਜਾਬ ਦੀ ਸ਼ਾਹਰਗ ਉਤੇ ਟੱਕ ਸਾਬਤ ਹੋਇਆ। ਉਸ ਨਾਲ ਕਈ ਵਰ੍ਹੇ ਪੰਜਾਬੀਆਂ ਦਾ ਖ਼ੂਨ ਵਹਿੰਦਾ ਰਿਹਾ। ਹੁਣ ਫਿਰ ਪੰਜਾਬ ਦੀ ਧੌਣ ਉਤੇ ਤਲਵਾਰ ਹੈ। ਦੇਖਦੇ ਹਾਂ, ਭਾਜਪਾ ਦਾ ਪ੍ਰਧਾਨ ਮੰਤਰੀ ਕੀ ਕਰਦਾ ਹੈ? ਛੋੜ ਦਿੱਤਾ ਜਾਏ ਜਾਂ ਮਾਰ ਦਿੱਤਾ ਜਾਏ?

ਇਕ ਪਾਸੇ ਤਾਂ ਆਪਣੇ ਹੀ ਦਰਿਆਈ ਪਾਣੀ ਬਿਨਾ ਪੰਜਾਬ ਦੀਆਂ ਫਸਲਾਂ ਤਿਹਾਈਆਂ ਮਰ ਰਹੀਆਂ ਹਨ; ਦੂਜੇ ਪਾਸੇ ਦੂਜੇ ਸੂਬਿਆਂ ਦੀਆਂ ਫਸਲਾਂ ਪਾਲਣ ਤੇ ਬਿਜਲੀ ਦੀਆਂ ਸਹੂਲਤਾਂ ਦੇਣ ਲਈ ਭਾਖੜਾ ਬੰਨ੍ਹ ਕੰਢਿਆਂ ਤਕ ਭਰੀ ਰੱਖਣ ਅਤੇ ਜਦੋਂ ਪਾਣੀ ਉਤੋਂ ਦੀ ਹੋ ਜਾਵੇ ਤਾਂ ਫਲੱਡ ਗੇਟ ਖੋਲ੍ਹ ਕੇ ਪੰਜਾਬ ਨੂੰ ਡੋਬਣ ਦੀ ਨੀਤੀ ਜਾਰੀ ਹੈ। ਦੋ ਮਹੀਨੇ ਪਹਿਲਾਂ ਜੂਨ ਵਿਚ ਹੀ ਪਤਾ ਲੱਗ ਗਿਆ ਸੀ ਕਿ ਐਤਕੀਂ ਭਾਖੜੇ ਦਾ ਗੋਬਿੰਦ ਸਾਗਰ

**ਬਾਕੀ ਸਫ਼ਾ 32 'ਤੇ**

## ਪ੍ਰਕਾਸ਼ ਪੁਰਬ ਲਈ ਹੁਣ 3000 ਦੀ ਥਾਂ 10,000 ਸਿੱਖਾਂ ਨੂੰ ਵੀਜ਼ਾ ਦੇਵੇਗਾ ਪਾਕਿਸਤਾਨ

**ਲਾਹੌਰ/ਏਟੀ.ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਪ੍ਰਬੰਧਾਂ ਨੂੰ ਅੰਤਮ ਰੂਪ



ਦੇਣ ਲਈ ਇੱਥੇ ਮੀਟਿੰਗ ਕੀਤੀ ਗਈ। ਹਾਸਲ ਜਾਣਕਾਰੀ ਮੁਤਾਬਕ ਪਾਕਿ-ਭਾਰਤ ਪ੍ਰੋਟੋਕੋਲ ਅਨੁਸਾਰ ਭਾਰਤ ਦੇ 3000 ਦੀ ਥਾਂ 10,000 ਸਿੱਖ ਸ਼ਰਧਾਲੂਆਂ ਨੂੰ ਵੀਜ਼ਾ ਜਾਰੀ ਕੀਤਾ ਜਾਵੇਗਾ। ਅਧਿਕਾਰੀ ਜ਼ੀਰੋ ਲਾਈਨ 'ਤੇ ਮੀਟਿੰਗ ਲਈ 30 ਜਾਂ 31 ਅਗਸਤ ਦੀ ਆਖਰੀ ਤਰੀਕ ਨੂੰ ਅੰਤਮ ਰੂਪ ਦੇਣ ਲਈ ਭਾਰਤ ਦੀ ਤਕਨੀਕੀ ਸਲਾਹਕਾਰ ਟੀਮ ਨਾਲ ਗੱਲਬਾਤ ਕਰਨਗੇ।

## ਟਰੇਸੀ ਦੇ ਪ੍ਰੀਤਮ ਸਿੰਘ ਦਾ ਅਣਪਛਾਤੇ ਵਲੋਂ ਚਾਕੂ ਮਾਰ ਕੇ ਕਤਲ

**ਟਰੇਸੀ/ਹੁਸਨ ਲੜੋਆ ਬੰਗਾ :**
ਕੈਲੀਫੋਰਨੀਆ 'ਚ ਪੈਂਦੇ ਸ਼ਹਿਰ ਟਰੇਸੀ ਦੀ ਗਰੇਚੇਨ ਟੱਲੀ ਪਾਰਕ ਵਿਚ ਸਿੱਖ ਭਾਈਚਾਰੇ ਨਾਲ ਸਬੰਧਤ 64 ਸਾਲਾ ਪ੍ਰੀਤਮ ਸਿੰਘ ਨੂੰ ਕਿਸੇ ਅਣਪਛਾਤੇ ਨੇ ਚਾਕੂ ਮਾਰ ਕੇ ਮਾਰ ਦਿੱਤਾ। ਭਾਈਚਾਰੇ ਦੇ ਲੋਕਾਂ ਨੇ ਇਸ ਮੌਤ ਤੋਂ ਬਾਅਦ ਸਥਾਨਕ ਪ੍ਰਸ਼ਾਸਨ 'ਤੇ ਸਵਾਲ ਖੜੇ ਕੀਤੇ ਤੇ ਹੱਤਿਆਰਿਆਂ ਨੂੰ ਲੱਭਣ ਦੀ ਜਲਦੀ ਮੰਗ ਕੀਤੀ। ਇਹ ਹਮਲਾ ਐਤਵਾਰ ਕਰੀਬ 9 ਵਜੇ ਰਾਤ ਵੇਲੇ ਹੋਇਆ। ਸਥਾਨਕ ਗਰੇਚੇਨ ਟੱਲੀ ਪਾਰਕ ਦੇ ਖੇਤਰ ਵਿੱਚ ਪ੍ਰੀਤਮ ਸਿੰਘ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ। ਉਨਾਂ ਦੇ ਜਵਾਈ ਦੇ ਅਨੁਸਾਰ ਪ੍ਰੀਤਮ ਸਿੰਘ ਇੱਕ ਸ਼ਾਂਤਮਈ ਅਤੇ ਪਰਿਵਾਰਕ ਆਦਮੀ ਸੀ ਉਸ ਲਈ ਪਿਤਾ ਵਰਗਾ ਸੀ। ਹਰਨੇਕ ਸਿੰਘ ਕੰਗ ਨੇ ਕਿਹਾ ਕਿ ਪ੍ਰੀਤਮ ਸਿੰਘ ਸਾਲ 2016 ਵਿੱਚ ਇੱਕ ਕਿਸਾਨ ਦੇ ਤੌਰ ਤੇ ਭਾਰਤ ਤੋਂ ਇੱਥੇ ਆਏ ਸੀ, ਉਸ ਨੇ ਇੱਥੇ ਦੀ ਸਿੰਚਾਈ ਪ੍ਰਣਾਲੀ ਦਾ ਅਧਿਐਨ ਕੀਤਾ ਸੀ, ਉਸ ਦੇ ਦੋ ਬੱਚੇ ਅਤੇ ਤਿੰਨ ਪੋਤੇ ਸਨ। ਪੁਲਿਸ ਦਾ ਕਹਿਣਾ ਹੈ ਕਿ ਉਸ ਨੂੰ ਚਾਕੂ ਮਾਰਿਆ ਗਿਆ ਸੀ ਅਤੇ



ਘਟਨਾ ਵੈਂਡਾ ਹਰਸ਼ ਐਲੀਮੈਂਟਰੀ ਸਕੂਲ ਤੋਂ ਕੁਝ ਫੁੱਟ ਦੂਰ ਫੁੱਟਪਾਥ 'ਤੇ ਵਾਪਰੀ। ਇਸ ਮੌਕੇ ਟ੍ਰੇਸੀ ਪੁਲਿਸ 911 ਦੀ ਕਾਲ 'ਤੇ ਦੋ ਮਿੰਟਾਂ ਦੇ ਅੰਦਰ ਅੰਦਰ ਆ ਗਈ, ਪਰ ਪ੍ਰੀਤਮ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸ ਦੀ ਮੌਤ ਨੇ ਸਿੱਖ ਭਾਈਚਾਰੇ ਵਿਚ ਚਿੰਤਾਵਾਂ ਖੜ੍ਹੀਆਂ ਕਰ ਦਿੱਤੀਆਂ ਹਨ।

ਇਸ ਬਾਰੇ ਕਮਿਊਨਿਟੀ ਮੀਟਿੰਗ ਦਾ ਆਯੋਜਨ ਵਾਲੇ ਜੱਸ ਸੰਘਾ ਨੇ ਕਿਹਾ ਕਿ "ਕਿੰਨੇ ਲੋਕ ਪਾਰਕ 'ਚੇ ਸੈਰ ਕਰਨ ਲਈ ਜਾਂਦੇ ਹਨ। ਕੋਈ ਵੀ ਇਸ ਤਰਾਂ ਦੀ ਮੌਤ ਦਾ ਹੱਕਦਾਰ ਨਹੀਂ ਹੈ।" ਪੁਲਿਸ ਪੂਰੀ ਤਾਕਤ ਨਾਲ ਹਮਲਾਵਰ ਵਿਅਕਤੀ ਦੀ ਭਾਲ ਕਰ ਰਹੀ ਹੈ।

**ਬਾਕੀ ਸਫ਼ਾ 32 'ਤੇ**

















SOVEREIGN TOUR OF STATES
ਗੁਰਮੁਖੀ ਦਾ ਬੇਟਾ
Live
in Concert
Satinder Sartaaj
Aug 10
San Jose, CA
Aug 11
Sacramento, CA
Aug 17
Stockton, CA
Aug 18
Fresno, CA
Aug 23
Detroit, MI
Aug 24
Chicago, IL
Aug 25
New York, NY
Aug 31
Bakersfield, CA
Sept 01
Seattle, WA
Sept 07
Virginia City, VA
Sept 08
Rahway, NJ
For Tickets Visit :
www.satindersartaaj.com

# ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਫੰਡ ਰੇਜ

**ਫਰੀਮੌਂਟ/ਏਟੀ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਕੈਲੀਫੋਰਨੀਆ ਵਿਖੇ ਪਿਛਲੇ ਦਿਨੀਂ ਪੰਜਾਬ ਦੀ ਧਰਤੀ ਤੇ ਹੜ੍ਹਾਂ ਕਾਰਨ ਹੋਈ ਤਬਾਹੀ ਨੂੰ ਦੇਖਦਿਆਂ ਪ੍ਰਭਾਵਿਤ ਇਲਾਕਿਆਂ ਲਈ ਸੰਗਤਾਂ ਦੇ ਸਹਿਯੋਗ ਨਾਲ ਵਿਸ਼ੇਸ਼ ਫੰਡ ਇਕੱਤਰ ਕੀਤਾ ਗਿਆ। ਪੰਜਾਬ ਦੀ ਧਰਤੀ ਤੋਂ ਆਉਣ ਵਾਲੇ ਹਰ ਤੱਤੀ ਹਵਾ ਦੇ ਬੁੱਲ੍ਹੇ ਨੂੰ ਬਾਹਰ ਬੈਠਾ ਸਿੱਖ ਤੇ ਪੰਜਾਬੀ ਆਪਣੇ ਪਿੰਡੇ ਤੇ ਹੰਢਾਉਂਦਾ ਅਤੇ ਮਹਿਸੂਸ ਕਰਦਾ ਹੈ। ਸਰਕਾਰਾਂ ਦੀਆਂ ਨਾਕਾਮਯਾਬੀਆਂ ਅਤੇ ਸੋਚੀ ਸਮਝੀ ਸਾਜ਼ਿਸ਼ ਤਹਿਤ ਪੰਜਾਬ ਨੂੰ ਬਰਬਾਦ ਕਰਨ ਲਈ ਸਰਕਾਰਾਂ ਕੋਈ ਨਾ ਕੋਈ ਚਾਲਾਂ ਚਲਦੀਆਂ ਰਹਿੰਦੀਆਂ ਹਨ। ਉਹ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵੱਲ



ਧੱਕ ਕੇ ਜਾਂ ਸੋਚੀ ਸਮਝੀ ਸਾਜ਼ਿਸ਼ ਤਹਿਤ ਡੈਮਾਂ ਦਾ ਪਾਣੀ ਛੱਡ ਕੇ ਪੰਜਾਬ ਨੂੰ ਬਰਬਾਦ ਕਰਨ ਦੀ ਕੋਈ ਕਸਰ ਨਹੀਂ ਛੱਡਦੀਆਂ। ਇਸ ਵਾਰ ਛੱਡੇ ਗਏ ਪਾਣੀ ਕਾਰਨ ਜੋ ਪੰਜਾਬ ਦੀ ਤਬਾਹੀ ਹੋਈ , ਜਨਜੀਵਨ ਪ੍ਰਭਾਵਿਤ ਹੋਇਆ, ਖਾਸ ਕਰ ਕਿਸਾਨੀ ਨੂੰ ਬਹੁਤ ਵੱਡੀ ਮਾਰ ਝੱਲਣੀ ਪਈ ਹੈ। ਵਕਤ ਦੀਆਂ ਸਰਕਾਰਾਂ ਦੇ ਪੰਜਾਬ ਪ੍ਰਤੀ ਨਾਕਾਰਤਮਿਕ ਵਤੀਰੇ ਨੂੰ ਦੇਖਦਿਆਂ ਹੋਇਆਂ ਬਦੇਸ਼ਾਂ ਦੀ ਧਰਤੀ ਤੇ ਬੈਠੇ ਪੰਜਾਬੀਆਂ ਨੇ ਆਪਣੀਆਂ ਕਿਰਤ ਕਮਾਈਆਂ ਵਿਚੋਂ ਵਡਮੁੱਲਾ ਯੋਗਦਾਨ ਪਾਉਣ ਦਾ ਯਤਨ ਕੀਤਾ। ਇਸੇ ਤਹਿਤ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਸਿੱਖ ਪੰਚਾਇਤ ਦੇ ਸੇਵਾਦਾਰਾਂ ਵਲੋਂ ਮਾਇਆ ਇਕੱਤਰ ਕੀਤੀ ਗਈ। ਸੰਗਤਾਂ ਨੇ ਵੱਧ ਚੜ੍ਹ ਕੇ ਆਪਣੀਆ ਕਿਰਤ ਕਮਾਈਆਂ ਨੂੰ ਸਫ਼ਲਾ ਕਰਦਿਆਂ ਵਡਮੁੱਲਾ ਯੋਗਦਾਨ ਦਿੱਤਾ। ਜਲਦੀ ਹੀ ਇਕੱਤਰ ਕੀਤੀ ਮਾਇਆ ਪ੍ਰਭਾਵਿਤ ਇਲਾਕਿਆਂ ਵਿਚ ਪਹੁੰਚਾਈ ਜਾਵੇਗੀ।

## ਭਾਰਤ ਦੇ ਸਾਬਕਾ ਵਿੱਤ ਮੰਤਰੀ ਅਰੁਣ ਜੇਤਲੀ ਦੀ ਮੌਤ

**ਨਵੀਂ ਦਿੱਲੀ/ਏਟੀ ਨਿਊਜ਼ :** ਲੰਬੇ ਸਮੇਂ ਤੋਂ ਟਿਸ਼ੂ ਕੈਂਸਰ ਨਾਲ ਜੂਝ ਰਹੇ ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਦੀ ਮੌਤ ਹੋ ਗਈ ਹੈ। ਉਹ ਨੌਂ ਅਗਸਤ ਤੋਂ ਦਿੱਲੀ ਦੇ ਏਮਜ਼ ਹਸਪਤਾਲ ਵਿਚ ਭਰਤੀ ਸਨ। ਅਰੁਣ ਜੇਤਲੀ, ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੇ ਵੀ ਕਰੀਬੀ ਰਹੇ ਅਤੇ ਉਸ ਤੋਂ ਪਹਿਲਾਂ ਅਟਲ ਬਿਹਾਰੀ ਵਾਜਪਾਈ ਤੇ ਅਡਵਾਨੀ ਦੀ ਜੋੜੀ ਦੇ ਵੀ ਪਸੰਦੀਦਾ ਸਿਆਸੀ ਆਗੂਆਂ ਵਿਚ ਸ਼ਾਮਲ ਰਹੇ ਹਨ। ਜੇਤਲੀ ਨੇ ਸੰਨ 1975 ਵਿਚ ਐਮਰਜੈਂਸੀ ਦੌਰਾਨ ਇੰਦਰਾ ਸਰਕਾਰ ਖ਼ਿਲਾਫ਼ ਅੰਦੋਲਨ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ। ਸਾਲ 2014 ਵਿਚ ਅੰਮ੍ਰਿਤਸਰ ਤੋਂ ਸੰਸਦੀ ਚੋਣਾਂ ਵਿਚ ਉਨ੍ਹਾਂ ਦੀ ਹਾਰ ਦੀ ਕਸਕ ਸੀਨੇ ਵਿਚ ਸੀ ਪਰ ਉਨ੍ਹਾਂ ਕਦੇ ਇਸ ਦਾ ਅਹਿਸਾਸ ਨਾ ਹੋਣ ਦਿੱਤਾ।




Legal Document Preparation



- Immigration ਇਮੀਗਰੇਸ਼ਨ
- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼

Not an Attorney

Call Sarvinder

510-648-5554

dolly@worryfreelegaldocs.com
www.worryfreelegaldocs.com

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County



BERKSHIRE HATHAWAY Home Services

Elite Real Estate



Gurdip Kaur
M.A. B.Ed.

Cell : 916-695-0035 Office : 916-681-5112
realtorgurdip@gmail.com • www.bhhser.com

ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ

PLEASE CALL GURDIP KAUR
916-695-0035

Cal BRE# 02032641
7412 Elsie Ave. Sacramento 95828
A member of the franchise system of BHH Affiliates. LLC



GLOBAL ALLIANZ
LAW FIRM LLP
US IMMIGRATION MADE EASY



ਕਾਨੂੰਨੀ ਸੇਵਾਵਾਂ

- ਫੈਮਲੀ ਇਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ



Atul Kapoor
CEO

Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188

INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205, Total 8 APN number, one lot, 7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15. Almost 10 acres paved truck parking with approximately $32000 monthly income.** **$4,399,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸੁਪਰੀਮ ਕੌਂਸਲ ਮੈਂਬਰ ਅਸਤੀਫ਼ੇ ਦੇ ਕੇ ਲਾਂਭੇ ਹੋਣ: ਭਾਈ ਜਸਦੇਵ ਸਿੰਘ

**ਫਰੀਮੌਂਟ/ਏਟੀ ਨਿਊਜ਼ :** ਫਰੀਮੌਂਟ ਗੁਰਦੁਆਰਾ ਸਾਹਿਬ ਦੀ ਮੌਜੂਦਾ ਸੁਪਰੀਮ ਕੌਂਸਲ ਦੇ ਤਿੰਨ ਮੈਂਬਰ ਕੁਲਜੀਤ ਸਿੰਘ, ਹਰਮਿੰਦਰ ਸਿੰਘ ਤੇ ਬੀਬੀ ਅਰਵਿੰਦਰ ਕੌਰ ਨੇ ਆਪਣੇ ਹੀ ਦੋ ਸਹਿਯੋਗੀ ਸੁਪਰੀਮ ਕੌਂਸਲ ਦੇ ਮੈਂਬਰਾਂ ਭਾਈ ਐਚ.ਪੀ. ਸਿੰਘ ਤੇ ਭਾਈ ਜਸਵਿੰਦਰ ਸਿੰਘ ਜੰਡੀ 'ਤੇ ਕੋਰਟ ਵਿਚ ਕੇਸ ਕਰ ਦਿੱਤਾ ਹੈ। ਉਨ੍ਹਾਂ ਨੇ ਇਹ ਭਾਈ ਜਸਦੇਵ ਸਿੰਘ ਤੇ ਭਾਈ ਜਸਪ੍ਰੀਤ ਸਿੰਘ ਅਟਵਾਲ ਵਲੋਂ ਸਾਰੀ ਸੁਪਰੀਮ ਕੌਂਸਲ 'ਤੇ ਕੀਤੇ ਕੇਸ ਦੇ ਜੁਆਬ ਵਿਚ ਕੀਤਾ ਹੈ। ਯਾਦ ਰਹੇ ਕਿ ਭਾਈ ਜਸਦੇਵ ਸਿੰਘ ਤੇ ਭਾਈ ਜਸਪ੍ਰੀਤ ਸਿੰਘ ਅਟਵਾਲ ਨੇ ਕੋਰਟ ਨੂੰ ਕਿਹਾ ਸੀ ਕਿ ਸੁਪਰੀਮ ਕੌਂਸਲ ਗੁਰ-ਸਿਧਾਂਤ ਤੇ ਗੁਰਦੁਆਰਾ ਸੰਵਿਧਾਨ ਅਨੁਸਾਰ ਇਕ ਇਕਾਈ ਹੈ ਪਰ ਮੌਜੂਦਾ ਸੁਪਰੀਮ ਕੌਂਸਲ ਦੋਫਾੜ ਹੋ ਚੁੱਕੀ ਹੈ, ਇਸ ਲਈ ਇਸ ਸੁਪਰੀਮ ਕੌਂਸਲ ਨੂੰ ਸੇਵਾ ਮੁਕਤ ਕਰਕੇ ਨਵੀਆਂ ਚੋਣਾਂ ਕਰਾ ਕੇ ਨਵੇਂ ਸਿਰਿਓਂ ਸੁਪਰੀਮ ਕੌਂਸਲ ਚੁਣੀ ਜਾਵੇ। ਹੁਣ ਜਦੋਂ ਤਿੰਨ ਮੈਂਬਰ ਆਪਣੇ ਦੋ ਸਹਿਯੋਗੀ ਮੈਂਬਰਾਂ 'ਤੇ ਹੀ ਕੇਸ ਕਰ ਦੇਣ, ਤਾਂ ਭਾਈ ਜਸਦੇਵ ਸਿੰਘ ਤੇ ਭਾਈ ਜਸਪ੍ਰੀਤ ਸਿੰਘ ਅਟਵਾਲ ਦੇ ਕੇਸ ਨੂੰ ਬਲ ਮਿਲਦਾ ਹੈ ਤੇ ਇਹ ਸਾਬਤ ਹੁੰਦਾ ਹੈ ਕਿ ਵਾਕਿਆ ਹੀ ਸੁਪਰੀਮ ਕੌਂਸਲ ਦੋਫਾੜ ਹੋ ਚੁੱਕੀ ਹੈ।

ਸਿੱਖ ਪੰਚਾਇਤ ਤੇ ਗੁਰਦੁਆਰਾ ਕਮੇਟੀ ਦੇ ਮੈਂਬਰ ਭਾਈ ਜਸਦੇਵ ਸਿੰਘ ਅਤੇ ਭਾਈ ਜਸਪ੍ਰੀਤ ਸਿੰਘ ਅਟਵਾਲ ਨੇ ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ ਅਤੇ ਕੁਲਜੀਤ ਸਿੰਘ ਨੂੰ ਕਿਹਾ ਹੈ ਕਿ ਹੁਣ ਕੋਰਟ ਕੇਸ ਦੀ ਬਜਾਏ ਅਸਤੀਫ਼ੇ ਦੇ ਕੇ ਲਾਂਭੇ ਹੋ ਜਾਣ ਤਾਂ ਜੋ ਵੋਟਾਂ ਕਰਾਈਆਂ ਜਾ ਸਕਣ। ਧੱਕੇ ਨਾਲ ਪ੍ਰਬੰਧ 'ਤੇ ਕਬਜ਼ਾ ਕਰੀ ਰੱਖਣਾ ਬਿਲਕੁਲ ਜਾਇਜ਼ ਨਹੀਂ। ਜੇ ਇਹ ਤਿੰਨਾਂ ਜਾਂ ਖਾਲਸਾ ਗਰੁੱਪ ਨੂੰ ਲਗਦਾ ਹੈ ਕਿ ਸੰਗਤ ਉਨ੍ਹਾਂ ਨਾਲ ਹੈ, ਤਾਂ ਵੋਟਾਂ ਜਿੱਤ ਕੇ ਦੋ ਸਾਲ ਦੀ ਪ੍ਰਵਾਨਗੀ ਲੈ ਲੈਣ।

ਇੱਥੇ ਇਕ ਗੱਲ ਵਰਨਣਯੋਗ ਹੈ ਕਿ ਕੁਲਜੀਤ ਸਿੰਘ ਤੇ ਹਰਮਿੰਦਰ ਸਿੰਘ ਵਲੋਂ ਜੋ ਭਾਸ਼ਾ ਤੇ ਗੁੰਡਾਗਰਦੀ ਵਾਲੇ ਬਿਆਨ ਦਿੱਤੇ ਜਾ ਰਹੇ ਹਨ, ਉਹ ਭਵਿੱਖ ਵਿੱਚ ਲੜਾਈ ਵੱਲ ਨੂੰ ਲੈ ਕੇ ਜਾਂਦੇ ਹਨ। ਸਿੱਖ ਪੰਚਾਇਤ ਬਣਾ ਕੇ ਇਸ ਗੁਰਦੁਆਰਾ ਸਾਹਿਬ ਵਿਚ ਸ਼ਾਂਤੀ ਵਾਲਾ ਮਾਹੌਲ ਬਣਿਆ ਸੀ ਪਰ ਖ਼ਾਲਸਾ ਗਰੁੱਪ ਨੇ, ਖਾਸ ਕਰ ਇਸ ਦੇ ਸੂਤਰਧਾਰ ਗੁਰਸ਼ਰਨ ਸਿੰਘ ਥਿੰਦ ਉਰਫ਼ ਐਸ.ਪੀ. ਸਿੰਘ ਨੇ, ਗੁਰਦੁਆਰੇ ਵਲੋਂ ਇਸ ਦੇ ਰੇਡੀਓ ਨੂੰ 2500 ਡਾਲਰ ਨਾ ਦੇਣ ਕਾਰਨ, ਸਿੱਖ ਪੰਚਾਇਤ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਪਰ ਇਹ ਕਾਮਯਾਬ ਨਾ ਹੋ ਸਕਿਆ। ਖਾਲਸਾ ਧੜੇ ਦੇ ਮੈਂਬਰਾਂ ਤੋਂ ਬਿਨਾ ਇਹਨਾਂ ਨਾਲ ਕੋਈ ਵੀ ਨਹੀਂ ਗਿਆ, ਜਿਸ ਕਾਰਨ ਇਹਨਾਂ ਨੂੰ ਬਾਸਾ ਦੇ ਰਾਣਾ ਕਾਹਲੋਂ ਧੜੇ ਨਾਲ ਸਾਂਝ ਪਾਉਣੀ ਪਈ। ਰਾਣਾ ਕਾਹਲੋਂ ਬਾਰੇ ਜਾਣ ਪਹਿਚਾਣ ਅਗਲੇ ਦਿਨਾਂ ਵਿੱਚ ਕਰਾਵਾਂਗੇ।

ਸਿੱਖ ਪੰਚਾਇਤ ਦੇ ਸੀਨੀਅਰ ਮੈਂਬਰ ਭਾਈ ਰਾਮ ਸਿੰਘ ਨੇ ਕਿਹਾ ਕਿ ਇਕ ਇਕਰਾਰਨਾਮੇ ਅਧੀਨ ਅਸੀਂ ਇਕੱਠੇ ਹੋਏ ਸੀ ਪਰ ਹੁਣ ਖ਼ਾਲਸਾ ਧੜਾ ਪੰਚਾਇਤ ਨੂੰ ਛੱਡ ਗਿਆ ਹੈ ਪਰ ਗੁਰਦੁਆਰਾ ਸਾਹਿਬ ਤੋਂ ਕਬਜ਼ਾ ਨਹੀਂ ਛੱਡਣਾ ਚਾਹੁੰਦਾ। ਇਹ ਤਿੰਨ ਸੁਪਰੀਮ ਕੌਂਸਲ ਮੈਂਬਰ ਸਿੱਖ ਪੰਚਾਇਤ ਦੇ ਬੈਨਰ ਕਰਕੇ ਹੀ ਪ੍ਰਬੰਧ ਵਿਚ ਆਏ ਸੀ। ਜੇ ਹੁਣ ਇਹ ਪੰਚਾਇਤ ਦੇ ਮੈਂਬਰ ਨਹੀਂ ਤਾਂ ਇਖਲਾਕੀ ਤੌਰ 'ਤੇ ਇਨ੍ਹਾਂ ਨੂੰ ਅਸਤੀਫ਼ੇ ਦੇ ਕੇ ਚੋਣਾਂ ਕਰਾਉਣੀਆਂ ਚਾਹੀਦੀਆਂ ਹਨ, ਜੱਫੇਮਾਰ ਨੀਤੀ ਤਿਆਗਣੀ ਚਾਹੀਦੀ ਹੈ।

# ਪੈਕੋਇਮਾ ਵਿਖੇ ਕੇਸੀਐਫ ਨੇ ਲਗਾਈ ਸਿੱਖ ਇਤਿਹਾਸਕ ਚੀਜ਼ਾਂ ਦੀ ਪ੍ਰਦਰਸ਼ਨੀ







**ਪੈਕੋਇਮਾ/ਏਟੀ ਨਿਊਜ਼ :** ਪੈਕੋਇਮਾ (ਕੈਲੀਫੋਰਨੀਆ) ਦੀ ਖਾਲਸਾ ਕੇਅਰ ਫਾਊਂਡੇਸ਼ਨ (ਕੇਸੀਐਫ) ਨੇ ਸ਼ਨੀਵਾਰ, 24 ਅਗਸਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਿੱਖ ਰਾਜ ਦੀਆਂ ਵਸਤੂਆਂ ਤੇ ਹੋਰ ਇਤਿਹਾਸਕ ਚੀਜ਼ਾਂ ਦੀ ਇਕ ਪ੍ਰਦਰਸ਼ਨੀ ਦਾ ਪ੍ਰਬੰਧ ਕੀਤਾ। ਸ. ਮਨਜੀਤ ਸਿੰਘ ਖਾਲਸਾ, ਜੋ ਸ੍ਰੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਇੰਟਰਨੈਸ਼ਨਲ ਦੇ ਸੰਸਥਾਪਕ ਪ੍ਰਧਾਨ ਹਨ, ਨੇ ਖਾਸ ਕੋਸ਼ਿਸ਼ ਕਰ ਕੇ ਸਿੱਖ ਰਾਜ ਦੀਆਂ ਦੁਰਲੱਭ ਵਸਤਾਂ ਨੂੰ ਪ੍ਰਦਰਸ਼ਨੀ ਦੇ ਰੂਪ ਵਿਚ ਸੰਗਤਾਂ ਦੇ ਦਰਸ਼ਨਾਂ ਲਈ ਲਿਆਂਦਾ।

ਇਸ ਬਾਰੇ ਜਾਣਕਾਰੀ ਦਿੰਦਿਆਂ ਸ. ਗੁਰਬਖਸ਼ ਸਿੰਘ ਨੇ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਕਿ ਪ੍ਰਦਰਸ਼ਨੀ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀਆਂ ਨਿਸ਼ਾਨੀਆਂ ਵੀ ਰੱਖੀਆਂ ਗਈਆਂ ਸਨ। ਇਕ ਮਸ਼ਹੂਰ ਲਿਖਾਰੀ ਭਾਈ ਮਨੀ ਸਿੰਘ ਦੀ ਗੁਰਮੁਖੀ ਵਿਚ ਲਿਖਤ, ਇਕ ਪਿੱਤਲ ਦਾ ਕਮੰਡਲ, ਇਕ ਕਾਂਸੀ ਦਾ ਜਗ, ਇਕ ਪਿੱਤਲ ਦਾ ਗਲਾਸ, ਗਾਗਰ ਅਤੇ ਇਕ ਹੱਥ ਲਿਖਤ ਜਨਮ ਸਾਖੀ ਪ੍ਰਦਰਸ਼ਨੀ ਵਿਚ ਸ਼ਾਮਲ ਸਨ। ਇਸ ਪ੍ਰਦਰਸ਼ਨੀ ਵਿਚ ਗੁਰੂ ਨਾਨਕ ਸਾਹਿਬ ਦੇ ਸਮੇਂ ਦੀ ਪ੍ਰਚਲਿਤ ਸ਼ੈਲੀ ਵਿਚ ਗੁਰਮੁਖੀ ਵਿਚ ਲਿਖੀ ਇਕ ਪੁਰਾਤਨ ਪੰਜ ਗ੍ਰੰਥੀ ਪੋਥੀ 'ਚ ਦਰਸ਼ਕਾਂ ਨੇ ਖਾਸ ਦਿਲਚਸਪੀ ਲਈ। ਇਸੇ ਤਰ੍ਹਾਂ ਹੁਮਾਯੂੰ, ਅਕਬਰ ਅਤੇ ਬਾਬਰ ਦੇ ਰਾਜ ਦੇ ਲਗਭਗ 1526-1605 ਮੁਗਲ ਕਾਲ ਦੇ ਸਿੱਕੇ ਵੀ ਰੱਖੇ ਗਏ। ਗੌਰਤਲਬ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੌਰਾਨ ਬਹੁਤ ਜ਼ਿਆਦਾ ਯਾਤਰਾ ਕੀਤੀ ਅਤੇ ਜਦੋਂ ਉਹ ਕਾਠਮੰਡੂ, ਨੇਪਾਲ ਵਿਚ ਸਨ ਤਾਂ ਉਨ੍ਹਾਂ ਨੂੰ ਬੜੇ ਮਾਣ ਨਾਲ ਸਨਮਾਨਿਤ ਕੀਤਾ ਗਿਆ ਸੀ ਅਤੇ ਉਨ੍ਹਾਂ ਦੇ ਮਾਣ ਵਿਚ ਯਾਦਗਾਰੀ ਸਿੱਕੇ ਜਾਰੀ ਕੀਤੇ ਗਏ ਸਨ, ਜੋ ਪ੍ਰਤਰਸ਼ਨੀ ਵਿਚ ਲੋਕਾਂ ਨੂੰ ਦਿਖਾਏ ਗਏ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਦੀਆਂ ਇਤਿਹਾਸਕ ਚੀਜ਼ਾਂ ਦੀ ਪ੍ਰਦਰਸ਼ਨੀ ਵਿਚ ਹਥਿਆਰਾਂ 'ਚ ਤਲਵਾਰਾਂ ਅਤੇ ਖੰਜਰਾਂ ਸਮੇਤ ਕਈ ਸਾਰੇ ਸ਼ਸਤਰ ਰੱਖੇ ਗਏ ਸਨ। ਇਸ ਤਰ੍ਹਾਂ ਇਸ ਪ੍ਰਦਰਸ਼ਨੀ ਰਾਹੀਂ ਸਿੱਖ ਅਤੇ ਹੋਰ ਭਾਈਚਾਰਿਆਂ ਨੂੰ ਸਿੱਖ ਇਤਿਹਾਸ ਬਾਰੇ ਜਾਣਨ ਅਤੇ ਉਸ ਸਮੇਂ ਦੀਆਂ ਚੀਜ਼ਾਂ ਨੂੰ ਦੇਖਣ ਦਾ ਮੌਕਾ ਮਿਲਿਆ।

# ਸੈਨਹੋਜ਼ੇ ਵਿਚ ਬਾਬ ਢਿਲੋਂ ਗਰੁੱਪ ਦੀ ਹਾਲਤ ਪਤਲੀ

**ਸੈਨਹੋਜ਼ੇ/ ਏਟੀ ਨਿਊਜ਼ :**

ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਿਉਂ-ਜਿਉਂ ਨੇੜੇ ਆ ਰਹੀਆਂ ਹਨ, ਤਿਉਂ-ਤਿਉਂ ਬਾਬ ਢਿਲੋਂ ਗਰੁੱਪ ਦੀ ਹਾਲਤ ਪਤਲੀ ਹੁੰਦੀ ਜਾ ਰਹੀ ਹੈ। ਬਾਬ ਢਿਲੋਂ ਗਰੁੱਪ ਦੇ ਕਈ ਮੈਂਬਰ ਉਸ ਦੇ ਤਾਨਾਸ਼ਾਹੀ ਰਵੱਈਏ ਤੋਂ ਤੰਗ ਆ ਕੇ ਗਰੁੱਪ ਛੱਡ ਕੇ ਸਾਧ ਸੰਗਤ ਸਲੇਟ ਨਾਲ ਆ ਰਲੇ ਹਨ। ਇਸੇ ਤਰ੍ਹਾਂ ਬਾਬ ਢਿਲੋਂ ਵਲੋਂ ਕੀਤੀਆਂ ਜਾ ਰਹੀਆਂ ਆਪਹੁਦਰੀਆਂ ਵੀ ਜੱਗ ਜਾਹਿਰ ਹੋ ਰਹੀਆਂ ਹਨ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਬਾਬ ਢਿੱਲੋਂ ਗਰੁੱਪ ਨੇ ਲੋਕਾਂ ਦੇ ਘਰ ਜਾ ਕੇ ਬਣਾਈਆਂ 300 ਤੋਂ ਵੱਧ ਵੋਟਾਂ ਆਪ ਹੀ ਕੈਂਸਲ ਕਰ ਦਿੱਤੀਆਂ ਹਨ ਕਿਉਂਕਿ ਕੋਰਟ ਨੇ ਉਸ ਨੂੰ ਹੁਕਮ ਦਿੱਤਾ ਸੀ ਕਿ ਹਰੇਕ ਵੋਟਰ ਦੀ ਅਰਜ਼ੀ, ਫੋਟੋ ਅਤੇ ਫੀਸ ਦੇ ਸਬੂਤ ਪੇਸ਼ ਕਰੇ, ਪਰ ਇਸ ਧੜੇ ਕੋਲ ਸਬੂਤ ਨਾ ਹੋਣ ਕਰਕੇ, ਹੁਣ ਉਹ ਵੋਟਾਂ ਕੈਂਸਲ ਕਰਕੇ ਜੱਜ ਨੂੰ ਨਵੀਂ ਲਿਸਟ ਦੇ ਰਹੇ ਹਨ। ਅੰਮ੍ਰਿਤਸਰ ਟਾਈਮਜ਼ ਦੇ ਹੱਥ ਇਕ ਅਜਿਹਾ ਸਬੂਤ ਲੱਗਿਆ ਹੈ ਜਿਸ ਵਿਚ ਸਾਫ਼ ਜਾਹਿਰ ਹੁੰਦਾ ਹੈ ਕਿ ਇਹਨਾਂ ਨੇ ਘਰੋਂ-ਘਰੀਂ ਗੈਰਕਾਨੂੰਨੀ ਤਰੀਕੇ ਨਾਲ ਵੋਟਾਂ ਬਣਾਈਆਂ ਸਨ। ਅਸੀਂ ਉਸ ਦੀ ਪੂਰੀ ਛਾਣਬੀਣ ਕਰਕੇ ਸੰਗਤਾਂ ਅੱਗੇ ਰਿਪੋਰਟ ਪੇਸ਼ ਕਰਾਂਗੇ।

ਬਾਬ ਢਿਲੋਂ ਗਰੁੱਪ ਗੁਰਦੁਆਰਾ ਸਾਹਿਬ ਨੂੰ ਆਪਣੇ ਮੁਫਾਦ ਲਈ ਕਈ ਸਾਲਾਂ ਤੋਂ ਵਰਤਦਾ ਆ ਰਿਹਾ ਹੈ। ਇਸ ਨੇ ਪਹਿਲਾਂ ਅਮਰੀਕਨ ਰਾਜਨੀਤੀ ਵਿਚ ਪੈਰ ਵੀ ਇਥੋਂ ਹੀ ਧਰਿਆ ਪਰ ਉਥੇ ਵੀ ਵੋਟਾਂ ਦੀ ਹੇਰਾਫੇਰੀ ਕਰਨ ਦੇ ਦੋਸ਼ ਇਸ ਉਪਰ ਲੱਗੇ ਸਨ। ਇਸ ਤਰ੍ਹਾਂ ਉਸਾਰੀ ਦੇ ਕੰਮਾਂ ਵਿਚ ਵੀ ਬਾਬ ਢਿਲੋਂ ਨੇ ਕਈ ਤਰ੍ਹਾਂ ਦੀਆਂ ਮਨਮਾਨੀਆਂ ਕੀਤੀਆਂ ਸਨ। ਜਿਨ੍ਹਾਂ ਠੇਕੇਦਾਰਾਂ ਨੂੰ ਗੁਰਦੁਆਰਾ ਸਾਹਿਬ ਦੀ ਉਸਾਰੀ ਦਾ ਠੇਕਾ ਦਿੱਤਾ ਸੀ, ਉਹਨਾਂ ਕੋਲੋਂ ਹੀ ਆਪਣੀਆਂ ਬਿਲਡਿੰਗਾਂ ਬਣਾਈਆਂ ਸਨ। ਪਰ ਜਦੋਂ ਸੰਗਤ ਨੇ ਇਸ ਲਈ ਆਡਿਟ ਦੀ ਮੰਗ ਉਠਾਈ ਤਾਂ ਇਸ ਨੇ ਅੱਜ ਤੱਕ ਕਿਸੇ ਆਜ਼ਾਦ ਏਜੰਸੀ ਤੋਂ ਆਡਿਟ ਨਹੀਂ ਕਰਵਾਇਆ। ਸੰਗਤ ਇਸ ਦੀਆਂ ਇਹਨਾਂ ਕਾਰਵਾਈਆਂ ਤੋਂ ਭਲੀ ਪ੍ਰਕਾਰ ਜਾਣ ਚੁੱਕੀ ਹੈ ਅਤੇ ਸਾਧ ਸੰਗਤ ਸਲੇਟ ਦੇ ਹੱਕ ਵਿਚ ਆ ਖਲੋਤੀ ਹੈ।

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਦਿੱਲੀ 'ਚ ਭਗਤ ਰਵਿਦਾਸ ਮੰਦਿਰ ਨੂੰ ਢਾਹੁਣ ਦਾ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ ਕਰੜਾ ਵਿਰੋਧ

**ਨਿਊਯਾਰਕ/ਹੁਸਨ ਲੜੋਆ ਬੰਗਾ :**
"ਭਾਰਤ ਦੀ ਭਾਜਪਾ ਸਰਕਾਰ ਦੇ ਇਸ਼ਾਰੇ ਤੇ ਦਿੱਲੀ ਦੇ ਤੁਗਲਕਾਬਾਦ ਵਿਚ ਲਗਭਗ 600 ਸਾਲ ਪੁਰਾਣਾ ਭਗਤ ਰਵਿਦਾਸ ਮੰਦਿਰ ਢਾਹੇ ਜਾਣ ਦੀਆਂ ਖਬਰਾਂ ਨੇ ਜਿੱਥੇ ਦਲਿਤ ਭਾਈਚਾਰੇ ਦੇ ਦਿਲਾਂ ਨੂੰ ਭਾਰੀ ਢੇਸ ਪਹੁੰਚਾਈ ਹੈ ਉੱਥੇ ਸਿੱਖ ਭਾਈਚਾਰੇ ਵਿਚ ਵੀ ਇਸ ਦਾ ਵੱਡਾ ਰੋਸ ਪਾਇਆ ਜਾ ਰਿਹਾ ਹੈ। ਸਿੱਖ ਕੋਆਰਡੀਨੇਸ਼ਨ ਕਮੇਟੀ ਇਸ ਘਟੀਆ ਕਾਰਵਾਈ ਦਾ ਸਖਤ ਸ਼ਬਦਾਂ ਵਿਚ ਵਿਰੋਧ ਕਰਦੀ ਹੈ।" ਇਹ ਵਿਚਾਰ ਕਮੇਟੀ ਦੇ ਅਹੁਦੇਦਾਰ ਹਿੰਮਤ ਸਿੰਘ ਨਿਊਯਾਰਕ (ਕੋਆਰਡੀਨੇਟਰ), ਕੇਵਲ ਸਿੰਘ ਸਿੱਧੂ ਪੈਨਸਿਲਵੇਨੀਆਂ (ਖਜਾਨਚੀ), ਹਰਜਿੰਦਰ ਸਿੰਘ ਨਿਊਜਰਸੀ (ਮੀਡੀਆ ਸਪੋਕਸਪਰਸਨ), ਵੀਰ ਸਿੰਘ ਮਾਂਗਟ (ਮੈਂਬਰ), ਦਵਿੰਦਰ ਸਿੰਘ ਦਿਓ ਵਰਜ਼ੀਨੀਆਂ (ਮੈਂਬਰ) ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਜਿਸ ਕਾਰਨ ਹਰ ਸਿੱਖ ਉਨ੍ਹਾਂ ਦੀ ਬਾਣੀ ਨਾਲ ਜੁੜਿਆ ਹੋਇਆ ਹੈ। ਇਸ ਲਈ ਜੇਕਰ ਭਗਤ ਰਵਿਦਾਸ ਜੀ ਦੀ ਕਿਸੇ ਵੀ ਯਾਦਗਾਰ ਨਾਲ ਕੋਈ ਅਣਹੋਣੀ ਹੁੰਦੀ ਹੈ ਤਾਂ ਸਿੱਖ ਭਾਈਚਾਰੇ ਨੂੰ ਦੁੱਖ ਪਹੁੰਚਣਾ ਸੁਭਾਵਿਕ ਹੀ ਹੈ। ਆਗਆੂਾਂ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਇਸ ਕਾਰਵਾਈ ਨੂੰ ਨਹੀਂ ਰੋਕਦੀ ਤਾਂ ਇਸ ਨਾਲ ਸਮੁੱਚੇ ਦੇਸ਼ ਵਿਚ ਹਾਲਾਤ ਖਰਾਬ ਹੋ ਸਕਦੇ ਹਨ ਇਸ ਲਈ ਇਸ ਸਬੰਧੀ ਜਲਦੀ ਤੋਂ ਜਲਦੀ ਰੋਕ ਲਗਾਈ ਜਾਵੇ। ਆਗੂਆਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਆਰ.ਐੱਸ. ਐੱਸ ਦੇ ਇਸ਼ਾਰਿਆਂ ਤੇ ਚੱਲ ਕੇ ਸਮੁੱਚੇ ਭਾਰਤ ਵਿਚ ਹਿੰਦੀ, ਹਿੰਦੂ, ਹਿੰਦੋਸਤਾਨ ਦਾ ਏਜੰਡਾ ਲਾਗੂ ਕਰਨਾ ਚਾਹੁੰਦੀ ਹੈ ਜਦਕਿ ਭਾਰਤ ਵਿਚ ਬਹੁਤ ਸਾਰੇ ਧਰਮਾਂ ਦੇ ਲੋਕ ਵਸਦੇ ਹਨ ਜਿਨ੍ਹਾਂ ਨੂੰ ਅਜ਼ਾਦੀ ਨਾਲ ਜ਼ਿੰਦਗੀ ਜਿਊਣ ਦਾ ਹੱਕ ਮਿਲਣਾ ਚਾਹੀਦਾ ਹੈ।



## ਹੋਟਲਾਂ ਦਾ ਮਾਲਕ ਦਿਨੇਸ਼ ਏਅਰਪੋਰਟ ਤੋਂ ਸੂਟਕੇਸ ਚੋਰੀ ਕਰਨ ਦੇ ਦੋਸ਼ 'ਚ ਗ੍ਰਿਫਤਾਰ

**ਵਾਸ਼ਿਗਟਨ/ਰਾਜ ਗੋਗਨਾ :** ਭਾਰਤੀ ਮੂਲ ਦੇ ਹੋਟਲ ਕਾਰੋਬਾਰੀ ਦਿਨੇਸ਼ ਚਾਵਲਾ ਨੂੰ ਅਮਰੀਕਾ ਦੇ ਮਿਸੀਸਿੱਪੀ ਰਾਜ ਵਿਚ ਮੈਮਫਿਸ( ਟੈਨੇਸੀ ) ਦੇ ਏਅਰਪੋਰਟ ਤੋਂ ਸਮਾਨ ਚੋਰੀ ਕਰਦੇ ਹੋਏ ਫੜਿਆ ਗਿਆ ਹੈ। ਗ੍ਰੀਨਵੁੱਡ 'ਚ ਸਥਿਤ ਚਾਵਲਾ ਹੋਟਲਜ਼ ਦੇ ਸੰਸਥਾਪਕ ਅਤੇ ਸੀਈਓ ਦਿਨੇਸ਼ ਚਾਵਲਾ ਦਾ ਮਿਸੀਸਿੱਪੀ ਰਾਜ 'ਚ ਵੀ 17 ਹੋਟਲਾਂ ਦਾ ਕਾਰੋਬਾਰ ਹੈ। ਉਸ ਨੂੰ ਪਿਛਲੇ ਐਤਵਾਰ ਨੂੰ ਮੈਮਫਿਸ ਏਅਰਪੋਰਟ 'ਤੇ ਬੈਗਜ ਕਲੇਮ ਕਨਵੀਅਰ ਬੈਲਟ ਤੋਂ ਸੂਟਕੇਸ ਚੋਰੀ ਕਰਦੇ ਦੇਖਿਆ ਗਿਆ ਸੀ।ਉਹ ਟਰਮੀਨਲ ਤੋਂ ਬਾਹਰ ਚਲਾ ਗਿਆ ਅਤੇ ਕਿਸੇ ਦਾ ਸੂਟਕੇਸ ਆਪਣੀ ਗੱਡੀ ਵਿੱਚ ਰੱਖ ਲਿਆ। ਉਹ ਫਿਰ ਏਅਰਪੋਰਟ ਵਾਪਸ ਆਇਆ ਅਤੇ ਫਲੋਰਿਡਾ ਲਈ ਇਕ ਫਲਾਈਟ ਵਿਚ ਚੜ੍ਹ ਗਿਆ।ਉਸ ਦੀ ਗੈਰ ਹਾਜ਼ਰੀ ਵਿਚ, ਪੁਲਿਸ ਨੇ ਉਸ ਦੀ ਕਾਰ ਨੂੰ ਜ਼ਬਤ ਕਰ ਲਿਆ। ਜਦੋਂ ਕਾਰ ਦਾ ਦਰਵਾਜ਼ਾ ਖੋਲ੍ਹਿਆ ਅਤੇ ਚੋਰੀ ਕੀਤੇ ਕਈ ਬੈਗ ਖੋਜੇ, ਜਿਨ੍ਹਾਂ ਵਿਚ ਕਈ ਚੀਜ਼ਾਂ ਹਜ਼ਾਰਾਂ ਡਾਲਰ ਦੀਆਂ ਸਨ।ਮੈਮਫਿਸ ਵਾਪਸ ਪਰਤਣ 'ਤੇ ਪੁਲਿਸ ਨੇ ਉਸ ਨੂੰ ਚੋਰੀ ਦੀ ਧਾਰਾ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ। ਜਦੋਂ ਪੁਲਿਸ ਵੱਲੋਂ ਸਖਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਦਿਨੇਸ਼ ਚਾਵਲਾ ਨੇ ਏਅਰਪੋਰਟ ਤੋਂ ਬੈਗ ਚੋਰੀ ਕਰਨ ਦੀ ਗੱਲ ਮੰਨ ਲਈ।



## ਨਿਊਯਾਰਕ ਦੇ ਮੈਨਹਟਨ ਵਿਚ ਰਿਵਾਲਵਰ ਦੀ ਨੋਕ 'ਤੇ ਜਿਊਲਰਜ਼ ਦੀ ਲੁੱਟ

**ਨਿਊਯਾਰਕ/ਰਾਜ ਗੋਗਨਾ :**
ਮਿਡਟਾਊਨ ਮੈਨਹਟਨ ਵਿਚ ਗਹਿਣਿਆਂ ਦੀ ਦੁਕਾਨ ਨੂੰ ਲੁੱਟਣ ਵਾਲੇ ਤਿੰਨ ਕਾਲੇ ਮੂਲ ਦੇ ਵਿਅਕਤੀਆਂ ਦੀ ਪੁਲਿਸ ਭਾਲ ਕਰ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਡਾਇਮੰਡ ਜ਼ਿਲੇ ਵਿੱਚ ਵੈਸਟ 47 ਸਟ੍ਰੀਟ ਮੈਨਹਟਨ ਵਿਖੇ ਇਕ ਗਹਿਣਿਆਂ ਦੇ ਸਟੋਰ ਵਿੱਚ ਦਿਨ ਦਿਹਾੜੇ ਵਾਪਰੀ। ਲੁਟੇਰੇ ਡਾਇਮੰਡ ਡਿਸਟ੍ਰਿਕਟ ਦੇ ਐਨ ਵਿਚਕਾਰ ਇਕ ਗਹਿਣਿਆਂ ਦੀ ਦੁਕਾਨ 'ਚਅਸਲੇ ਸਮੇਤ ਦਾਖਿਲ ਹੋਏ, ਜੋ ਉੱਚੇ ਮੁੱਲ ਦੀਆਂ ਘੜੀਆਂ, ਸੋਨੇ ਦੀਆਂ ਮੁੰਦਰੀਆਂ, ਹਾਰ ਅਤੇ ਹੋਰ ਚਮਕਦਾਰ ਗਹਿਣਿਆਂ ਨਾਲ ਭਰੀ ਹੋਈ ਸੀ। ਉਹਨਾਂ ਨੇ ਇਸ ਨੂੰ ਬਹੁਤ ਹੀ ਵਿਉਤਬੰਦੀ ਨਾਲ ਲੁੱਟਿਆ। ਜਾਂਚਕਰਤਾਵਾਂ ਅਨੁਸਾਰ ਸ਼ੱਕੀ ਵਿਅਕਤੀਆਂ ਨੇ ਦੁਕਾਨ ਦੇ ਮੁਲਾਜ਼ਮਾਂ ਨੂੰ ਪਹਿਲਾਂ ਬੰਨ੍ਹਿਆ ਤੇ ਫਿਰ ਸਟੋਰ ਨੂੰ ਲੁੱਟਿਆ ਅਤੇ ਫਰਾਰ ਹੋ ਗਏ। ਲੁਟੇਰੇ ਪੂਰਾ ਸਟੋਰ ਸਾਫ਼ ਕਰ ਗਏ।
ਸਥਾਨਕ ਪੁਲਿਸ ਦਾ ਕਹਿਣਾ ਹੈ ਕਿ ਉਹ ਲੁੱਟ ਦੇ ਮਾਮਲੇ ਵਿੱਚ ਤਿੰਨ ਕਾਲੇ ਮਰਦਾਂ ਦੀ ਭਾਲ ਕਰ ਰਹੇ ਹਨ, ਜੋ ਸਟੋਰ ਚ ਲੱਗੇ ਸੀਸੀਟੀਵੀ 'ਚ ਕੈਦ ਹੋ ਗਏ ਪਰ ਅਜੇ ਤੱਕ ਕੋਈ ਹੋਰ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ। ਪੁਲਿਸ ਅਜੇ ਕਿਸੇ ਨਤੀਜੇ 'ਤੇ ਨਹੀਂ ਪੁੱਜੀ ਪਰ ਵੱਡੇ ਪੱਧਰ ਉਤੇ ਤਿੰਨਾਂ ਸ਼ੱਕੀ ਲੁਟੇਰਿਆਂ ਦੀ ਭਾਲ ਜਾਰੀ ਹੈ।

## ਥਾਈਲੈਂਡ 'ਚ ਬ੍ਰਿਟਿਸ਼ ਸਿੱਖ ਦੀ ਹੱਤਿਆ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ :**
ਥਾਈਲੈਂਡ ਦੇ ਪ੍ਰਸਿੱਧ ਸੈਰ ਸਪਾਟਾ ਟਾਪੂ ਫੂਕਟ ਦੇ ਇਕ ਹੋਟਲ ਵਿਚ ਨਾਰਵੇ ਦੇ ਇਕ ਵਿਅਕਤੀ ਵੱਲੋਂ ਬ੍ਰਿਟਿਸ਼ ਸਿੱਖ ਨਾਗਰਿਕ ਦੀ ਹੱਤਿਆ ਕਰ ਦੇਣ ਦੀ ਰਿਪੋਰਟ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬ੍ਰਿਟਿਸ਼ ਨਾਗਰਿਕ ਅੰਮ੍ਰਿਤਪਾਲ ਸਿੰਘ ਬਜਾਜ (34 ਸਾਲ) ਛੁੱਟੀਆਂ ਮਨਾਉਣ ਲਈ ਆਪਣੀ ਪਤਨੀ ਤੇ ਇਕ ਬੱਚੇ ਨਾਲ ਹੋਟਲ ਵਿਚ ਠਹਿਰਿਆ ਹੋਇਆ ਸੀ। ਉਸ ਦਾ ਨਾਲ ਵਾਲੇ ਕਮਰੇ ਵਿਚ ਠਹਿਰੇ ਨਾਰਵੇ ਵਾਸੀ ਰੋਜਰ ਬੁਲਮੈਨ (54 ਸਾਲ) ਨਾਲ ਝਗੜਾ ਹੋ ਗਿਆ। ਬੁਲਮੈਨ ਮਾਰਸ਼ਲ ਆਰਟਸ ਮਾਹਿਰ ਹੈ। ਪੁਲਿਸ ਅਨੁਸਾਰ ਬਜਾਜ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਸੀ ਕਿ ਬੁਲਮੈਨ ਬਹੁਤ ਰੌਲਾ ਪਾ ਰਿਹਾ ਹੈ। ਜਦੋਂ ਪੁਲਿਸ ਮੌਕੇ 'ਤੇ ਪੁੱਜੀ ਤਾਂ ਬਜਾਜ ਜ਼ਮੀਨ ਉਪਰ ਡਿੱਗਾ ਪਿਆ ਸੀ। ਉਸ ਦੇ ਨੱਕ ਅਤੇ ਮੂੰਹ ਵਿਚੋਂ ਖ਼ੂਨ ਆ ਰਿਹਾ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਝਗੜੇ ਦੌਰਾਨ ਬਜਾਜ ਨੇ ਵੀ ਬੁਲਮੈਨ ਉਪਰ ਚਾਕੂ ਨਾਲ ਹਮਲਾ ਕੀਤਾ। ਪੁਲਿਸ ਨੇ ਬੁਲਮੈਨ ਨੂੰ ਗ੍ਰਿਫ਼ਤਾਰ ਕਰਕੇ ਇਕ ਸਥਾਨਕ ਅਦਾਲਤ ਵਿਚ ਪੇਸ਼ ਕੀਤਾ ਜਿਥੇ ਉਸ ਨੂੰ ਜ਼ਮਾਨਤ ਉਪਰ ਰਿਹਾਅ ਕਰ ਦਿੱਤਾ ਗਿਆ। ਉਸ ਵਿਰੁੱਧ ਹੱਤਿਆ ਸਮੇਤ ਵੱਖ-ਵੱਖ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜੇਕਰ ਉਸ ਦੇ ਦੋਸ਼ ਸਾਬਤ ਹੋ ਜਾਂਦੇ ਹਨ ਤਾਂ ਉਸ ਨੂੰ 20 ਸਾਲ ਤਕ ਸਜਾ ਹੋ ਸਕਦੀ ਹੈ।




WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

## ਸਿੱਖਾਂ ਨੂੰ ਇਕ ਝੰਡੇ ਹੇਠ ਇਕੱਤਰ ਕਰੇਗੀ ਸ਼੍ਰੋਮਣੀ ਕਮੇਟੀ

**ਸ੍ਰੀ ਆਨੰਦਪੁਰ ਸਾਹਿਬ/ਏਟੀ ਨਿਊਜ਼ :** ਇਥੇ ਤਖ਼ਤ ਕੇਸਗੜ੍ਹ ਸਾਹਿਬ ਦੇ ਮੀਟਿੰਗ ਹਾਲ ਵਿੱਚ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਿੱਖ ਧਰਮ ਨਾਲ ਸਬੰਧਿਤ ਵੱਖ-ਵੱਖ ਸੰਪਰਦਾਵਾਂ ਜਿਨ੍ਹਾਂ ਵਿੱਚ ਵਿਸ਼ੇਸ਼ ਕਰਕੇ ਸਿਕਲੀਗਰ ਵਣਜਾਰੇ, ਨਿਰਮਲ ਸੰਪਰਦਾਵਾਂ, ਉਦਾਸੀਨ, ਸਿੰਧੀ, ਸੇਵਾ ਪੰਥੀ, ਲਾਮੇ, ਦੱਖਣੀ ਸਿੱਖ ਤੇ ਹੋਰ ਸੰਪ੍ਰਦਾਵਾਂ ਦਾ ਵਿਸ਼ਾਲ ਇੱਕਠ 10 ਅਕਤੂਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਕੀਤਾ ਜਾਵੇਗਾ। ਇਹ ਵਿਚਾਰਾਂ ਦਾ ਪ੍ਰਗਟਾਵਾ ਇਥੇ ਸ਼੍ਰੋਮਣੀ ਕਮੇਟੀ ਦੇ ਉਪਰਾਲੇ ਨਾਲ 10 ਅਕਤੂਬਰ ਨੂੰ ਕਰਵਾਏ ਜਾ ਰਹੇ ਵੱਖ-ਵੱਖ ਸੰਪਰਦਾਵਾਂ ਸਬੰਧੀ ਹੋਈ ਮੀਟਿੰਗ ਵਿੱਚ ਬੋਲਦਿਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕੀਤਾ। ਇਸ ਮੌਕੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਵੀ ਮੌਜੂਦ ਸਨ।

## ਸੌਦਾ ਸਾਧ ਦੀ ਚੇਲੀ ਵਿਪਾਸਨਾ ਮੋਸਟ ਵਾਂਟੇਡ ਅਪਰਾਧੀਆਂ ਦੀ ਸੂਚੀ 'ਚੋਂ ਬਾਹਰ

**ਪੰਚਕੂਲਾ/ਏਟੀ ਨਿਊਜ਼ :** 25 ਅਗਸਤ 2017 ਨੂੰ ਪੰਚਕੂਲਾ ਸਥਿਤ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵਲੋਂ ਡੇਰਾ ਸੌਦਾ ਸਾਧ ਨੂੰ ਸਾਧਵੀਆਂ ਨਾਲ ਸਰੀਰਕ ਸ਼ੋਸ਼ਣ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਭੜਕੇ ਦੰਗਿਆਂ ਦੇ ਮਾਮਲੇ ਵਿਚ ਰਾਮ ਰਹੀਮ ਦੀ ਖਾਸ ਤੇ ਡੇਰੇ ਦੀ ਪ੍ਰਬੰਧਕ ਵਿਪਾਸਨਾ ਇੰਸਾਂ ਤੇ ਆਦਿਤਿਆ ਇੰਸਾਂ ਹਾਲੇ ਵੀ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹਨ। ਹੁਣ ਪੁਲਿਸ ਨੇ ਵਿਪਾਸਨਾ ਨੂੰ ਅਤਿ-ਲੋੜੀਂਦੇ ਅਪਰਾਧੀਆਂ ਦੀ ਸੂਚੀ ਵਿਚੋਂ ਬਾਹਰ ਕੱਢ ਦਿੱਤਾ ਹੈ। ਦੂਜੇ ਪਾਸੇ ਜੰਮੂ-ਕਸ਼ਮੀਰ ਦਾ ਰਹਿਣ ਵਾਲਾ ਆਦਿਤਿਆ ਇੰਸਾਂ ਲਗਪਗ ਦੋ ਸਾਲਾਂ ਤੋਂ ਫ਼ਰਾਰ ਚੱਲ ਰਿਹਾ ਹੈ, ਜਿਸ 'ਤੇ ਪੁਲਿਸ ਨੇ 5 ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਹੈ। 25 ਅਗਸਤ ਨੂੰ ਹੋਈ ਹਿੰਸਾ ਦੇ ਮਾਮਲੇ ਵਿਚ ਹਨੀਪ੍ਰੀਤ ਦੀ ਭੂਮਿਕਾ ਸਾਹਮਣੇ ਆਉਣ ਤੋਂ ਬਾਅਦ ਵਿਪਾਸਨਾ ਨੂੰ ਪੰਚਕੂਲਾ ਵਿਖੇ ਪੁੱਛਗਿੱਛ ਲਈ ਬੁਲਾਇਆ ਗਿਆ ਸੀ ਤੇ ਹਨੀਪ੍ਰੀਤ ਦੇ ਸਾਹਮਣੇ ਬਿਠਾ ਕੇ ਉਸ ਤੋਂ ਪੁੱਛਗਿੱਛ ਕੀਤੀ ਗਈ ਸੀ, ਜਿਸ ਦੌਰਾਨ ਦੋਵਾਂ ਵਿਚਕਾਰ ਬਹਿਸ ਵੀ ਹੋਈ ਸੀ। ਪੁਲਿਸ ਨੇ ਜਿਸ ਵਿਪਾਸਨਾ ਨੂੰ ਗ੍ਰਿਫ਼ਤਾਰ ਕਰਨ ਲਈ 8 ਵਾਰ ਛਾਪੇਮਾਰੀ ਕੀਤੀ ਸੀ, ਉਸ ਨੂੰ ਹੁਣ ਮੋਸਟ ਵਾਂਟੇਡ ਦੀ ਸੂਚੀ ਵਿਚੋਂ ਬਾਹਰ ਕੱਢ ਦੇਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ।

## ਕਪੂਰਥਲਾ ਜੇਲ੍ਹ 'ਚੋਂ ਚੱਲ ਰਹੇ ਡਰੱਗ ਦੇ ਨੈੱਟਵਰਕ ਦਾ ਪਰਦਾਫਾਸ਼

**ਫਗਵਾੜਾ/ਏਟੀ ਨਿਊਜ਼ :** ਕਾਊਂਟਰ ਇੰਟੈਲੀਜੈਂਸ ਵਿੰਗ ਜਲੰਧਰ ਤੇ ਜ਼ਿਲ੍ਹਾ ਕਪੂਰਥਲਾ ਦੀ ਪੁਲਿਸ ਨੇ ਕਪੂਰਥਲਾ ਜ਼ਿਲ੍ਹੇ ਦੇ ਫਗਵਾੜਾ ਸਿਟੀ ਖੇਤਰ ਤੋਂ 3 ਤਸਕਰਾਂ ਕੋਲ਼ੋਂ ਹੈਰੋਇਨ ਤੇ ਲੱਖਾਂ ਰੁਪਏ ਦੀ ਡਰੱਗ ਰਾਸ਼ੀ ਜਬਤ ਕਰਕੇ ਅੰਤਰ ਰਾਜੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏਆਈਜੀ ਕਾਊਂਟਰ ਇੰਟੈਲੀਜੈਂਸ ਜਲੰਧਰ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਵਿੰਗ ਨੂੰ ਇਕ ਗੁਪਤ ਸੂਚਨਾ ਮਿਲੀ ਸੀ ਕਿ ਸਿਕੰਦਰ ਕਲਿਆਣ ਅਤੇ ਉਸ ਦਾ ਭਰਾ ਸੂਰਜ ਕਲਿਆਣ ਜੋ ਦਿੱਲੀ ਵਾਸੀ ਨਾਈਜੀਰੀਅਨ ਤਸਕਰਾਂ ਦੇ ਸੰਪਰਕ ਵਿਚ ਹਨ ਤੇ ਦਿੱਲੀ ਨਿਵਾਸੀ ਦੋ ਔਰਤ ਤਸਕਰ ਹੈਰੋਇਨ ਦੀ ਇਕ ਵੱਡੀ ਖੇਪ ਸੂਰਜ ਕਲਿਆਣ ਨੂੰ ਦੇਣ ਆਈਆਂ ਹਨ। ਪੁਲਿਸ ਪਾਰਟੀ ਨੇ ਉਸ ਈਟੀਓਸ ਕਾਰ ਨੂੰ ਸਫਲਤਾਪੂਰਵਕ ਰੋਕ ਕੇ ਕਾਰ ਵਿੱਚੋਂ ਤਿੰਨ ਤਸਕਰਾਂ ਸੂਰਜ ਕਲਿਆਣ ਪੁੱਤਰ ਰੌਸ਼ਨ ਲਾਲ ਵਾਸੀ ਅਲੀ ਮੁਹੱਲਾ, ਫਾਤਿਮਾ ਤੇ ਉਸ ਦੀ ਧੀ ਵਾਸੀ ਮਹਾਂਵੀਰ ਇਨਕਲੇਵ ਦਿੱਲੀ ਨੂੰ ਗ੍ਰਿਫਤਾਰ ਕਰ ਲਿਆ। ਏਆਈਜੀ ਨੇ ਦੱਸਿਆ ਕਿ ਪੁਲਿਸ ਨੂੰ ਇਕ ਵਿਸੇਸ ਰੂਪ ਵਿਚ ਤਿਆਰ ਕੀਤੀ ਡਾਕਟਰ ਕਿੱਟ ਵਿਚ ਛੁਪੀ 400 ਗ੍ਰਾਮ ਹੈਰੋਇਨ ਤੇ 6 ਲੱਖ ਰੁਪਏ ਦੀ ਡਰੱਗ ਰਾਸ਼ੀ ਇਨ੍ਹਾਂ ਤਸਕਰਾਂ ਕੋਲੋਂ ਬਰਾਮਦ ਹੋਈ ਹੈ। ਗ੍ਰਿਫਤਾਰ ਕੀਤੇ ਮੁਲਜਮ ਸੂਰਜ ਦੀ ਮੁੱਢਲੀ ਪੁੱਛਗਿੱਛ ਤੋਂ ਪਤਾ ਚੱਲਿਆ ਕਿ ਉਹ ਅਤੇ ਉਸ ਦਾ ਭਰਾ ਸਿਕੰਦਰ ਪਿਛਲੇ ਕੁਝ ਸਮੇਂ ਤੋਂ ਨਸ਼ਾ ਤਸਕਰੀ ਦਾ ਧੰਦਾ ਕਰ ਰਹੇ ਹਨ।

# ਪੰਜਾਬ ਸਰਕਾਰ ਗੁਰੂ ਨਾਨਕ ਪ੍ਰਕਾਸ਼ ਪੁਰਬ ਕੌਮਾਂਤਰੀ ਪੱਧਰ 'ਤੇ ਮਨਾਏਗੀ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਕੌਮਾਂਤਰੀ ਪੱਧਰ 'ਤੇ ਮਨਾਏ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਦੇ ਜੀਵਨ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਸਬੰਧੀ ਵਿਸ਼ੇਸ਼ ਸਮਾਗਮ ਨਿਊਯਾਰਕ ਸ਼ਹਿਰ ਦੇ ਟਾਈਮਜ਼ ਸਕੁਏਅਰ ਵਿਖੇ ਕਰਵਾਉਣ ਬਾਰੇ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ।

ਇਸ ਸਮਾਗਮ ਵਿਚ ਦੁਨੀਆਂ ਦੀਆਂ ਅਹਿਮ ਸ਼ਖ਼ਸੀਅਤਾਂ ਤੇ ਮਸ਼ਹੂਰ ਸਿੱਖ ਹਸਤੀਆਂ ਨੂੰ ਬੁਲਾਏ ਜਾਣ ਦੇ ਨਾਲ ਇੱਥੇ ਗੁਰੂ ਨਾਨਕ ਦੇਵ ਬਾਰੇ ਲੇਜ਼ਰ ਸ਼ੋਅ ਕਰਵਾਏ ਜਾਣ ਦੀ ਵੀ ਯੋਜਨਾ ਹੈ। ਇੱਕ ਸਿੱਖ ਜਥੇਬੰਦੀ ਨੇ ਟਾਈਮਜ਼ ਸਕੁਏਅਰ ਵਿਚ ਸਮਾਗਮ ਕਰਵਾਉਣ ਦੀ ਪਹਿਲਾਂ ਹੀ ਇਜਾਜ਼ਤ ਲਈ ਹੋਈ ਹੈ ਤੇ ਉਸ ਨੇ ਪੰਜਾਬ ਸਰਕਾਰ ਤੱਕ ਪਹੁੰਚ ਕੀਤੀ ਹੈ। ਇਸ ਸਬੰਧੀ ਸਾਰੀ ਯੋਜਨਾ ਮੁਕੰਮਲ ਹੋਣ ਮਗਰੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਹੋਰ ਸੀਨੀਅਰ ਮੰਤਰੀਆਂ ਦੇ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਆਸ ਹੈ। ਨਿਊਯਾਰਕ ਤੋਂ ਇਲਾਵਾ ਸਰਕਾਰ ਵੱਲੋਂ ਅਮਰੀਕਾ, ਬਰਤਾਨੀਆ, ਕੈਨੇਡਾ, ਇਟਲੀ, ਜਰਮਨੀ ਤੇ ਆਸਟਰੇਲੀਆ ਦੇ ਕਈ ਹੋਰਨਾਂ ਸ਼ਹਿਰਾਂ ਵਿੱਚ ਵੀ ਸਮਾਗਮ ਕਰਾਉਣ ਦੀ ਯੋਜਨਾ ਹੈ। ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰ ਮਾਮਲਿਆਂ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ, 'ਸਤੰਬਰ ਮਹੀਨੇ ਸੁਲਤਾਨਪੁਰ ਲੋਧੀ ਵਿਚ ਕਰਵਾਏ ਜਾਣ ਵਾਲੇ ਮੁੱਖ ਸਮਾਗਮ ਤੋਂ ਇਲਾਵਾ ਕੌਮਾਂਤਰੀ ਪੱਧਰ 'ਤੇ ਸਮਾਗਮ ਕਰਵਾਉਣ ਦਾ ਮਕਸਦ ਸਿੱਖ ਧਰਮ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਗੁਰੂ ਨਾਨਕ ਦੇਵ ਦੇ ਭਾਈਚਾਰਕ ਸਾਂਝ ਤੇ ਮਨੁੱਖਤਾ ਦੇ ਸੁਨੇਹੇ ਦਾ ਪ੍ਰਚਾਰ ਕਰਨਾ ਹੈ।' ਪੰਜਾਬ ਸਰਕਾਰ ਵੱਲੋਂ ਦੁਨੀਆਂ ਭਰ ਵਿੱਚ ਵੱਖ ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੇ 550 ਸਿੱਖਾਂ ਦੀ ਸ਼ਨਾਖਤ ਵੀ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਇਨ੍ਹਾਂ ਸਮਾਗਮਾਂ ਦੌਰਾਨ ਸਨਮਾਨਿਆ ਜਾਵੇਗਾ।

### ਵਿਧਾਨ ਸਭਾ ਦਾ ਇੱਕ ਰੋਜ਼ਾ ਸੈਸ਼ਨ ਹੋਵੇਗਾ ਸਮਾਗਮ ਨੂੰ ਸਮਰਪਿਤ

ਪੰਜਾਬ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦਾ ਇੱਕ ਰੋਜ਼ਾ ਸੈਸ਼ਨ ਗੁਰੂ ਨਾਨਕ ਦੇਵ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤਾ ਜਾਵੇਗਾ। ਪੰਜਾਬ ਸਰਕਾਰ ਇਸ ਵਿਸ਼ੇਸ਼ ਸੈਸ਼ਨ ਨੂੰ ਸੰਬੋਧਨ ਕਰਨ ਲਈ ਦੇਸ਼ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਸੱਦਾ ਦੇਣ 'ਤੇ ਵਿਚਾਰ ਕਰ ਰਹੀ ਹੈ। ਵਿਧਾਨ ਸਭਾ ਦਾ ਇਹ ਵਿਸ਼ੇਸ਼ ਸੈਸ਼ਨ ਸੁਲਤਾਨਪੁਰ ਲੋਧੀ ਵਿਚ ਹੋਣ ਵਾਲੇ ਮੁੱਖ ਸਮਾਗਮ ਤੋਂ ਵੱਖਰੇ ਤੌਰ 'ਤੇ ਕਰਵਾਇਆ ਜਾਵੇਗਾ।

# ਮੁੱਖ ਮੰਤਰੀ ਵਲੋਂ ਦਿੱਲੀ ਵਿਖੇ ਕਾਨੂੰਨੀ ਮਾਹਿਰਾਂ ਤੇ ਵਕੀਲਾਂ ਨਾਲ ਵਿਚਾਰਾਂ

## *ਪਾਣੀਆਂ ਬਾਰੇ ਸੁਪਰੀਮ ਕੋਰਟ ਵਿਚ ਤਰੀਕ ਦੇ ਮੱਦੇਨਜ਼ਰ ਸਲਾਹ ਮਸ਼ਵਰਾ*

**ਚੰਡੀਗੜ੍ਹ/ਏਟੀ ਨਿਊਜ਼ :**

ਸੁਪਰੀਮ ਕੋਰਟ ਵਲੋਂ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਨੂੰ ਆਪਸ ਵਿਚ ਰਜ਼ਾਮੰਦੀ ਬਣਾਉਣ ਲਈ 3 ਸਤੰਬਰ 2019 ਤੱਕ ਦੀ ਅੰਤਿਮ ਸਮਾਂ ਸੀਮਾ (ਡੈੱਡਲਾਈਨ) ਨੂੰ ਲੈ ਕੇ ਪੰਜਾਬ ਸਰਕਾਰ ਕਾਫ਼ੀ ਚਿੰਤਤ ਨਜ਼ਰ ਆ ਰਹੀ ਹੈ। ਸੁਪਰੀਮ ਕੋਰਟ ਵਲੋਂ ਦੋਨਾਂ ਸੂਬਿਆਂ ਨੂੰ ਆਦੇਸ਼ ਦਿੱਤੇ ਗਏ ਸਨ ਕਿ ਜੇਕਰ ਉਹ ਰਜ਼ਾਮੰਦੀ ਬਣਾਉਣ ਵਿਚ ਅਸਮਰਥ ਸਾਬਤ ਹੁੰਦੇ ਹਨ ਤਾਂ ਅਦਾਲਤ ਆਪਣਾ ਫ਼ੈਸਲਾ ਸੁਣਾ ਦੇਵੇਗੀ। ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਨਵੰਬਰ 2016 ਵਿਚ ਕੇਂਦਰ ਨੂੰ ਆਦੇਸ਼ ਦਿੱਤੇ ਸਨ ਕਿ ਕਿਸੇ ਕੇਂਦਰੀ ਏਜੰਸੀ ਰਾਹੀਂ ਇਸ ਨਹਿਰ ਦਾ ਕੰਮ ਪੂਰਾ ਕਰਵਾਉਣ ਦੀ ਜ਼ਿੰਮੇਵਾਰੀ ਦਿੱਤੀ ਜਾਵੇ। ਪਰ ਪੰਜਾਬ ਸਰਕਾਰ ਵਲੋਂ ਸੁਪਰੀਮ ਕੋਰਟ ਵਿਚ ਇਸ ਤੋਂ



ਬਾਅਦ ਦਾਇਰ ਕੀਤੀਆਂ ਪਟੀਸ਼ਨਾਂ ਨੂੰ ਸੁਪਰੀਮ ਕੋਰਟ ਨੇ ਇਹ ਕਹਿ ਕੇ ਰੱਖਿਆ ਹੋਇਆ ਹੈ ਕਿ ਪਹਿਲਾਂ ਰਾਜ ਸਰਕਾਰ ਸੁਪਰੀਮ ਕੋਰਟ ਵਲੋਂ ਨਹਿਰ ਬਣਾਉਣ ਸਬੰਧੀ ਲਏ ਫ਼ੈਸਲੇ 'ਤੇ ਅਮਲ ਕਰੇ। ਜਦਕਿ ਰਾਜ ਸਰਕਾਰ ਦਾ ਇਹ ਕਹਿਣਾ ਹੈ ਕਿ ਇਸ ਨਹਿਰ ਲਈ ਪ੍ਰਾਪਤ ਕੀਤੀ ਜ਼ਮੀਨ ਕਿਸਾਨਾਂ ਨੂੰ ਵਾਪਸ ਕਰ ਦਿੱਤੀ ਗਈ ਹੈ ਅਤੇ ਬਣੀ ਇਸ ਨਹਿਰ ਦਾ ਹਿੱਸਾ ਵੀ ਤਕਰੀਬਨ ਖ਼ਤਮ ਹੋ ਚੁੱਕਾ ਹੈ ਅਤੇ ਨਾ ਹੀ ਪੰਜਾਬ ਕੋਲ ਇਸ ਨਹਿਰ ਵਿਚ ਦੇਣ ਲਈ ਕੋਈ ਪਾਣੀ ਉਪਲਬਧ ਹੈ। ਪਰ ਸੁਪਰੀਮ ਕੋਰਟ ਵਲੋਂ 3 ਸਤੰਬਰ ਦੀ 'ਡੈਡ ਲਾਈਨ' ਦੱਸਦਿਆਂ ਇਸ ਸਬੰਧੀ ਆਪਣਾ ਫ਼ੈਸਲਾ ਦੇਣ ਸਬੰਧੀ ਜੋ ਸੰਕੇਤ ਦਿੱਤਾ ਗਿਆ ਸੀ, ਉਸ ਤੋਂ ਰਾਜ ਸਰਕਾਰ ਵਲੋਂ ਇਹ ਮਹਿਸੂਸ ਜ਼ਰੂਰ ਕੀਤਾ ਜਾ ਰਿਹਾ ਹੈ ਕਿ ਪੰਜਾਬ ਨੂੰ ਐੱਸ.ਵਾਈ.ਐੱਲ. ਮੁੱਦੇ 'ਤੇ ਦੁਬਾਰਾ ਸੰਕਟ ਵਾਲੀਆਂ ਘੜੀਆਂ ਵੇਖਣੀਆਂ ਪੈ ਸਕਦੀਆਂ ਹਨ। ਕੈਪਟਨ ਜੋ ਮਗਰਲੇ 2 ਦਿਨਾਂ ਤੋਂ ਇਸ ਮੰਤਵ ਲਈ ਦਿੱਲੀ ਵਿਖੇ ਸਨ, ਵਲੋਂ ਇਸ ਕੇਸ ਵਿਚ ਰਾਜ ਦੇ ਵਕੀਲਾਂ ਤੇ ਕਾਨੂੰਨੀ ਮਾਹਿਰਾਂ ਨਾਲ ਇਸ ਮੁੱਦੇ 'ਤੇ ਵਿਚਾਰ ਵਟਾਂਦਰੇ ਕੀਤੇ ਗਏ। ਦੱਸਣਯੋਗ ਹੈ ਕਿ ਐਸ.ਵਾਈ.ਐਲ. ਮੁੱਦੇ 'ਤੇ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਮੁੱਖ ਸਕੱਤਰਾਂ ਦੀ ਮੀਟਿੰਗ ਹੋਈ ਸੀ, ਜਿਸ ਵਿਚ ਕੋਈ ਨਤੀਜਾ ਨਹੀਂ ਨਿਕਲਿਆ ਸੀ।

# ਸੁਨਾਰੀਆ ਜੇਲ੍ਹ ਵਿਚ ਸੌਦਾ ਸਾਧ ਹੁਣ ਤੰਗ ਹੋਇਆ

**ਚੰਡੀਗੜ੍ਹ/ਏਟੀ ਨਿਊਜ਼ :**

ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸੁਨਾਰੀਆ ਜੇਲ੍ਹ ਵਿਚ ਸਜ਼ਾ ਕੱਟਦੇ ਹੋਏ ਨੂੰ ਦੋ ਸਾਲ ਹੋ ਗਏ ਹਨ ਤੇ ਹੁਣ ਨੂੰ ਉਨ੍ਹਾਂ ਦੀ ਸਜ਼ਾ ਤੀਸਰੇ ਸਾਲ ਵਿਚ ਪ੍ਰਵੇਸ਼ ਕਰ ਗਈ ਹੈ। ਸੌਦਾ ਸਾਧ ਨੂੰ ਦੋ ਸਾਧਵੀਆਂ ਨਾਲ ਸਰੀਰਕ ਸ਼ੋਸ਼ਣ ਦੇ ਮਾਮਲੇ ਵਿਚ 25 ਅਗਸਤ 2017 ਨੂੰ ਦੋਸ਼ੀ ਠਹਿਰਾਇਆ ਗਿਆ ਸੀ ਤੇ ਉਸ ਨੂੰ ਪੰਚਕੂਲਾ ਸੀ.ਬੀ.ਆਈ. ਅਦਾਲਤ ਤੋਂ ਸਿੱਧਾ ਰੋਹਤਕ ਜ਼ਿਲ੍ਹੇ ਦੀ ਸੁਨਾਰੀਆ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਡੇਰਾ ਮੁਖੀ ਨੂੰ ਸੀ.ਬੀ.ਆਈ. ਅਦਾਲਤ ਨੇ ਸੁਨਾਰੀਆ ਜੇਲ੍ਹ ਵਿਚ ਅਦਾਲਤ ਲਗਾ ਕੇ 20 ਸਾਲ ਦੀ ਸਜ਼ਾ ਸੁਣਾਈ ਸੀ, ਉਦੋਂ ਤੋਂ ਉਹ ਜੇਲ੍ਹ ਵਿਚ ਹੀ ਬੰਦ ਹੈ। ਇਸ ਸਜ਼ਾ ਤੋਂ ਬਾਅਦ ਸੌਦਾ ਸਾਧ ਨੂੰ ਸਿਰਸਾ ਦੇ ਪੱਤਰਕਾਰ ਛਤਰਪਤੀ ਹੱਤਿਆ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਤੇ ਅਦਾਲਤ ਨੇ ਇਹ ਵੀ ਕਿਹਾ ਕਿ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ



ਵਿਚ ਮਿਲੀ 20 ਸਾਲ ਦੀ ਸਜ਼ਾ ਪੂਰੀ ਹੋਣ ਤੋਂ ਬਾਅਦ ਛਤਰਪਤੀ ਹੱਤਿਆ ਮਾਮਲੇ ਦੀ ਸਜ਼ਾ ਸ਼ੁਰੂ ਹੋਵੇਗੀ। ਡੇਰਾ ਮੁਖੀ ਆਪਣੇ ਸਥਾਨ 'ਤੇ ਕਿਸੇ ਹੋਰ ਨੂੰ ਡੇਰੇ ਦੀ ਗੱਦੀ ਸੌਂਪਣ ਦੇ ਮੂਡ ਵਿਚ ਨਹੀਂ ਹੈ। ਇਸ ਦੌਰਾਨ ਡੇਰਾ ਮੁਖੀ ਨੇ 2-3 ਵਾਰ ਪੈਰੋਲ ਲੈਣ ਦਾ ਵੀ ਯਤਨ ਕੀਤਾ, ਪਰ ਸਫ਼ਲਤਾ ਨਹੀਂ ਮਿਲੀ। 2 ਸਾਲ ਪਹਿਲਾਂ ਸੌਦਾ ਸਾਧ ਜਦੋਂ ਸੁਨਾਰੀਆ ਜੇਲ੍ਹ ਆਇਆ ਸੀ ਤਾਂ ਉਸ ਦੀ ਦਾੜ੍ਹੀ ਤੇ ਸਿਰ ਦੇ ਸਾਰੇ ਵਾਲ ਕਾਲੇ ਸੀ, ਪਰ ਜੇਲ੍ਹ ਵਿਚ ਦਾੜੀ ਰੰਗਣ ਦਾ ਮੌਕਾ ਨਾ ਮਿਲਣ ਕਾਰਨ ਹੁਣ ਦਾੜ੍ਹੀ ਲਗਪਗ ਪੂਰੀ ਤਰ੍ਹਾਂ ਚਿੱਟੀ ਹੋ ਗਈ ਹੈ।

ਮੁੜ ਹਾਈਕੋਰਟ ਦਾ ਝਟਕਾ-

ਬਲਾਤਕਾਰੀ ਸੌਦਾ ਸਾਧ ਨੇ ਬੀਤੇ ਦਿਨੀਂ ਪੰਜਾਬ ਹਰਿਆਣਾ ਹਾਈਕੋਰਟ ਵਿਚ ਆਪਣੀ ਪੈਰੋਲ ਦੀ ਚੌਥੀ ਅਰਜ਼ੀ ਪਾਈ ਸੀ। ਇਸ ਨੂੰ ਅਦਾਲਤ ਨੇ ਇਸ ਵਾਰ ਵੀ ਖਾਰਜ ਕਰ ਦਿੱਤਾ ਹੈ। ਹਾਈਕੋਰਟ ਨੇ ਕਾਨੂੰਨੀ ਵਿਵਸਥਾ ਨੂੰ ਵੇਖਦੇ ਹੋਏ ਸਾਧ ਦੀ ਪੈਰੋਲ ਅਰਜ਼ੀ ਰੱਦ ਕਰ ਦਿੱਤੀ ਹੈ।

ਹਾਈਕੋਰਟ ਨੇ ਕਿਹਾ ਕਿ ਪੰਚਕੂਲਾ ਵਿਚ 2017 ਅਗਸਤ ਵਿਚ ਹੋਏ ਦੰਗਿਆਂ ਨੂੰ ਦੇਖਦੇ ਹੋਏ ਸੌਦਾ ਸਾਧ ਨੂੰ ਪੈਰੋਲ ਨਹੀਂ ਦਿੱਤੀ ਜਾ ਸਕਦੀ। ਪੈਰੋਲ ਦੀ ਅਰਜ਼ੀ ਉਸ ਦੀ ਪਤਨੀ ਹਰਜੀਤ ਕੌਰ ਨੇ ਲਾਈ ਸੀ।

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਉਘੇ ਸਮਾਜ ਸੇਵੀ ਸ. ਕਰਮਜੀਤ ਸਿੰਘ ਬਾਠ ਨਮਿੱਤ ਅੰਤਿਮ ਅਰਦਾਸ ਅਤੇ ਭੋਗ 31 ਅਗਸਤ ਨੂੰ

**ਫਤਿਹਗੜ੍ਹ ਸਾਹਿਬ/ਮੱਖਣ ਸਿੰਘ ਕਲੇਰ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦੇ ਸਕੱਤਰ ਜਨਰਲ ਸ. ਰੁਪਿੰਦਰ ਸਿੰਘ ਬਾਠ ਦੇ ਪੂਜਨੀਕ ਪਿਤਾ ਸ. ਕਰਮਜੀਤ ਸਿੰਘ ਬਾਠ ਜੋ ਕਿ 22 ਅਗਸਤ ਦਿਨ ਵੀਰਵਾਰ ਨੂੰ ਅਕਾਲ ਚਲਾਣਾ ਕਰ ਗਏ ਸਨ, ਨਮਿੱਤ ਅੰਤਿਮ ਅਰਦਾਸ



ਅਤੇ ਸਹਿਜ ਪਾਠ ਦੇ ਭੋਗ 31 ਅਗਸਤ, ਦਿਨ ਸ਼ਨਿੱਚਰਵਾਰ ਨੂੰ 12:00 ਵਜੇ ਤੋਂ 1:00 ਵਜੇ ਗੁਰਦੁਆਰਾ ਸਾਹਿਬ ਮੋਤੀ ਰਾਮ ਮਹਿਰਾ ਜੀ ਫਤਿਹਗੜ੍ਹ ਸਾਹਿਬ ਵਿਖੇ ਪਵੇਗਾ। ਸ. ਕਰਮਜੀਤ ਸਿੰਘ ਬਾਠ ਪਿੰਡ ਤਲਾਣੀਆਂ, ਜਿਲ੍ਹਾ ਫਤਿਹਗੜ੍ਹ ਸਾਹਿਬ ਦੇ ਰਹਿਣ ਵਾਲੇ ਸਨ। ਉਨਾਂ ਦੀ ਉਮਰ 84 ਸਾਲ ਦੀ ਸੀ। ਸ. ਕਰਮਜੀਤ ਸਿੰਘ ਬਾਠ ਉਘੇ ਸਮਾਜ ਸੇਵੀ ਸਨ। ਉਹ ਮਨੁੱਖੀ ਅਧਿਕਾਰ ਮੰਚ ਪੰਜਾਬ (ਇੰਡੀਆ) ਦੇ ਪ੍ਰਧਾਨ ਰਹਿ ਚੁੱਕੇ ਹਨ। ਗਰੀਬ ਬੱਚਿਆਂ ਦੀ ਪੜ੍ਹਾਈ, ਲੜਕੀਆਂ ਦੇ ਵਿਆਹ ਕਰਨ ਆਦਿ ਸਮੇਤ ਉਹ ਆਪਣੇ ਇਲਾਕੇ ਵਿੱਚ ਹਰ ਲੋੜਵੰਦ ਦੀ ਮਦਦ ਕਰਦੇ ਸਨ। ਉਹ ਆਪਣੇ ਪਿੱਛੇ ਆਪਣੀ ਧਰਮ ਪਤਨੀ ਬੀਬੀ ਹਰਬੰਸ ਕੌਰ ਬਾਠ ਤੇ ਚਾਰ ਪੁੱਤਰ, ਸਭ ਤੋਂ ਵੱਡੇ ਸ. ਰਵਿੰਦਰ ਸਿੰਘ ਬਾਠ, ਰੁਪਿੰਦਰ ਸਿੰਘ ਬਾਠ, ਆਗਿਆਪਾਲ ਸਿੰਘ ਬਾਠ ਤੇ ਸਭ ਤੋਂ ਛੋਟੇ ਲਾਡਵਿੰਦਰ ਸਿੰਘ ਬਾਠ ਅਤੇ ਚਾਰ ਨੂੰਹਾਂ ਤੇ ਪੋਤੇ-ਪੋਤੀਆਂ ਨਾਲ ਭਰਿਆ ਪਰਿਵਾਰ ਛੱਡ ਗਏ ਹਨ। ਬਾਠ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਮਾਨ ਦੇ ਨਜਦੀਕੀ ਪਰਿਵਾਰ ਵਿੱਚੋਂ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਸਮੁੱਚੀ ਜਥੇਬੰਦੀ ਬਾਠ ਪਰਿਵਾਰ ਦੇ ਦੁੱਖ ਵਿੱਚ ਸ਼ਾਮਿਲ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਸ. ਕਰਮਜੀਤ ਸਿੰਘ ਬਾਠ ਦੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

## ਨਸ਼ਾ ਰੋਕਣ ਦੇ ਪੰਜਾਬ ਸਰਕਾਰ ਦੇ ਯਤਨਾਂ ਤੋਂ ਅਸੰਤੁਸ਼ਟ ਹਾਈ ਕੋਰਟ

**ਚੰਡੀਗੜ੍ਹ/ਏਟੀ.ਨਿਊਜ਼ :** ਪੰਜਾਬ ਵਿਚ ਨਸ਼ਿਆਂ ਦੇ ਕਾਰੋਬਾਰ ’ਤੇ ਨੱਥ ਪਾਉਣ ਵਿਚ ਪੰਜਾਬ ਸਰਕਾਰ ਦੇ ਯਤਨਾਂ ਤੋਂ ਅਸੰਤੁਸ਼ਟ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਮਾਮਲੇ ’ਚ ਪੰਜਾਬ ਦੇ ਪੁਲਿਸ ਮੁਖੀ ਨੂੰ ਅਦਾਲਤ ਵਿਚ ਤਲਬ ਕਰ ਲਿਆ ਹੈ।

## ਜੰਮੂ-ਕਸ਼ਮੀਰ ਦਾ ਵੱਖਰਾ ਝੰਡਾ ਹਟਾ ਦਿੱਤਾ

**ਸ੍ਰੀਨਗਰ/ਏਟੀ ਨਿਊਜ਼ :** ਜੰਮੂ-ਕਸ਼ਮੀਰ ਦਾ ਵਿਸ਼ੇਸ਼ ਰਾਜ ਦਾ ਦਰਜਾ ਖਤਮ ਕਰਨ ਦੇ ਬਾਅਦ ਐਤਵਾਰ ਇਥੇ ਸੂਬਾ ਸਕੱਤਰੇਤ ਵਿਚ ਜੰਮੂ-ਕਸ਼ਮੀਰ ਦਾ ਵੱਖਰਾ ਝੰਡਾ ਹਟਾ ਦਿੱਤਾ ਗਿਆ। ਹੁਣ ਸਿਰਫ ਤਿਰੰਗਾ ਹੀ ਲਹਿਰਾਏਗਾ। ਅਫਸਰਾਂ ਨੇ ਦੱਸਿਆ ਕਿ ਹੁਣ ਸਾਰੀਆਂ ਸਰਕਾਰੀ ਇਮਾਰਤਾਂ ‘ਤੇ ਤਿਰੰਗਾ ਹੀ ਲਹਿਰਾਏਗਾ।

## ਗੁਰੂ ਨਾਨਕ ਸਪੋਰਟਸ ਕਲੱਬ ਨੇ ਬਾਸਕਟਬਾਲ ਮੁਕਾਬਲੇ ਕਰਵਾਏ



**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਗੁਰੂ ਨਾਨਕ ਸਪੋਰਟਸ ਕਲੱਬ ਸੈਨਵਾਕੀਨ ਅਤੇ ਕਰਮਨ ਵੱਲੋਂ ਦੋ ਦਿਨਾ ਟੂਰਨਾਮੈਂਟ ਦੌਰਾਨ ਕਰਮਨ ਹਾਈ ਸਕੂਲ ਵਿੱਚ ਅੰਡਰ 18 ਸਾਲ ਅਤੇ ਉਪਨ ਬਾਸਕਟ ਬਾਲ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਵਿੱਚ ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ 15 ਤੋਂ ਵਧੀਕ ਟੀਮਾਂ ਨੇ ਹਿੱਸਾ ਲਿਆ। ਇਸ ਤੋਂ ਇਲਾਵਾ ਛੋਟੇ ਬੱਚਿਆ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ 10 ਸਾਲ ਅਤੇ ਅੰਡਰ ਦਾ ਮੈਚ ਵੀ ਕਰਵਾਇਆ ਗਿਆ। ਇਸ ਦੌਰਾਨ ਬੱਚਿਆਂ ਨੇ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਦਿੱਤੇ ਗਏ। ਇਸ ਸਮੇਂ ਬੱਚਿਆਂ ਦੇ ਮਾਪਿਆਂ ਵਿੱਚ ਵੀ ਖੇਡਾਂ ਪ੍ਰਤੀ ਦਿਲਚਸਪੀ ਨਜ਼ਰ ਆ ਰਹੀ ਸੀ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਗੁਰੂ ਨਾਨਕ ਸਪੋਰਟਸ ਕਲੱਬ 1970 ਦੇ ਦਹਾਕੇ ਤੋਂ ਲਗਾਤਾਰ ਕਬੱਡੀ ਟੂਰਨਾਮੈਂਟ ਅਤੇ ਹੋਰ ਖੇਡਾਂ ਦੇ ਮੁਕਾਬਲੇ ਕਰਵਾਉਂਦਾ ਆ ਰਿਹਾ ਹੈ। ਹੁਣ ਬੱਚਿਆਂ ਦੇ ਖੇਡਾਂ ਵੱਲ ਘਟ ਰਹੇ ਰੁਝਾਨ ਨੂੰ ਦੇਖਦੇ ਹੋਏ ਪ੍ਰਬੰਧਕਾਂ ਵੱਲੋਂ ਇਹ ਸਪੈਸ਼ਲ ਬਾਸਕਟਬਾਲ ਟੂਰਨਾਮੈਂਟ ਕਰਵਾਉਣ ਦਾ ਉਪਰਾਲਾ ਕੀਤਾ ਗਿਆ ਹੈ, ਜਿਸ ਦਾ ਮਕਸਦ ਹੈ ਕਿ ਨਵੀਂ ਪੀੜੀ ਨੂੰ ਘਰ ਦੀ ਚਾਰ ਦੀਵਾਰੀ ਅੰਦਰ ਵੀਡੀਉ ਗੇਮਾਂ ਤੋਂ ਬਾਹਰ ਕੱਢ ਕੇ ਸਰੀਰਕ ਖੇਡਾਂ ਵੱਲ ਤੋਰਿਆ ਜਾਵੇ। ਇਸ ਨਾਲ ਬੱਚਿਆਂ ਵਿੱਚ ਸਰੀਰਕ ਤੰਦਰੁਸਤੀ ਦੇ ਨਾਲ ਨਾਲ ਆਪਸੀ ਭਾਈਚਾਰਕ ਸਾਂਝ ਵੀ ਵਧੇਗੀ। ਇਸ ਸਮੁੱਚੇ ਟੂਰਨਾਮੈਂਟ ਦੀ ਸਫਲਤਾ ਲਈ ਸਮੂਹ ਪ੍ਰਬੰਧਕ ਵਧਾਈ ਦੇ ਪਾਤਰ ਹਨ, ਜਿਨ੍ਹਾਂ ਦੀ ਮਿਹਨਤ ਨਾਲ ਇਹ ਦੋ ਦਿਨਾਂ ਬਾਸਕਟਬਾਲ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ।

## ਕਸ਼ਮੀਰ ’ਚ ਰੋਕਾਂ ਖਿਲਾਫ ਆਈਏਐਸ ਦੀ ਨੌਕਰੀ ਨੂੰ ਮਾਰੀ ਲੱਤ

**ਨਵੀਂ ਦਿੱਲੀ/ਏਟੀ ਨਿਊਜ਼ :** ਆਈਏਐਸ ਦੇ ਕੇਰਲਾ ਕਾਡਰ ਦੇ ਅਫਸਰ ਕੰਨਣ ਗੋਪੀਨਾਥਨ ਨੇ ਜੰਮੂ-ਕਸ਼ਮੀਰ ਵਿਚ ਅਣਐਲਾਨੀ ਐਮਰਜੈਂਸੀ ਖਿਲਾਫ ਬੋਲਣ ਲਈ ਦੇਸ਼ ਦੀ ਸਭ ਤੋਂ ਵਕਾਰੀ ਮੰਨੀ ਜਾਣ ਵਾਲੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਹੈ। ਪੰਜ ਅਗਸਤ ਨੂੰ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਖਤਮ ਕਰਕੇ ਉਥੇ ਚੱਪੇ-ਚੱਪੇ ‘ਤੇ ਸੁਰੱਖਿਆ ਬਲ ਤਾਇਨਾਤ ਕਰ ਦਿੱਤੇ ਗਏ ਤੇ ਸੰਚਾਰ ਸੇਵਾਵਾਂ ਪੂਰੀ ਤਰ੍ਹਾਂ ਬੰਦ ਕਰ ਦਿੱਤੀਆਂ ਗਈਆਂ ਸਨ। ਗੋਪੀਨਾਥਨ ਨੇ ਕਿਹਾ, ‘ਇਹ ਯਮਨ ਨਹੀਂ ਹੈ, ਇਹ 1970 ਦੇ ਦਹਾਕੇ ਦਾ ਦੌਰ ਨਹੀਂ ਹੈ, ਜਿਸ ਵਿਚ ਤੁਸੀਂ ਪੂਰੇ ਲੋਕਾਂ ਨੂੰ ਬੁਨਿਆਦੀ ਅਧਿਕਾਰ ਤੋਂ ਮਹਿਰੂਮ ਕਰ ਦਿਓਗੇ ਤੇ ਕੋਈ ਕੁਝ ਨਹੀਂ ਬੋਲੇਗਾ। ਇਕ ਪੂਰੇ ਇਲਾਕੇ ਵਿਚ ਹਰ ਤਰ੍ਹਾਂ ਦੀਆਂ ਰੋਕਾਂ ਲਾ ਕੇ ਉਸ ਨੂੰ ਪੂਰੀ ਤਰ੍ਹਾਂ ਬੰਦ ਕੀਤੇ ਹੋਏ ਤਿੰਨ ਹਫਤੇ ਹੋ ਗਏ ਹਨ। ਮੈਂ ਇਸ ‘ਤੇ ਚੁੱਪ ਨਹੀਂ ਬੈਠ ਸਕਦਾ, ਚਾਹੇ ਖੁੱਲ੍ਹ ਕੇ ਬੋਲਣ ਦੀ ਅਜ਼ਾਦੀ ਲਈ ਮੈਨੂੰ ਆਈਏਐਸ ਤੋਂ ਹੀ ਅਸਤੀਫਾ ਕਿਉਂ ਨਾ ਦੇਣਾ ਪਏ ਤੇ ਮੈਂ ਉਹੀ ਕਰਨ ਜਾ ਰਿਹਾ ਹਾਂ।‘

ਗੋਪੀਨਾਥਨ ਨੇ ਕਿਹਾ, ‘ਸੰਵਿਧਾਨ ਦੀ 44ਵੀਂ ਸੋਧ ਦੇ ਬਾਅਦ ਕਿਸੇ ਵੀ ਮਾਮਲੇ ਵਿਚ ਅੰਦਰੂਨੀ ਗੜਬੜ ਨੂੰ ਅਧਾਰ ਬਣਾ ਕੇ ਐਮਰਜੈਂਸੀ ਨਹੀਂ ਲਾਈ ਜਾ ਸਕਦੀ।‘ ਉਨ੍ਹਾਂ ਅੱਗੇ ਕਿਹਾ, ‘ਨਿਸਚਿਤ ਤੌਰ ‘ਤੇ ਐਮਰਜੈਂਸੀ ਦੀ ਤਰ੍ਹਾਂ ਇਥੇ ਕੋਈ ਬਕਾਇਦਾ ਐਲਾਨ ਨਹੀਂ ਕੀਤਾ ਗਿਆ। ਸਭ ਕੁਝ ਆਈਏਐੱਸ ਅਫਸਰਾਂ ਦੇ ਕਾਰਜਕਾਰੀ ਆਦੇਸ਼ਾਂ ‘ਤੇ ਛੱਡ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਨਾਗਰਿਕਾਂ ਨੂੰ ਨਿਆਂਇਕ ਸਹਾਇਤਾ ਮੰਗਣ ‘ਤੇ ਰੋਕ ਭਲੇ ਹੀ ਨਾ ਲੱਗੀ ਹੋਵੇ, ਪਰ ਅਦਾਲਤਾਂ ਉਨ੍ਹਾਂ ‘ਤੇ ਕਾਰਵਾਈ ਕਰਨ ਲਈ ਉਤਸੁਕ ਨਜ਼ਰ ਨਹੀਂ ਆ ਰਹੀਆਂ।‘

### ਕਸ਼ਮੀਰ ਬਾਰੇ ਫੈਸਲਾ ਅਨੈਤਿਕ : ਰਿਬੇਰੋ

**ਨਵੀਂ ਦਿੱਲੀ/ਏਟੀ ਨਿਊਜ਼ :** ਪੰਜਾਬ ਪੁਲਸ ਦੇ ਸਾਬਕਾ ਮੁਖੀ ਜੂਲੀਓ ਰਿਬੇਰੋ ਨੇ ਜੰਮੂ-ਕਸ਼ਮੀਰ ਦੇ ਸੰਬੰਧ ਵਿਚ ਕੇਂਦਰ ਸਰਕਾਰ ਦੇ ਫੈਸਲੇ ਨੂੰ ਪੁਲਸਮੈਨ ਦੇ ਨਜ਼ਰੀਏ ਨਾਲ ਤਾਂ ਪੂਰੇ ਅੰਕ ਦਿੱਤੇ ਹਨ, ਪਰ ਨੈਤਿਕਤਾ ਦੇ ਨਜ਼ਰੀਏ ਤੋਂ ਸਵਾਲ ਉਠਾਉਂਦਿਆਂ ਕਿਹਾ ਹੈ ਕਿ ਅਜਿਹੇ ਮਾਮਲਿਆਂ ਵਿਚ ਲੋਕਾਂ ਦੀ ਇੱਛਾ ਹੀ ਸਭ ਤੋਂ ਅਹਿਮ ਹੁੰਦੀ ਹੈ। ਉਨ੍ਹਾ ਕਿਹਾ ਕਿ ਨੈਤਿਕਤਾ ਦੇ ਨਜ਼ਰੀਏ ਤੋਂ ਉਹ ਅਜਿਹਾ ਫੈਸਲਾ ਕਦੇ ਨਾ ਲੈਂਦੇ, ਜਿਹੋ ਜਿਹਾ ਕੇਂਦਰ ਸਰਕਾਰ ਨੇ ਲਿਆ ਹੈ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪ੍ਰਿੰਸੀਪਲ ਗਿਆਨ ਸਿੰਘ ਵਜੀਦਕੇ ਦਾ ਦਿਹਾਂਤ

### *ਪੱਤਰਕਾਰ ਹਰਮਨਜੀਤ ਨੂੰ ਪੁੱਜਾ ਗਹਿਰਾ ਸਦਮਾ*

**ਬਰਨਾਲਾ/ਏਟੀ ਨਿਊਜ਼ :**
ਬਰਨਾਲਾ ਦੇ ਪੱਤਰਕਾਰ ਹਰਮਨਜੀਤ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਉਨਾਂ ਦੇ ਪਿਤਾ ਪ੍ਰਿੰ. ਗਿਆਨ ਸਿੰਘ ਵਜੀਦਕੇ ਪ੍ਰੈੱਸ ਸਕੱਤਰ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦਾ ਇਕ ਸੰਖੇਪ ਬਿਮਾਰੀ ਪਿੱਛੋਂ ਦਿਹਾਂਤ ਹੋ ਗਿਆ।ਇਸ ਦੁੱਖ ਦੀ ਘੜੀ ਵਿਚ ਪੱਤਰਕਾਰ ਹਰਮਨਜੀਤ



ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਓਐੱਸਡੀ. ਅੰਕਿਤ ਬਾਂਸਲ, ਪੰਜਾਬ ਕਾਂਗਰਸ ਦੇ ਮੀਤ ਪ੍ਰਧਾਨ ਕੇਵਲ ਸਿੰਘ ਢਿੱਲੋਂ, ਸੁਖਬੀਰ ਸਿੰਘ ਬਾਦਲ ਦੇ ਓਐੱਸਡੀ. ਚਰਨਜੀਤ ਸਿੰਘ ਬਰਾੜ, ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ, ਜਸਵਿੰਦਰ ਸਿੰਘ ਰਸੂਲਪੁਰ, ਸਿਹਤ ਮੰਤਰੀ ਬਲਵੀਰ ਸਿੱਧੂ, ਕੰਵਰਬੀਰ ਸਿੱਧੂ, ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਕੈਬਨਿਟ ਮੰਤਰੀ ਅਰੁਣਾ ਚੌਧਰੀ, , ਕੁਲਵੰਤ ਸਿੰਘ ਪੰਡੋਰੀ, ਮਨਜੀਤ ਸਿੰਘ ਬਿਲਾਸਪੁਰ, ਪਿਰਮਲ ਸਿੰਘ ਖਾਲਸਾ, ਮੀਤ ਹੇਅਰ (ਚਾਰੇ ਵਿਧਾਇਕ), ਐੱਸਸੀ ਕਮਿਸ਼ਨ ਮੈਂਬਰ ਪੂਨਮ ਕਾਂਗੜਾ, ਐੱਸਜੀਪੀਸੀ. ਮੈਂਬਰ ਪਰਮਜੀਤ ਸਿੰਘ ਖਾਲਸਾ, ਇੰਜੀ. ਗੁਰਜਿੰਦਰ ਸਿੰਘ ਸਿੱਧੂ, ਸੰਤ ਟੇਕ ਸਿੰਘ ਧਨੌਲਾ, ਗੁਰਦੀਪ ਦੀਵਾਨਾ, ਬਲਜੀਤ ਬੱਲੀ, "ਅੰਮ੍ਰਿਤਸਰ ਟਾਈਮਜ਼" ਦੇ ਸੰਪਾਦਕ ਮਨਜੀਤ ਸਿੰਘ ਟਿਵਾਣਾ, ਬਰਨਾਲਾ ਪ੍ਰੈੱਸ ਕਲੱਬ ਦੇ ਪ੍ਰਧਾਨ ਰਜਿੰਦਰ ਬਰਾੜ, ਬਘੇਲ ਸਿੰਘ ਧਾਲੀਵਾਲ, ਗੁਰਚਰਨ ਸਿੰਘ, ਜਗਸੀਰ ਸੰਧੂ, ਯਾਦੂ ਭੁੱਲਰ, ਹਰਜਿੰਦਰ ਛਿੱਬਰ, ਅਮਜਦ ਖਾਨ, ਜਗਦੇਵ ਸੇਖੋਂ, ਪ੍ਰਸ਼ੋਤਮ ਬੱਲੀ, ਰਾਜ ਮਹਿੰਦਰ, ਗੁਰਪ੍ਰੀਤ ਲਾਡੀ ਸਮੇਤ ਸਮੂਹ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰਿੰਸੀਪਲ ਗਿਆਨ ਸਿੰਘ ਵਜੀਦਕੇ ਨਮਿੱਤ ਅੰਤਿਮ ਅਰਦਾਸ ਨਾਨਕਸਰ ਗੁਰਦੁਆਰਾ ਬਰਨਾਲਾ ਵਿਖੇ 01 ਸਤੰਬਰ ਨੂੰ ਬਾਅਦ ਦੁਪਹਿਰ 12 ਤੋਂ 01 ਵਜੇ ਤਕ ਹੋਵੇਗੀ।

# ਗਾਖ਼ਲ ਭਰਾਵਾਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਸਹਾਇਤਾ ਸੰਸਥਾ ਨੂੰ ਦਿੱਤੇ 11 ਹਜ਼ਾਰ ਡਾਲਰ

### *15 ਸਤੰਬਰ ਨੂੰ ਹੋਣ ਵਾਲੇ ਵਿਸ਼ਵ ਕਬੱਡੀ ਕੱਪ ਦੌਰਾਨ ਸਹਾਇਤਾ ਸੰਸਥਾ ਦਾ ਲੱਗੇਗਾ ਬੂਥ : ਗਾਖਲ*



**ਗਾਖਲ ਪਰਿਵਾਰ ਸਹਾਇਤਾ ਸੰਸਥਾ ਨੂੰ 11 ਹਜ਼ਾਰ ਡਾਲਰ ਦਾ ਚੈੱਕ ਦੇਣ ਤੋਂ ਬਾਅਦ ਹੋਰ ਪਤਵੰਤੇ ਪੰਜਾਬੀਆਂ ਨਾਲ।**

**ਹੇਅਵਰਡ/ਏਟੀ ਨਿਊਜ਼ ;** ਪੰਜਾਬ ਵਿਚ ਹੜ੍ਹਾਂ ਦੀ ਕੁਦਰਤੀ ਆਫਤ ਨਾਲ ਵਿਲਕਦੇ ਪੰਜਾਬੀਆਂ ਲਈ ਗਾਖ਼ਲ ਭਰਾਵਾਂ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਸਮੂਹ ਐੱਨ.ਆਰ.ਆਈ ਭਰਾਵਾਂ ਨੂੰ ਹੱਥ ਬੰਨ੍ਹ ਕੇ ਬੇਨਤੀ ਕੀਤੀ ਹੈ ਕਿ ਉਹ ਇਸ ਕੁਦਰਤ ਦੀ ਮਾਰ ਝੱਲ ਰਹੇ ਦੁਖੀ ਲੋਕਾਂ ਦੀ ਦਿਲ ਖੋਲ੍ਹ ਕੇ ਮਦਦ ਕਰਨ ਤੇ ਖਾਸ ਤੌਰ 'ਤੇ ਧਾਰਮਿਕ ਸੰਸਥਾਵਾਂ, ਗੁਰੂਘਰਾਂ, ਮੰਦਿਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਉਨ੍ਹਾਂ ਅਪੀਲ ਕੀਤੀ ਕਿ ਜਿੰਨਾ ਵੀ ਪੈਸਾ ਉਨ੍ਹਾਂ ਕੋਲ ਹੈ ਉਹ ਸਾਰੇ ਦਾ ਸਾਰਾ ਪੰਜਾਬ ਦੇ ਲੋਕਾਂ ਨੂੰ ਇਸ ਕੁਦਰਤੀ ਕਰੋਪੀ ਦੀ ਮਾਰ ਝੱਲਣ 'ਚ ਮਦਦ ਕਰਨ ਲਈ ਅੱਗੇ ਹੋ ਕੇ ਦੇਣ। ਇਸ ਵੇਲੇ ਹੜ੍ਹ ਪੀੜਤ ਲੋਕਾਂ ਨੂੰ ਡਾਕਟਰੀ ਸੇਵਾਵਾਂ ਦੀ ਵੀ ਲੋੜ ਹੈ। ਡਾਕਟਰ ਹਰਕੇਸ਼ ਸੰਧੂ ਦੀ ਅਗਵਾਈ ਹੇਠ ਚੱਲ ਰਹੀ ਸਹਾਇਤਾ ਸੰਸਥਾ ਪੰਜਾਬ ਵਿਚ ਆਪਣੀਆਂ ਟੀਮਾਂ ਜ਼ਰੀਏ ਮੈਡੀਕਲ ਕੈਂਪਾਂ ਰਾਹੀਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਜਾ ਰਹੀ ਹੈ, ਕਿਉਂਕਿ ਇਹ ਸੰਸਥਾ ਪਹਿਲਾਂ ਹੀ ਪੰਜਾਬ ਵਿਚ ਆਸ਼ਿਰਤਾਂ, ਅਪੰਗਾਂ ਤੇ ਲੋੜਵੰਦਾਂ ਨੂੰ ਜ਼ਰੂਰੀ ਸਿਹਤ ਸੇਵਾਵਾਂ ਪ੍ਰਦਾਨ ਕਰਕੇ ਬੇਹੱਦ ਸਤਿਕਾਰ ਹਾਸਲ ਕਰ ਚੁੱਕੀ ਹੈ ਤੇ ਉਨ੍ਹਾਂ ਆਪਣੀ ਕਿਰਤ ਕਮਾਈ 'ਚੋਂ 11 ਹਜ਼ਾਰ ਡਾਲਰ ਦਾ ਚੈੱਕ ਸਹਾਇਤਾ ਸੰਸਥਾ ਨੂੰ ਦਿੱਤਾ ਹੈ। ਸ. ਅਮੋਲਕ ਸਿੰਘ ਗਾਖ਼ਲ ਨੇ ਕਿਹਾ ਕਿ ਇਕ ਸਿੱਖ ਹਮੇਸ਼ਾ ਨਿਆਸਰੇ ਅਤੇ ਲੋੜਵੰਦ ਦੀ ਬਾਂਹ ਫੜਦਾ ਹੈ। ਇਸ ਲਈ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਬਹੁਤ ਅੱਗੇ ਵਧ ਕੇ ਆਪਣਾ ਇਸ ਵੇਲੇ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ 'ਤੇ ਸ. ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ ਅਤੇ ਬਲਜੀਤ ਸਿੰਘ ਸੰਧੂ ਨੇ ਸਹਾਇਤਾ ਸੰਸਥਾ ਨੂੰ 11-11 ਸੌ ਡਾਲਰ ਦੀ ਮਦਦ ਭੇਟ ਕੀਤੀ। ਗਾਖ਼ਲ ਭਰਾਵਾਂ ਨੇ ਇਹ ਵੀ ਕਿਹਾ ਕਿ ਉਹ ਭਵਿੱਖ ਵਿਚ ਹੋਰ ਵੀ ਆਪਣੇ ਪਰਿਵਾਰ ਵਲੋਂ ਪੰਜਾਬੀਆਂ ਦੀ ਮਦਦ ਲਈ ਆਪਣਾ ਬਣਦਾ ਯੋਗਦਾਨ ਪਾਉਂਦੇ ਆਏ ਹਨ ਅਤੇ ਪਾਉਂਦੇ ਰਹਿਣਗੇ। ਸਹਾਇਤਾ ਸੰਸਥਾ ਦੇ ਕਸ਼ਮੀਰ ਸਿੰਘ ਗਿੱਲ, ਸਰੂਪ ਸਿੰਘ ਝੱਜ ਨੇ ਸਾਰੇ ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਸਹਾਇਤਾ ਦੇ ਮਿਸ਼ਨ 'ਤੇ ਵਿਸਥਾਰ ਨਾਲ ਚਾਨਣਾ ਪਾਇਆ। ਤੀਰਥ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਐੱਸ.ਅਸ਼ੋਕ. ਭੌਰਾ ਵੀ ਇਸ ਮੌਕੇ 'ਤੇ ਹਾਜ਼ਰ ਸਨ।

ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ 15 ਸਤੰਬਰ ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਹੋਣ ਵਾਲੇ 15ਵੇਂ ਵਿਸ਼ਵ ਕੱਪ ਦੌਰਾਨ ਸਹਾਇਤਾ ਸੰਸਥਾ ਆਪਣਾ ਵੱਖਰਾ ਬੂਥ ਲਗਾਏਗੀ ਜਿੱਥੇ ਹਰ ਪੰਜਾਬੀ ਨੂੰ ਤਿਲ ਫੁੱਲ ਭੇਟਾ ਦੇਣ ਲਈ ਬੇਨਤੀ ਕੀਤੀ ਜਾਵੇਗੀ।

## 31 ਅਗਸਤ ਨੂੰ ਹੋਣ ਜਾ ਰਹੇ ਹਜੂਰ ਆਰਟ ਫੇਅਰ-2019 ਵਿਚ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ

**ਸੈਂਟਾ ਕਲਾਰਾ/ਏਟੀ ਨਿਊਜ਼ :**
ਸ਼ਨੀਵਾਰ-31 ਅਗਸਤ 2019 ਨੂੰ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤਕ ਕੈਲੀਫੋਰਨੀਆ ਦੇ ਸੈਂਟਾ ਕਲਾਰਾ ਵਿਚ ਹਜੂਰ ਆਰਟ ਫੇਅਰ ਐਂਡ ਸੇਲ ਕਲਾ ਮੇਲੇ ਦਾ ਅਯੋਜਨ ਕੀਤਾ ਜਾ ਰਿਹਾ ਹੈ। ਪ੍ਰਬੰਧਕਾਂ ਨੇ ਇਸ ਵਿਚ ਸ਼ਾਮਲ ਹੋਣ ਲਈ ਸਭ ਨੂੰ ਸੱਦਾ ਦਿੱਤਾ ਹੈ। ਇਹ ਕਲਾ ਮੇਲਾ ਵਾਰਬਰਟਨ ਐਵੇਨਿਊ ਦੇ ਟ੍ਰਾਈਟਨ ਮਿਊਜੀਅਮ ਵਿਖੇ ਹੋਵੇਗਾ, ਜਿਸ ਵਿਚ ਬੱਚਿਆਂ ਲਈ ਕਲਾ ਪ੍ਰੋਗਰਾਮ ਅਤੇ ਸੰਗੀਤ ਦੀ ਪੇਸ਼ਕਾਰੀ ਵੀ ਕੀਤੀ ਜਾਵੇਗੀ। ਕਲਾਕਾਰਾਂ ਨੂੰ ਮਿਲਣ ਅਤੇ ਉਨ੍ਹਾਂ ਦਾ ਸਵਾਗਤ ਕਰਨ ਅਤੇ ਉਨ੍ਹਾਂ ਦੀ ਕਲਾਕ੍ਰਿਤਾਂ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾਉਣ ਲਈ ਇਹ ਇਕ ਵਧੀਆ ਮੌਕਾ ਹੋਵੇਗਾ। ਹਜੂਰ ਕਲਾ ਮੇਲੇ ਵਿਚ ਹਾਜ਼ਰੀ ਭਰਨ ਵਾਲੇ ਕਲਾਕਾਰਾਂ ਵਿਚ ਹਰਮੀਤ ਖੇਲਾ, ਕੀਰਤ ਕੌਰ, ਲਵਲੀਨ ਕੌਰ, ਰੂਪੀ ਟੁੱਟ, ਸਰਬਜੀਤ ਸਿੰਘ, ਤਾਨਿਆ ਮੋਮੀ ਦੇ ਨਾਮ ਪ੍ਰਮੁੱਖ ਹਨ। ਇਸ ਕਲਾ ਮੇਲੇ ਵਿਚ ਕਲਾ ਦੇ ਰੂਹਾਨੀ ਰੰਗਾਂ ਦਾ ਪ੍ਰਦਰਸ਼ਨ ਹੋਵੇਗਾ। 31 ਅਗਸਤ ਤੋਂ ੩ ਨਵੰਬਰ ਤਕ ਚੱਲਣ ਵਾਲੀ ਇਸ ਸਿੱਖ ਕਲਾ ਪ੍ਰਦਰਸ਼ਨੀ ਵਿਚ ਛੇ ਸਿੱਖ ਕਲਾਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਨੂੰ ਸਮਰਪਿਤ ਸਿੱਖ ਕਲਾਵਾਂ ਪ੍ਰਦਰਸ਼ਿਤ ਕਰਨਗੇ। ਪਾਰਕਿੰਗ ਦਾ ਖਾਸ ਪ੍ਰਬੰਧ ਹੋਵੇਗਾ। ਵਧੇਰੇ ਜਾਣਕਾਰੀ ਲਈ sunmit@hazurart.com 'ਤੇ ਸੰਪਰਕ ਕਰੋ।



# ਸੰਕਟਾਂ ਨੂੰ ਚੀਰਨਾ, ਮੈਦਾਨ ਫਤਿਹ ਕਰਨਾ ਗੁਰੂ ਖਾਲਸਾ ਜੀ ਦੀ ਪਛਾਣ




## 21ਵੀਂ ਸਦੀ ਦੇ ਭਾਈ ਘਨੱਈਆ ਹਨ ਰਵੀ ਸਿੰਘ ਖਾਲਸਾ

- ✪ **ਖਾਲਸਾ ਏਡ ਦੀ ਸਥਾਪਨਾ ਕਰਕੇ ਵਿਸ਼ਵ ’ਚ ਸਿੱਖ ਪੰਥ ਦਾ ਨਾਮ ਕੀਤਾ ਰੌਸ਼ਨ**
- ✪ **ਖਾਲਸਾ ਏਡ ਨੇ ਪੰਜਾਬ ’ਚ ਹੜ੍ਹ ਪੀੜਤਾਂ ਦੀ ਮਦਦ ਕਰਕੇ ਸ਼੍ਰੋਮਣੀ ਕਮੇਟੀ, ਕਥਿਤ ਬਾਬਿਆਂ ਤੇ ਸਰਕਾਰ ਨੂੰ ਪਿੱਛੇ ਛੱਡਿਆ**
- ✪ **ਮੋਦੀ ਸਰਕਾਰ ਨੇ ਪੰਜਾਬ ਨੂੰ ਹੜ੍ਹ ਪੀੜਤ ਸੂਬਾ ਨਾ ਮੰਨ ਕੇ ਪੰਜਾਬੀਆਂ ਨਾਲ ਕੀਤਾ ਧੱਕਾ**

**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

ਖਾਲਸਾ ਏਡ ਕੌਮਾਂਤਰੀ ਪਧਰ ਦੀ ਪੰਥਕ ਜਥੇਬੰਦੀ ਹੈ ਜਿਸ ਨੇ ਪੂਰੇ ਵਿਸ਼ਵ ਵਿਚ ਸਰਬਤ ਦੇ ਭਲੇ ਦਾ ਇਨਕਲਾਬ ਖੜਾ ਕਰਕੇ ਨਸਲਵਾਦ ਨੂੰ ਚੈਲਿੰਜ ਕੀਤਾ ਹੈ। ਜੇ ਭਾਈ ਸਾਹਿਬ ਰਵੀ ਸਿੰਘ ਮੁਖ ਜਥੇਦਾਰ ਖਾਲਸਾ ਏਡ ਦੀ ਇਤਿਹਾਸਕ ਮਹਾਨਤਾ ਸਮਝੀ ਜਾਵੇ ਤਾਂ ਇਹ ਵਿਚਾਧਾਰਕ ਤੋਰ ਤੇ ਭਾਈ ਘਨਈਆ ਦਾ ਪੁਨਰ ਜਨਮ ਹੈ। ਹੁਣੇ ਜਿਹੇ ਖਾਲਸਾ ਏਡ ਵਲੋਂ ਪੰਜਾਬ ਵਿਚ ਹੜ੍ਹਾਂ ਦੌਰਾਨ ਪੰਜਾਬੀਆਂ ਦੀ ਸਹਾਇਤਾ ਲਈ ਸਰਕਾਰ ਤੋਂ ਪਹਿਲਾਂ ਨਿਤਰਨਾ ਅਤੇ ਕੇਂਦਰ ਸਰਕਾਰ ਵਲੋਂ ਪੰਜਾਬ ਨੂੰ ਹੜ੍ਹ ਪੀੜਤ ਸੂਬਾ ਨਾ ਮੰਨ ਕੇ ਫੰਡ ਦੇਣ ਤੋਂ ਇਨਕਾਰ ਕਰਨ ਦੇ ਦੌਰਾਨ ਢਾਈ ਲੱਖ ਪੌਂਡ ਦੀ ਮਦਦ ਦੇਣ ਦਾ ਐਲਾਨ ਕਰਨਾ ਮਨੁੱਖਤਾ ਦੀ ਪਹਿਰੇਦਾਰੀ ਹੈ। ਨੈਸ਼ਨਲ ਮੀਡੀਆ ਕਦੇ ਭਾਈ ਰਵੀ ਸਿੰਘ ਤੇ ਖਾਲਸਾ ਏਡ ਨੂੰ ਨਹੀਂ ਚਮਕਾਏਗਾ। ਇਹ ਭਗਵਾਂ ਤੇ ਗੋਦੀ ਮੀਡੀਆ ਦੀ ਸਰਕਰੀ ਨੀਤੀ ਹੈ। ਪੰਜਾਬ ਦੀਆਂ ਅਖ਼ਬਾਰਾਂ ਵਿਚ ਖਾਲਸਾ ਏਡ ਦੀ ਕੀ ਖ਼ਬਰ ਹੋਣੀ ਹੈ, ਅੰਗਰੇਜ਼ੀ ਤੇ ਹਿੰਦੀ ਦੀਆਂ ਅਖ਼ਬਾਰਾਂ ਤੇ ਇਲੈਕਟ੍ਰੌਨਿਕ ਮੀਡੀਆ ਵਿਚ ਆਉਣਾ ਤਾਂ ਦੂਰ ਦੀ ਗੱਲ ਹੈ। ਪਰ ਸਿੱਖ ਕੌਮ ਨੇ ਸ਼ੋਸ਼ਲ ਮੀਡੀਆ ਖਾਲਸਾ ਏਡ ਨਾਲ ਭਰ ਦਿੱਤਾ ਹੈ। ਇਹ ਚੰਗੀ ਗੱਲ ਹੈ ਕਿ ਬਾਬਾ ਬਲਵੀਰ ਸਿੰਘ ਸੀਚੇਵਾਲ ਹੜ੍ਹ ਪੀੜਤਾਂ ਦੇ ਸੇਵਾ ਕਰ ਰਹੇ ਹਨ ਤੇ ਇਕ ਪੁੱਲ ਵੀ ਉਨ੍ਹਾਂ ਨੇ ਹੜ੍ਹ ਦੌਰਾਨ ਬਣਾਇਆ ਹੈ। ਭਾਰਤੀ ਮੀਡੀਆ ਨੇ ਉਸ ਨੂੰ ਨਾਇਕ ਵਜੋਂ ਚਮਕਾ ਦਿੱਤਾ, ਪਰ ਜਿਸ ਖਾਲਸਾ ਏਡ ਨੇ ਪੰਜਾਬ ਵਿਚ ਅਨੇਕਾਂ ਪੁੱਲ ਸਰਕਾਰ ਤੋਂ ਬਿਨਾਂ ਖੜੇ ਕਰ ਦਿੱਤੇ ਤੇ ਲੋਕਾਂ ਨੂੰ ਸਾਫ ਪਾਣੀ ਦੇ ਪ੍ਰੋਜੈਕਟ ਲਗਾ ਕੇ ਦਿੱਤੇ, ਉਹਨਾਂ ਦੀ ਕੋਈ ਖ਼ਬਰ ਨਹੀਂ। ਜਦੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਨਵੀਂ ਦਿੱਲੀ ਅੰਦਰ ਹੜ੍ਹ ਪ੍ਰਭਾਵਿਤ ਖੇਤਰਾਂ ਚ ਕੇਂਦਰੀ ਟੀਮਾਂ ਭੇਜਣ ਲਈ ਮੀਟਿੰਗ ਹੋਈ ਤਾਂ ਕੇਂਦਰ ਸਰਕਾਰ ਨੇ ਪੰਜਾਬ ਨੂੰ ਛੱਡ ਅਸਾਮ ਤ੍ਰਿਪੁਰਾ, ਮੇਘਾਲਿਆ, ਝਾਰਖੰਡ, ਬਿਹਾਰ, ਗੁਜਰਾਤ, ਰਾਜਸਥਾਨ, ਹਿਮਾਚਲ, ਕਰਨਾਟਕਾ, ਮਹਾਰਾਸ਼ਟਰਾ ਅਤੇ ਕੇਰਲ ਵਰਗੇ ਹੜ੍ਹ ਮਾਰੇ ਸੂਬਿਆਂ ਅੰਦਰ ਵਿਚ ਆਪਣੀਆਂ ਟੀਮਾਂ ਭੇਜ ਕੇ ਪੰਜਾਬ ਨੂੰ ਗੱਲਾਂ ਕਰਨ ਦਾ ਇੱਕ ਵਾਰ ਫਿਰ ਮੌਕਾ ਦੇ ਦਿੱਤਾ ਹੈ ਜਿਹੜੇ ਅਕਸਰ ਇਹ ਸ਼ਿਕਾਇਤ ਕਰਦੇ ਹਨ ਕਿ ਭਾਰਤ ਦੀਆਂ ਕੇਂਦਰ ਸਰਕਾਰਾਂ ਪੰਜਾਬ ਨਾਲ ਵਿਤਕਰਾ ਕਰਦੀਆਂ ਆਈਆਂ ਹਨ ਤੇ ਵਿਤਕਰਾ ਕਰਦੀਆਂ ਰਹਿਣਗੀਆਂ। ਦੂਜੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਹੜ੍ਹਾਂ ਕਾਰਨ ਹੋਏ ਨੁਕਸਾਨ ਤੇ ਬਚਾਅ ਕਾਰਜਾਂ ਲਈ ਹਜ਼ਾਰ ਕਰੋੜ ਰੁਪਏ ਰਾਹਤ ਪੈਕੇਜ ਦੀ ਮੰਗ ਕੀਤੀ ਹੈ। ਪਰ ਕੇਂਦਰ ਨੇ ਕੈਪਟਨ ਦੀ ਅਪੀਲ ’ਤੇ ਕੋਈ ਧਿਆਨ ਨਹੀਂ ਦਿੱਤਾ।

ਪੰਜਾਬ ਵਿਚ ਪਹਿਲਾਂ ਤੋਂ ਹੀ ਕਰਜ਼ੇ ਦੀ ਮਾਰ ਝੱਲ ਰਹੇ ਕਿਸਾਨਾਂ ਤੇ ਖੇਤ ਮਜਦੂਰਾਂ ਨੂੰ ਹੁਣ ਹੜ੍ਹਾਂ ਦੀ ਮਾਰ ਪੈ ਗਈ ਹੈ। ਖੇਤੀਬਾੜੀ ਵਿਭਾਗ ਨੇ ਖ਼ੁਲਾਸਾ ਕੀਤਾ ਹੈ ਕਿ ਫ਼ਸਲਾਂ ਨੂੰ ਬਾਰਿਸ਼ ਨਾਲ ਕੋਈ ਨੁਕਸਾਨ ਨਹੀਂ ਹੋਇਆ, ਸਗੋਂ ਕਿਸਾਨਾਂ ਦੀਆਂ ਫ਼ਸਲਾਂ ਭਾਖੜਾ ਤੋਂ ਛੱਡੇ ਪਾਣੀ ਨਾਲ ਨੁਕਸਾਨੀਆਂ ਗਈਆਂ ਹਨ। ਖੇਤੀਬਾੜੀ ਵਿਭਾਗ ਅਨੁਸਾਰ ਇਸ ਦੌਰਾਨ ਪੰਜਾਬ ਵਿਚ ਵੱਖ-ਵੱਖ ਜ਼ਿਲ੍ਹਿਆਂ ਵਿਚ 10 ਹਜ਼ਾਰ ਏਕੜ ਫ਼ਸਲਾਂ ਤਬਾਹ ਹੋ ਗਈਆਂ ਹਨ ਜਦ ਕਿ 60 ਹਜ਼ਾਰ ਏਕੜ ਫ਼ਸਲਾਂ ਅਜੇ ਵੀ ਪਾਣੀ ਵਿਚ ਡੁੱਬੀਆਂ ਹੋਈਆਂ ਹਨ। ਜਿੱਥੇ ਖੇਤੀਬਾੜੀ ਵਿਭਾਗ ਨੇ ਇਹ ਗੱਲ ਸਾਫ਼ ਕਰ ਦਿੱਤੀ ਹੈ ਕਿ ਕਿਸਾਨ ਦੀਆਂ ਫ਼ਸਲਾਂ ਬਾਰਿਸ਼ ਨਾਲ ਨਹੀਂ, ਸਗੋਂ ਭਾਖੜਾ ਤੋਂ ਛੱਡੇ ਪਾਣੀ ਨਾਲ ਨੁਕਸਾਨੀਆਂ ਗਈਆਂ ਹਨ, ਉੱਥੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਬੀਤੇ ਦਿਨੀ ਹੀ ਇਸ ਸਾਰੇ ਵਰਤਾਰੇ ਨੂੰ ‘ਕੁਦਰਤੀ ਕਹਿਰ’ ਕਹਿ ਕੇ ਆਪਣਾ ਪੱਲਾ ਝਾੜ ਲਿਆ ਗਿਆ ਸੀ। ਦੂਜੇ ਪਾਸੇ ਖੇਤੀਬਾੜੀ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਹੜ੍ਹਾਂ ਦੀ ਸਥਿਤੀ ਬਣ ਜਾਣ ਕਾਰਨ 13 ਜ਼ਿਲ੍ਹਿਆਂ ਦੇ 561 ਪਿੰਡ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਜਿਨ੍ਹਾਂ ਵਿਚੋਂ 12 ਜ਼ਿਲ੍ਹਿਆਂ ਵਿਚ ਅਜੇ ਵੀ 60 ਹਜ਼ਾਰ ਏਕੜ ਤੋਂ ਜ਼ਿਆਦਾ ਖੇਤਰ ਪਾਣੀ ਵਿਚ ਡੁੱਬਿਆ ਹੋਇਆ ਹੈ। ਪੰਜਾਬ ਸਰਕਾਰ ਖਾਲਸਾ ਏਡ ਤੋਂ ਬਾਅਦ ਦੂਜੇ ਹਫਤੇ ਸਰਗਰਮ ਹੋਈ ਹੈ। ਗੁਰੂ ਦਾ ਖਾਲਸਾ ਲੰਗਰ, ਜਲ-ਪਾਣੀ ਦੀ ਸੇਵਾ ਕਰਕੇ ਬੇੜੀਆਂ ਰਾਹੀਂ ਲੋਕਾਂ ਦੀ ਸਹਾਇਤਾ ਕਰ ਰਿਹਾ ਹੈ।

ਸ਼ੋਸ਼ਲ ਮੀਡੀਆ ’ਤੇ ਨਜ਼ਰ ਮਾਰੀ ਜਾਵੇ ਦੁਆਬੇ ਤੋਂ ਮਾਲਵੇ ਤੱਕ ਹੜ ਪੀੜਤ ਪੰਜਾਬੀਆਂ ਦੀ ਮਦਦ ਲਈ ਖਾਲਸਾ ਸਰਗਰਮ ਹੈ। ਖਾਲਸਾ ਏਡ, ਸਿੱਖ ਰਿਲੀਫ, ਬ੍ਰਿਟਿਸ਼ ਸਿੱਖ ਕੌਂਸਲ ਪੂਰੇ ਯੋਜਨਾਬੱਧ ਢੰਗ ਨਾਲ ਕੰਮ ਕਰ ਰਹੇ ਹਨ। ਇਕ ਸਰਕਾਰ ਤੋਂ ਵਧ ਪੰਥ ਖਾਲਸਾ ਜੀ ਨੇ ਕੰਮ ਨਿਬੇੜ ਦਿੱਤਾ। ਪਰ ਸ਼੍ਰੋਮਣੀ ਕਮੇਟੀ ਕਿਤੇ ਵੀ ਦਿਖਾਈ ਨਹੀਂ ਦੇ ਰਹੀ। ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਆਏ ਹੜ੍ਹਾਂ ਕਾਰਨ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਸਮਾਜ ਸੇਵੀ ਜਥੇਬੰਦੀਆਂ, ਖ਼ਾਲਸਾ ਏਡ ਤੇ ਪੰਜਾਬ ਸਰਕਾਰ ਵਲੋਂ ਆਪਣੇ ਪੱਧਰ ’ਤੇ ਸਹਾਇਤਾ ਕਾਰਜ ਜਾਰੀ ਹਨ ਪਰ ਕੁਦਰਤੀ ਆਫ਼ਤਾਂ ਸਮੇਂ ਦੂਜੇ ਸੂਬਿਆਂ ਵਿਚ ਜਾ ਕੇ ਪੀੜਤਾਂ ਨੂੰ ਲੰਗਰ ਤੇ ਹੋਰ ਵਸਤਾਂ ਦੀ ਸਹਾਇਤਾ ਪ੍ਰਦਾਨ ਕਰਨ ਵਾਲੀ ਸ਼੍ਰੋਮਣੀ ਕਮੇਟੀ ਦੇ ਇਸ ਮੁਸੀਬਤ ਦੀ ਘੜੀ ਵਿਚ ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਖੁੱਲ੍ਹ ਕੇ ਅੱਗੇ ਨਾ ਆਉਣ ਤੋਂ ਸਿੱਖ ਹਲਕਿਆਂ ਵਿਚ ਹੈਰਾਨੀ ਪਾਈ ਜਾ ਰਹੀ ਹੈ। ਭਾਵੇਂ ਕਿ ਪੰਜਾਬ ਵਿਚ ਹੜ੍ਹਾਂ ਦੀ ਸਥਿਤੀ ਪੈਦਾ ਹੋਣ ਸਮੇਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਸੀ ਕਿ ਹੜ੍ਹਾਂ ਦੀ ਸਥਿਤੀ ਪੈਦਾ ਹੋਣ ’ਤੇ ਲੋਕਾਂ ਦੀ ਸਹਾਇਤਾ ਕੀਤੀ ਜਾਵੇਗੀ। ਪਰ ਭਿਆਨਕ ਹੜ੍ਹਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਵਲੋਂ ਭਾਵੇਂ ਸਥਾਨਕ ਪੱਧਰ ’ਤੇ ਗੁਰਦੁਆਰਿਆਂ ਦੇ ਮੈਨੇਜਰਾਂ ’ਤੇ ਸਟਾਫ਼ ਦੁਆਰਾ ਲੰਗਰ ਦੇ ਰੂਪ ਵਿਚ ਰਾਹਤ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਸਮਝਿਆ ਜਾਂਦਾ ਹੈ ਕਿ ਇਹ ਸਹਾਇਤਾ ਸ਼੍ਰੋਮਣੀ ਕਮੇਟੀ ਦੀਆਂ ਦੁਖੀ ਮਾਨਵਤਾ ਦੀ ਸਹਾਇਤਾ ਲਈ ਨਿਭਾਈਆਂ ਜਾਂਦੀਆਂ ਪ੍ਰੰਪਰਾਵਾਂ ਦੇ ਹਾਣ ਦੀ ਨਹੀਂ ਹੈ। ਕਈ ਪਿੰਡਾਂ ਵਿਚ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਵਲੋਂ ਸਹਾਇਤਾ ਦੇਣ ਵੇਲੇ ਵਿਤਕਰਾ ਕੀਤੇ ਜਾਣ ਸਬੰਧੀ ਖ਼ਬਰਾਂ ਵੀ ਸਾਹਮਣੇ ਆ ਚੁੱਕੀਆਂ ਹਨ। ਲੋਕ ਬੁਖ਼ਾਰ, ਪੇਟ ਦੀਆਂ ਬਿਮਾਰੀਆਂ ਤੇ ਚਮੜੀ ਰੋਗ ਤੋਂ ਗ੍ਰਸਤ ਹੋ ਰਹੇ ਹਨ ਤੇ ਪੀਣ ਵਾਲੇ ਪਾਣੀ ਤੋਂ ਵੀ ਵਾਂਝੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਤੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਵੱਲਾ ਸਮੇਤ ਅਨੇਕਾਂ ਮੈਡੀਕਲ ਅਦਾਰੇ ਹਨ, ਜਿਨ੍ਹਾਂ ਦੇ ਸੈਂਕੜੇ ਡਾਕਟਰ ਤੇ ਹੋਰ ਨਰਸਿੰਗ ਸਟਾਫ਼ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦਾ ਉਨ੍ਹਾਂ ਦੇ ਪਿੰਡਾਂ ਵਿਚ ਜਾ ਕੇ ਮੁਫ਼ਤ ਇਲਾਜ ਤੇ ਲੈਬ ਟੈਸਟ ਆਦਿ ਕਰਦਿਆਂ ਉਨ੍ਹਾਂ ਦੇ ਜ਼ਖ਼ਮਾਂ ’ਤੇ ਮਲ੍ਹਮ ਲਗਾ ਸਕਦੇ ਹਨ ਪਰ ਸ਼੍ਰੋਮਣੀ ਕਮੇਟੀ ਇਸ ਨੇਕ ਕਾਰਜ ਪ੍ਰਤੀ ਵੀ ਅੱਖਾਂ ਮੀਟੀ ਬੈਠੀ ਹੈ।

### ਖਾਲਸਾ ਏਡ ਦੇ ਇਤਿਹਾਸਕ ਕਾਰਜ-

ਕੁਝ ਚਿਰ ਪਹਿਲਾਂ ਪੁਲਵਾਮਾ ਘਟਨਾ ਤੋਂ ਬਾਅਦ ਸਮੁਚੇ ਦੇਸ਼ ਵਿਚ ਕਸ਼ਮੀਰੀ ਵਿਦਿਆਰਥੀਆਂ ਦੀ ਸੁਰੱਖਿਆ ਖਾਲਸਾ ਏਡ ਨੇ ਕੀਤੀ ਤੇ ਉਨ੍ਹਾਂ ਨੂੰ ਆਪਣੇ ਖਰਚੇ ’ਤੇ ਉਨ੍ਹਾਂ ਦੇ ਘਰ ਜੰਮੂ ਕਸ਼ਮੀਰ ਵਿਚ ਪਹੁੰਚਾਇਆ। ਭਾਵੇਂ ਇਸ ਸੰਸਥਾ ਦੇ ਕਾਰਕੁਨਾਂ ਨੂੰ ਧਮਕੀਆਂ ਵੀ ਮਿਲੀਆਂ ਪ੍ਰੰਤੂ ਉਹ ਆਪਣੇ ਮਿਸ਼ਨ ਤੋਂ ਪਿੱਛੇ ਨਹੀਂ ਹਟੇ।

ਭਾਵੇਂ ਕਿਤਨੇ ਹੀ ਮੁਸ਼ਕਲ ਹਾਲਾਤ ਹੋਣ ਪ੍ਰੰਤੂ ਖਾਲਸਾ ਏਡ ਵਾਲੇ ਹਰ ਹਾਲਤ ਵਿਚ ਉਥੇ ਪਹੁੰਚ ਕੇ ਮਦਦ ਕਰਦੇ ਹਨ। ਭਾਈ ਰਵੀ ਸਿੰਘ ਦਾ ਅਸਲ ਨਾਮ ਭਾਈ ਰਵਿੰਦਰ ਸਿੰਘ, ਜਿਨ੍ਹਾਂ ਨੇ ਇੰਗਲੈਂਡ ਦੇ ਸਲੋਹ ਸ਼ਹਿਰ ਵਿਚ ਖਾਲਸਾ ਦੀ ਸਾਜਨਾ ਦੇ 300ਵੇਂ ਵਰ੍ਹੇ 1999 ਵਿਚ ਖਾਲਸਾ ਏਡ ਮਿਸ਼ਨ ਸਥਾਪਤ ਕੀਤੀ ਸੀ। ਇਸ ਖਾਲਸਾ ਏਡ ਮਿਸ਼ਨ ਟਰੱਸਟ ਦੇ 6 ਟਰੱਸਟੀ ਹਨ। ਰਵਿੰਦਰ ਸਿੰਘ ਇਸ ਦੇ ਮੁੱਖੀ ਹਨ। ਇਹ ਸੰਸਥਾ ਇੰਗਲੈਂਡ ਦੇ ਚੈਰਿਟੀ ਕਮਿਸ਼ਨ ਅਧੀਨ ਰਜਿਸਟਰਡ



ਕੀਤੀ ਗਈ ਹੈ। ਭਾਰਤ ਵਿਚ ਇਹ ਗੈਰ-ਸਰਕਾਰੀ ਸੰਸਥਾ 2012 ਵਿਚ ਰਜਿਸਟਰ ਹੋਈ ਹੈ। ਭਾਰਤ ਵਿਚ ਇਸ ਦੇ 9 ਟਰੱਸਟੀ ਹਨ। ਇਸਦੇ ਭਾਰਤ ਦੇ ਡਾਇਰੈਕਟਰ ਅਮਰਜੀਤ ਸਿੰਘ ਹਨ। ਸੰਸਾਰ ਵਿਚ ਇਸ ਸੰਸਥਾ ਦੇ 18000 ਵਾਲੰਟੀਅਰ ਹਨ।

ਜਿਥੇ ਸਰਕਾਰਾਂ ਹੱਥ ਖੜ੍ਹੇ ਕਰ ਦਿੰਦੀਆਂ ਹਨ, ਉਥੇ ਇਸ ਸੰਸਥਾ ਦੇ ਵਾਲੰਟੀਅਰ ਸੇਵਾਦਾਰ ਪਹੁੰਚ ਕੇ ਇਨਸਾਨੀਅਤ ਦੀ ਸੇਵਾ ਕਰਦੇ ਹਨ। ਹੁਣ ਤੱਕ ਸੰਸਾਰ ਦੇ ਪੱਚੀ ਦੇਸਾਂ ਵਿਚ ਇਸ ਨੇ ਮਾਨਵਤਾ ਦੀ ਸੇਵਾ ਕੀਤੀ ਹੈ। ਇਸ ਸੰਸਥਾ ਨੇ ਆਪਣੇ ਵਾਲੰਟੀਅਰ ਇਨ੍ਹਾਂ ਦੇਸਾਂ ਵਿਚ ਬਣਾ ਲਏ ਹਨ, ਜਿਹੜੇ ਆਪਣੀ ਦਸਵੰਧ ਰਾਹੀਂ ਇਸ ਮਿਸ਼ਨ ਨੂੰ ਅੱਗੇ ਚਲਾਉਂਦੇ ਹਨ। ਸਭ ਤੋਂ ਪਹਿਲਾਂ ਇਸ ਸੰਸਥਾ ਨੇ ਅਪ੍ਰੈਲ 1999 ਵਿਚ ਯੋਗੋਸਲਾਵੀਆ ਵਿਚ ਅਲਵਾਨੀਆਂ ਦੇ ਸਥਾਨ ਤੇ ਕੋਸੋਵ ਮਿਸ਼ਨ ਦੇ ਨਾਂ ਤੇ ਖ਼ੂਨੀ ਲੜਾਈ ਵਿਚ ਬੇਘਰ ਹੋਏ ਸ਼ਰਨਾਰਥੀਆਂ ਨੂੰ ਲੰਗਰ ਖਿਲਾਇਆ ਤੇ ਕੱਪੜੇ ਦਿੱਤੇ। ਅਗਸਤ 1999 ਵਿਚ ਤੁਰਕੀ ਵਿਚ ਭੂਚਾਲ ਆ ਗਿਆ ਜਿਸ ਵਿਚ ਅਨੇਕਾਂ ਲੋਕ ਘਰੋਂ ਬੇਘਰ ਹੋ ਗਏ, ਉਥੇ ਵੀ ਖਾਲਸਾ ਏਡ ਦੇ ਵਾਲੰਟੀਅਰ ਰਵੀ ਸਿੰਘ ਦੀ ਅਗਵਾਈ ਵਿਚ ਪਹੁੰਚੇ ਅਤੇ ਲੋੜਵੰਦਾਂ ਨੂੰ ਖਾਣ ਪੀਣ ਤੋਂ ਇਲਾਵਾ ਲੋੜੀਂਦਾ ਕਪੜਾ ਲੀੜਾ ਦਿੱਤਾ। ਦਸੰਬਰ 1999 ਵਿਚ ਭਾਰਤ ਵਿਚ ਉੜੀਸਾ ਵਿਚ ਸੁਨਾਮੀ ਆ ਗਈ। ਖਾਲਸਾ ਏਡ ਦੇ ਵਾਲੰਟੀਅਰ ਉਥੇ ਪਹੁੰਚੇ ਅਤੇ ਲੰਗਰ ਲਗਾ ਕੇ ਲੋਕਾਂ ਦੀ ਭੁੱਖ ਮਿਟਾਈ। ਇਥੋਂ ਤੱਕ ਕਿ ਘਰ ਵੀ ਬਣਾ ਕੇ ਦਿੱਤੇ। ਜਨਵਰੀ 2002 ਵਿਚ ਕਾਂਗੋ ਤੇ ਰਵਾਂਡਾ ਵਿਚ ਜਵਾਲਾਮੁੱਖੀ ਫੱਟਣ ਨਾਲ ਆਫਤ ਆ ਗਈ। ਖਾਲਸਾ ਏਡ ਨੇ ਉਥੇ ਪਹੁੰਚ ਕੇ ਖਾਣਾ ਅਤੇ ਹੋਰ ਸਾਜੋ ਸਾਮਾਨ ਸਪਲਾਈ ਕੀਤਾ। ਜੁਲਾਈ 2003 ਵਿਚ ਕਾਬੁਲ ਦੇ ਸ਼ਰਨਾਰਥੀਆਂ ਦੀ ਮਦਦ ਕੀਤੀ। ਦਸੰਬਰ 2004 ਵਿਚ ਭਾਰਤ ਦੇ ਅੰਡੇਮਾਨ ਟਾਪੂ ਵਿਚ ਸੁਨਾਮੀ ਆ ਗਈ ਇਥੇ ਵੀ ਵਾਲੰਟੀਅਰਾਂ ਨੇ ਜਾ ਕੇ ਲੰਗਰ ਲਾਇਆ ਅਤੇ ਕਪੜੇ ਲੀੜੇ ਦਿੱਤੇ। ਮਾਰਚ 2005 ਵਿਚ ਪਾਕਿਸਤਾਨ ਵਿਚ ਭੂਚਾਲ ਆ ਗਿਆ। ਇਸ





ਅਪ੍ਰੈਲ 2015 ਵਿਚ ਨੇਪਾਲ ਭੂਚਾਲ ਦੇ ਸਮੇਂ ਹਰ ਰੋਜ਼ 10 000 ਲੋਕਾਂ ਨੂੰ ਦੋ ਮਹੀਨੇ ਲਗਾਤਾਰ ਲੰਗਰ ਛਕਾਉਂਦੇ ਰਹੇ। ਇਸ ਤੋਂ ਇਲਾਵਾ ਕਪੜਾ ਲੀੜਾ ਦਿੱਤਾ ਅਤੇ 1200 ਘਰ ਨਵੇਂ ਉਸਾਰ ਕੇ ਦਿੱਤੇ। ਸੀਰੀਆ ਵਿਖੇ ਸ਼ਰਨਾਰਥੀਆਂ ਨੂੰ ਪਿਛਲੇ ਚਾਰ ਸਾਲ ਤੋਂ ਖਾਣਾ ਦੇ ਰਹੇ ਹਨ। ਕੁਝ ਚਿਰ ਪਹਿਲਾਂ ਕੇਰਲਾ ਵਿਚ ਹੜ੍ਹ ਆਏ ਸਨ, ਜਿਥੇ ਬਹੁਤ ਜ਼ਿਆਦਾ ਜਾਨੀ ਨੁਕਸਾਨ ਹੋਇਆ ਸੀ ਅਤੇ ਲੋਕ ਘਰੋਂ ਬੇਘਰ ਹੋ ਗਏ। ਇਥੇ ਵੀ ਖਾਲਸਾ ਏਡ ਦੇ ਵਾਲੰਟੀਅਰਾਂ ਨੇ



ਮੌਕੇ ਵੀ ਖਾਲਸਾ ਏਡ ਨੇ ਖਾਣਾ ਪਹੁੰਚਾਇਆ ਅਤੇ ਲੋਕਾਂ ਦੇ ਮੁੜ-ਵਸੇਬੇ ਵਿਚ ਮਦਦ ਕੀਤੀ। ਇਸੇ ਤਰ੍ਹਾਂ ਅਗਸਤ 2007 ਪੰਜਾਬ ਦੇ ਹੜ੍ਹਾਂ, ਜਨਵਰੀ 2010 ਵਿਚ ਹੈਤੀ ਭੂਚਾਲ, ਮਾਰਚ 2011 ਲਿਬੀਆ ਅਤੇ ਸੀਰੀਆ, 20 13 ਵਿਚ ਉਤਰਾਖੰਡ ਹੜ੍ਹਾਂ ਦੌਰਾਨ, ਸਤੰਬਰ 2013 ਵਿਚ ਮੁਜ਼ੱਫਰਪੁਰ ਦੰਗੇ, ਸਤੰਬਰ 2014 ਜੰਮੂ-ਕਸ਼ਮੀਰ ਹੜ੍ਹਾਂ ਦੌਰਾਨ, ਜੁਲਾਈ 2015 ਯਮਨ ਗ੍ਰਹਿ ਯੁੱਧ, ਮਈ 2016 ਗ੍ਰੀਸ ਸ਼ਰਨਾਰਥੀ ਅਤੇ 2017 ਅਗਸਤ ਰੋਹਿੰਗੀਆ ਮਿਸ਼ਨ ਵਿਚ ਲੰਗਰ, ਕੱਪੜੇ ਤੇ ਹੋਰ ਸਾਮਾਨ ਦਿੱਤਾ। ਜਨਵਰੀ 2014 ਵਿਚ ਇੰਗਲੈਂਡ ਦੇ ਸਮਰਸੈਟ ਤੇ ਬਰਕਸ਼ਾਇਰ ਇਲਾਕਿਆਂ ਦੇ ਪਿੰਡਾਂ ਵਿਚ ਭਿਆਨਕ ਹੜ੍ਹ ਆ ਗਿਆ। ਹੜ੍ਹ ਇਤਨਾ ਜ਼ਿਆਦਾ ਸੀ ਕਿ ਘਰਾਂ ਦੇ ਘਰ ਰੋੜ੍ਹ ਕੇ ਲੈ ਗਿਆ। ਹਜ਼ਾਰਾਂ ਟਨ ਕੂੜਾ ਘਰਾਂ ਵਿਚ ਇਕੱਠਾ ਹੋ ਗਿਆ। ਉਥੋਂ ਦਾ ਪ੍ਰਬੰਧ ਵੀ ਬੇਬਸ ਹੋ ਗਿਆ। ਖਾਲਸਾ ਏਡ ਦੇ 50 ਵਾਲੰਟੀਅਰ ਉਥੇ ਪਹੁੰਚ ਗਏ, ਜਿਨ੍ਹਾਂ ਉਥੋਂ ਦੇ ਬੇਘਰ ਹੋਏ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਕੈਂਪਿੰਗ ਰਾਹੀਂ ਕੀਤਾ ਅਤੇ ਖਾਣ ਪੀਣ ਲਈ ਲੰਗਰ ਅਤੇ ਪਾਣੀ ਲਗਾਤਾਰ ਦਿੰਦੇ ਰਹੇ, ਜਿਤਨੀ ਦੇਰ ਤੱਕ ਉਨ੍ਹਾਂ ਦਾ ਸਥਾਈ ਪ੍ਰਬੰਧ ਨਹੀਂ ਹੋ ਗਿਆ। ਖਾਲਸਾ ਏਡ ਦੇ ਵਾਲੰਟੀਅਰਾਂ ਨੇ 1500 ਘੰਟੇ ਲਗਾਤਾਰ ਕੰਮ ਕਰਕੇ 1ਲੱਖ 600 ਟਨ ਕੂੜ ਕਬਾੜ ਦੇ ਬੈਗ ਢੋਅ ਕੇ ਘਰਾਂ ਵਿਚੋਂ ਬਾਹਰ ਸੁੱਟੇ। ਜੇਕਰ ਇਹ ਗੰਦ ਮੰਦ ਢੋਅ ਕੇ ਬਾਹਰ ਨਾ ਲਿਜਾਂਦੇ ਤਾਂ ਬਿਮਾਰੀਆਂ ਫੈਲਣ ਦਾ ਡਰ ਸੀ। ਖਾਲਸਾ ਏਡ ਦੀ ਸੇਵਾ ਭਾਵਨਾ ਵੇਖ ਕੇ ਸਥਾਨਕ ਗੋਰੇ ਵੀ ਵਾਲੰਟੀਅਰ ਬਣ ਗਏ। ਰਵੀ ਸਿੰਘ ਦੀ ਸੇਵਾ ਤੋਂ ਗੋਰੇ ਇਤਨੇ ਪ੍ਰਭਾਵਤ ਹੋਏ ਕਿ ਉਨਾਂ ਨੇ ਉਥੋਂ ਦੇ "ਸਰਪ੍ਰਾਈਜ਼ ਸਰਪ੍ਰਾਈਜ਼" ਟੈਲੀਵਿਜ਼ਨ ਸ਼ੋਅ ਵਿਚ ਰਵੀ ਸਿੰਘ ਨੂੰ ਬੁਲਾਕੇ ਵਿਸ਼ੇਸ ਤੌਰ 'ਤੇ ਸਨਮਾਨਿਤ ਕੀਤਾ।

ਪਹੁੰਚ ਕੇ ਲੰਗਰ ਲਗਾਏ ਸਨ।

ਖਾਲਸਾ ਏਡ ਨੇ ਆਪਣੇ ਵਾਲੰਟੀਅਰਜ਼ ਦੀ ਮਦਦ ਨਾਲ ਪੰਜਾਬ ਵਿਚ ਸਿਖਿਆ ਅਤੇ ਸਿਹਤ ਸਹੂਲਤਾਂ ਦੇਣ ਦਾ ਪ੍ਰੋਗਰਾਮ ਬਣਾਇਆ ਹੈ। ਇਸ ਮੰਤਵ ਲਈ ਉਨ੍ਹਾਂ ਪੰਜਾਬ ਵਿਚ ਦੋ ਸਕੂਲ ਇਕ ਪਟਿਆਲਾ ਵਿਖੇ ਭਾਈ ਲਾਲੋ ਮਿਡਲ ਸਕੂਲ ਭਾਈ ਘਨ੍ਹਈਆ ਚੈਰੀਟੇਬਲ ਟਰੱਸਟ ਅਤੇ ਦੂਜਾ ਸੰਗਰੂਰ ਜਿਲ੍ਹੇ ਵਿਚ ਭਵਾਨੀਗੜ੍ਹ ਵਿਖੇ ਖਾਲਸਾ ਏਡ ਦਸ਼ਮੇਸ ਸਕੂਲ ਜੋ ਕਾਕੜਾ ਪਿੰਡ ਦੇ ਨਜ਼ਦੀਕ ਚੁਣੇ ਹਨ। ਇਨ੍ਹਾਂ ਸਕੂਲਾਂ ਦੇ 1500 ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਖਾਲਸਾ ਏਡ ਮਿਸ਼ਨ ਕਰ ਰਿਹਾ ਹੈ।

### ਸਿੱਖ ਨਸਲਕੁਸ਼ੀ ਤੋਂ ਦੁੱਖੀ ਰਵੀ ਸਿੰਘ-

ਰਵੀ ਸਿੰਘ ਆਖਦੇ ਹਨ ਕਿ ਗੱਲ 1988-89 ਦੀ ਹੈ.. ਮੇਰੀ ਜਿੰਦਗੀ ਇੰਗਲੈਂਡ ਵਰਗੇ ਖੁਸ਼ਹਾਲ ਮੁਲਖ ਵਿਚ ਆਰਾਮ ਨਾਲ ਗੁਜ਼ਰ ਰਹੀ ਸੀ..ਚੜ੍ਹਦੀ ਜੁਆਨੀ ਵਿਚ ਮੁੰਡਿਆਂ ਖੁੰਡਿਆਂ ਵਾਲੇ ਸਾਰੇ ਸ਼ੌਕ ਪੂਰੇ ਜੋਬਨ 'ਤੇ ਸਨ.. ਸ਼ੀਸ਼ੇ ਮੂਹਰੇ ਅਕਸਰ ਹੀ ਘੰਟਿਆਂ ਬੱਧੀ ਖਲੋਤਾ ਆਪਣੇ ਆਪ ਨੂੰ ਨਿਹਾਰਦਾ ਰਹਿੰਦਾ ਸੀ। ਇੱਕ ਦਿਨ ਅਚਾਨਕ ਨਜ਼ਰ ਕੋਲ ਪਏ ਪੰਜਾਬੀ ਅਖਬਾਰ 'ਤੇ ਛਪੀਆਂ ਹੋਈਆਂ ਸਿੱਖ ਨੌਜਵਾਨਾਂ ਦੀਆਂ ਬਲੈਕ ਐਂਡ ਵ੍ਹਾਈਟ ਫੋਟੋਆਂ ਵੱਲ ਪੈ ਗਈ..ਸਾਹਮਣੇ ਇੱਕ ਜਾਣੀ ਪਛਾਣੀ ਜਿਹੀ ਤਸਵੀਰ ਸੀ। ਹੁਸ਼ਿਆਰਪੂਰ ਜਿਲੇ ਦੇ ਮੁੰਡੀਆਂ-ਜੱਟਾਂ ਪਿੰਡ ਦਾ ਚਰਨਜੀਤ ਸਿੰਘ ਚੰਨੀ..ਨਿੱਕੇ ਹੁੰਦਿਆਂ ਦਾ ਪੱਕਾ ਯਾਰ। ਗਹੁ ਨਾਲ ਪੜ੍ਹਿਆ ਤਾਂ ਪੈਰਾਂ ਹੇਠੋਂ ਜਮੀਨ ਨਿਕਲ ਗਈ.. ਇਹ ਸਾਰੇ ਪੰਜਾਬ ਵਿਚ ਵੱਖੋ-ਵੱਖ ਥਾਵਾਂ ਤੇ ਝੂਠੇ ਮੁਕਾਬਲੇ ਬਣਾ ਕੇ ਮੁਕਾ ਦਿੱਤੇ ਗਏ ਸਨ!

ਓਸੇ ਵੇਲੇ ਹੀ ਪੰਜਾਬ ਬੈਠੀ ਮਾਂ ਨੂੰ ਫੋਨ ਲਾਇਆ..ਪੁੱਛਿਆ ਚੰਨੀ ਨੂੰ ਕੀ ਹੋ ਗਿਆ?

ਆਖਣ ਲੱਗੀ ਕੁਝ ਨੀ ਪੁੱਤ ਤੂੰ ਆਪਣੀ ਜ਼ਿੰਦਗੀ ਜੀਵੀ ਚੱਲ। ਮੇਰੀਆਂ ਆਂਦਰਾਂ ਨੂੰ ਸੇਕ ਲੱਗ ਚੁੱਕਾ ਸੀ..ਦੋਸਤਾਂ ਮਿੱਤਰਾਂ ਨੂੰ ਫੋਨ ਕਰ ਕੇ ਅਸਲ ਕਹਾਣੀ ਬਾਰੇ ਪੁਛਿਆ.. ਆਖਣ ਲੱਗੇ ਕਿ ਕੌਮ ਦੀ ਖਾਤਿਰ ਭਾਰੀ ਤਸ਼ੱਦਦ ਸਹਿੰਦਾ ਹੋਇਆ ਜਾਨ ਵਾਰ ਗਿਆ। ਪਤਾ ਲੱਗਾ ਕਿ ਹੁਸ਼ਿਆਰਪੁਰ ਜਿਲੇ ਦੇ ਪੰਜ ਥਾਣਿਆਂ ਦੀ ਪੁਲਸ ਨੇ ਵਾਰੋ ਵਾਰੀ ਅੰਨਾ ਤਸ਼ੱਦਦ ਕੀਤਾ ਸੀ, ਹੱਡੀਆਂ ਤੋੜ ਸੁਟੀਆਂ..ਆਖਰੀ ਥਾਣਾ ਜਿਥੇ ਉਸਦੀ ਜਾਨ ਨਿਕਲੀ..ਓਸੇ ਸੰਧੂ ਦੇ ਕੰਟਰੋਲ ਵਾਲਾ ਥਾਣਾ ਸੀ ਜਿਹੜਾ ਸ਼ਰਾਬ ਦਾ ਘੁੱਟ ਅੰਦਰ ਲੰਘਾਉਂਦਾ ਹੋਇਆ ਨੂੜੇ ਹੋਏ ਦੀ ਮੌਤ ਦੇ ਪਰਵਾਨੇ 'ਤੇ ਦਸਤਖਤ ਕਰ ਦਿਆ ਕਰਦਾ। ਓਹੀ ਸੰਧੂ ਜਿਸ ਨੇ ਤਰਨ-ਤਾਰਨ ਕਾਰ ਸੇਵਾ ਵਾਲੇ ਬਾਬਾ ਚਰਨ ਸਿੰਘ ਨੂੰ ਦੋ ਵੱਖੋ ਵੱਖ ਜੀਪਾਂ ਨਾਲ ਬੰਨ ਸਰੀਰ ਵਿਚੋਂ ਪੜਵਾ ਦਿੱਤਾ ਸੀ। ਇਸੇ ਸੰਧੂ ਨੇ ਚੰਨੀ 'ਤੇ ਆਪ ਤਸ਼ੱਦਦ ਕੀਤਾ ਤੇ ਫੇਰ ਜਦੋਂ ਸਰੀਰ ਪੂਰੀ ਤਰ੍ਹਾਂ ਨਕਾਰਾ ਹੋ ਗਿਆ ਤਾਂ ਇੱਕ ਰਾਤ ਦਰਿਆ ਬਿਆਸ ਕੰਢੇ ਖੜ ਗੋਲੀ ਮਾਰ ਦਿੱਤੀ ਤੇ ਅਗਲੇ ਦਿਨ ਅਖਬਾਰ ਵਿਚ ਖਬਰ ਲੁਆ ਦਿੱਤੀ ਕੇ ਇੱਕ ਕੱਟੜ ਅੱਤਵਾਦੀ ਮੁਕਾਬਲੇ ਵਿਚ ਹਲਾਕ!

ਰਵੀ ਸਿੰਘ ਆਖਦੇ ਹਨ ਕਿ ਇਹ ਬਿਰਤਾਂਤ ਸੁਣ ਵਜੂਦ ਧੁਆਂਖਿਆ ਗਿਆ..ਰੂਹ ਬੇਚੈਨ ਹੋ ਉੱਠੀ..ਜਮੀਰ ਨੇ ਮਾਨਸਿਕਤਾ ਨੂੰ ਝੰਜੋੜਿਆ.. ਆਖਣ ਲੱਗੀ ਬੇਗੈਰਤਾ ਪੰਜਾਬ ਵਿਚ ਕੀ ਹੋਈ ਜਾਂਦਾ ਤੇ ਤੈਨੂੰ ਸੱਜਣ ਫੱਬਣ ਤੋਂ ਵੇਹਲ ਨੀ.. ਫੇਰ ਚੰਗੀ ਤਰ੍ਹਾਂ ਘੋਖ ਕੀਤੀ..ਜੂਨ ਚੁਰਾਸੀ ਤੇ ਮਗਰੋਂ ਅਸਲ ਵਿਚ ਕੀ ਵਾਪਰਿਆ ਸੀ ਤੇ ਮਗਰੋਂ ਨਵੰਬਰ ਚੁਰਾਸੀ ਵਿਚ ਕੌਮ ਦਾ ਸੰਗਠਿਤ ਤਰੀਕੇ ਨਾਲ ਕਿਦਾਂ ਘਾਣ ਹੋਇਆ..ਕਿਦਾਂ ਬੀਬੀਆਂ ਬੇਪਤ ਹੋਈਆਂ..ਤੇ ਕਿੱਦਾਂ ਇਸ ਸਭ ਕੁਝ ਦੇ ਦੋਸ਼ੀ ਸਰਕਾਰੀ ਮਹਿਮਾਨ ਬਣ ਸੱਤਾ ਦਾ ਸੁਖ ਭੋਗਦੇ ਰਹੇ। ਮੇਰਾ ਸਰੂਪ ਬਦਲ ਗਿਆ..ਸੋਚ ਵੀ ਪਲਟ ਗਈ...ਅੰਦਰ ਨਵਾਂ ਸੱਚਾ ਸੰਕਲਪ ਜਨਮ ਲੈ ਚੁਕਾ ਸੀ..ਭੁੱਖਿਆਂ ਦਾ ਢਿੱਡ ਭਰਨ ਵਾਲਾ ਸੰਕਲਪ..ਸਿੱਖੀ ਤੇ ਸਿੱਖੀ ਸਿਧਾਂਤ ਨੂੰ ਦੁਨੀਆਂ ਦੇ ਕੋਨੇ ਕੋਨੇ ਵਿਚ ਪੁਚਾਉਣ ਵਾਲਾ ਸਰਬੱਤ ਦੇ ਭਲੇ ਵਾਲਾ ਸੰਕਲਪ..

ਉਸ ਦਿਨ ਮਗਰੋਂ ਬੱਸ ਚਲ ਸੋ ਚੱਲ..ਗੁਰੂ ਦੀ ਮਿਹਰ ਹੋਣ ਲੱਗੀ ਤੇ ਫੇਰ ਕਦੀ ਮੁੜ ਕੇ ਨਹੀਂ ਦੇਖਿਆ..ਕਾਰਵਾਂ ਚਲਤਾ ਗਿਆ ਲੋਕ ਮਿਲਤੇ ਗਏ! ਕੁਝ ਸਮਾਂ ਪਹਿਲਾਂ ਕਿਸੇ ਦਸਿਆ ਕੇ ਮੈਨੂੰ ਇੰਡੀਅਨ ਆਫ ਦੀ ਯੀਅਰ ਵਾਲੇ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਰਿਹਾ ਏ...

ਝੂਠੇ ਮੁਕਾਬਲੇ ਵਿਚ ਮਾਰਿਆ ਮੇਰਾ ਯਾਰ ਚੰਨੀ ਅੱਖਾਂ ਅੱਗੇ ਆ ਗਿਆ..ਨਵੰਬਰ ਚੁਰਾਸੀ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਤੇ ਕਮਲ ਨਾਥ ਹੱਸਦੇ ਹੋਏ ਟਿੱਚਰਾਂ ਕਰਦੇ ਨਜ਼ਰ ਆਏ..ਓਸੇ ਵੇਲੇ ਟਵੀਟ ਕੀਤਾ ਕੇ ਮੈਂ ਤੇ ਇੰਡੀਅਨ ਹੈ ਹੀ ਨਹੀਂ..ਪੰਜਾਬੀ ਹੀ ਮੇਰੀ ਪਹਿਚਾਣ ਹੈ..ਹਾਂ ਆਪਣੇ ਨਾਮ ਦੇ ਪਿੱਛੋਂ ਖ਼ਾਲਸਾ ਹਟਾ ਕੇ ਖੁਸ਼ੀ-ਖੁਸ਼ੀ 9 ਇੰਡੀਅਨ ਲਿਖਵਾ ਲਵਾਂਗਾ ਜੇ ਮੇਰੀਆਂ ਤਿੰਨ ਮੰਗਾਂ ਪੂਰੀਆਂ ਕਰ ਲਵੋ ਤਾਂ..

ਨੰਬਰ ਇੱਕ..ਸੰਨ 1982 ਤੋਂ ਲੈ ਕੇ ਹੁਣ ਤੱਕ ਮੁਕਾਬਲਿਆਂ ਵਿਚ ਮਾਰੇ ਗਏ ਸਾਰੇ ਸਿੱਖ ਨੌਜਵਾਨਾਂ ਦੇ ਕੇਸਾਂ ਦੀ ਜੁਡੀਸ਼ੀਅਲ ਇਨਕੁਆਰੀ ਹੋਵੇ ਅਤੇ ਦੋਸ਼ੀਆਂ ਨੂੰ ਬਣਦੀਆਂ ਸਜਾਵਾਂ ਦਿੱਤੀਆਂ ਜਾਣ! ਨੰਬਰ ਦੋ..ਜੂਨ ਚੁਰਾਸੀ ਦੇ ਘਲੂਘਾਰੇ ਦੇ ਦੋਸ਼ੀ ਅਤੇ ਨਵੰਬਰ ਚੁਰਾਸੀ ਦੀ ਨਸਲਕੁਸ਼ੀ ਦੇ ਸਾਰੇ ਜਿੰਦਾ ਬਚ ਗਏ ਦੋਸ਼ੀ ਫਾਹੇ ਟੰਗੇ ਜਾਣ। ਨੰਬਰ ਤਿੰਨ..ਸਿੱਖੀ ਤੇ ਸਿੱਖਾਂ ਨੂੰ ਇੱਕ ਜ਼ਿੰਮੇਵਾਰ ਮੰਚ ਤੋਂ ਇੱਕ ਅਲੱਗ ਕੌਮ ਮੰਨਿਆ ਜਾਵੇ।

### ਆਖਰੀ ਗੱਲ-

ਬਹੁਤਿਆਂ ਨੂੰ ਭੁਲੇਖਾ ਏ ਕੇ ਜਿਸ ਦਿਨ ਦੁਨੀਆ ਦੇ ਕਿਸੇ ਖਿੱਤੇ ਵਿਚ ਮਨੁੱਖਤਾ ਦੀ ਸੇਵਾ ਕਰਦਿਆਂ ਰਵੀ ਸਿੰਘ ਦੇ ਚੀਥੜੇ ਉੱਡ ਗਏ ਤਾਂ "ਖਾਲਸਾ ਏਡ" ਨਾਮ ਦੀ ਸੰਸਥਾ ਵੀ ਆਪੇ ਮੁੱਕ ਜੂ..ਪਰ ਦੱਸਣਾ ਚਾਹੁੰਦਾ ਹਾਂ ਕੇ ਬਹੁਤ ਸਾਰੇ ਹੋਰ ਰਵੀ ਸਿੰਘ ਮੈਂ ਪਹਿਲਾਂ ਹੀ ਤਿਆਰ ਭਰ ਤਿਆਰ ਖੜੇ ਕਰ ਚੁੱਕਾ ਹਾਂ..ਮੇਰਾ ਪਤਾ ਨਹੀਂ ਪਰ ਖਾਲਸਾ ਏਡ ਕਦੇ ਨਹੀਂ ਮਰ ਸਕਦੀ।

## ਗੁਰੂਆਂ ਦੀ ਓਟ ਪੰਜਾਬ ਤੇ ਪੰਜਾਬੀਆਂ 'ਤੇ

### *ਸਿੱਖਾਂ ਦਾ ਜਜ਼ਬਾ ਦੇਖ ਕੇ ਮਸ਼ਹੂਰ ਮਾਡਲ ਹਿਮਾਂਸ਼ੀ ਹੋਈ ਹੈਰਾਨ*

ਪੰਜਾਬੀ ਸੰਗੀਤ ਜਗਤ ਦੀ ਮਸ਼ਹੂਰ ਮਾਡਲ ਹਿਮਾਂਸ਼ੀ ਖੁਰਾਨਾ ਪੰਜਾਬ ਵਿਚ ਗੁਰੂ ਖਾਲਸਾ ਦੀ ਚੜ੍ਹਦੀਕਲਾ ਤੇ ਹੜਾਂ ਤੇ ਮੌਤ ਨਾਲ ਜੂਝਦਿਆਂ ਦੇਖ ਕੇ ਮੂੰਹ ਵਿਚ ਉਂਗਲਾਂ ਦਬਾ ਲਈਆਂ। ਹਿਮਾਂਸ਼ੀ ਖੁਰਾਨਾ ਨੇ ਆਪਣੇ ਇੰਸਟਾਗ੍ਰਾਮ 'ਤੇ ਵੀਡੀਓ ਸ਼ੇਅਰ ਕਰਦਿਆਂ ਲਿਖਿਆ ਕਿ "ਇਸ ਜਗ੍ਹਾ ਕੋਈ ਮੀਡੀਆ ਨਹੀਂ ਤੇ ਕੋਈ ਮਦਦ ਲਈ ਨਹੀਂ ਆ ਰਿਹਾ। ਸਭ ਯੂ ਟਿਊਬ 'ਤੇ ਵਿਊਜ਼ ਵਧਾਉਣ ਦੇ ਚੱਕਰ ਵਿਚ ਨੇ। ਖ਼ਾਲਸਾ ਏਡ ਅਜਿਹੇ ਹਾਲਾਤਾਂ ਵਿਚ ਇਨ੍ਹਾਂ ਦੀ ਮਦਦ ਕਰ ਰਹੀ ਹੈ।" ਹਿਮਾਂਸ਼ੀ ਨੇ ਇਹ ਵੀ ਲਿਖਿਆ ਕਿ ਸਿੱਖਾਂ ਦਾ ਧੰਨ ਜਿਗਰਾ ਕਿ ਇੰਨੀ ਬਿਪਤਾ ਦੇ ਵਿੱਚ ਵੀ ਉਹ ਸਾਨੂੰ ਚਾਹ ਪਾਣੀ ਪੁੱਛ ਰਹੇ ਹਨ। ਦਾਰਸ਼ਨਿਕ ਕਵੀ ਪ੍ਰੋਫੈਸਰ ਪੂਰਨ ਸਿੰਘ ਗੁਰੂ ਖਾਲਸੇ ਦੇ ਕਿਰਦਾਰ ਨੂੰ ਠੀਕ ਬਿਆਨਦੇ ਹਨ-

ਘਰ, ਘਰ ਗੁਰੂ ਵੱਸਦਾ ਪੰਜਾਬ ਵਿੱਚ,
ਘਰ, ਘਰ ਬਰਕਤ ਵੱਸਦੀ,
ਪਰ ਨੈਣ ਸਾਡੇ ਮੁੜ ਮਨ-ਬੰਦ ਨੈਣ ਹੋਏ,
ਗੁਰੂ ਦੀ ਮੇਹਰ ! ਨੈਣ ਮੋੜਦੇ !
ਇੱਥੇ ਅੱਜ ਜ਼ਾਹਰਾ ਜ਼ਹੂਰ
ਸਾਡਾ ਗੁਰੂ ਗ੍ਰੰਥ ਹੈ,
ਗੁਰੂ ਇਹ ਆਪ ਜਰਨੈਲ ਹੈ,
ਲੱਖਾਂ ਫੌਜਾਂ ਤਾਬੇ ਇਸ ਗੁਰੂ ਸੂਰਮੇ,
ਵੱਖਰਾ ਸਿੱਖ ਹੋ ਸਕਦਾ ਨਹੀਂ,
ਵਖਰਾ ਅੰਧਕਾਰ
ਹੰਕਾਰ ਹੈ ।
ਸਿਖ ਇਤਿਹਾਸ ਸਾਰਾ ,
ਬਾਣੀ ਦਾ ਟੀਕਾ
ਸੁਰਤਿ ਦੇ ਭੇਤ ਦਾ,
ਸੋਹਣਾ ਦਸ ਅਵਤਾਰ ਹੈ ।
ਛਬੀ ਸਾਰੀ ਮਿਲਵੀਂ, ਮਿਲਵੀਂ,
ਵੱਖ ਵੇਖਣਾ ਪਾਪ ਹੈ,
ਗੁਰੂ ਇਤਿਹਾਸ ਸਾਰਾ,
ਗੁਰੂ-ਕਿਰਤ ਸਾਰੀ,
ਗੁਰੂ-ਕਰਨੀ ਮਿਲਵੀਂ, ਮਿਲਵੀਂ
ਬਾਣੀ ਦਾ ਅਲਾਪ ਹੈ।



ਅੰਮ੍ਰਿਤਸਰ ਟਾਈਮਜ਼
AMRITSAR TIMES

28 ਅਗਸਤ 2019 ਤੋਂ 03 ਸਤੰਬਰ 2019

# ਸਿੱਖਾਂ ਲਈ ਕਰਤਾਰਪੁਰ ਸਾਹਿਬ ਦਾ ਲਾਂਘਾ ਤੇ ਭਾਰਤ-ਪਾਕਿ ਸਬੰਧ

**ਮਨਜੀਤ ਸਿੰਘ ਟਿਵਾਣਾ**

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ, ਰਾਜ ਸਭਾ ਮੈਂਬਰ ਸੁਬਰਾਮਨੀਅਮ ਸਵਾਮੀ ਦੇ ਕਰਤਾਰਪੁਰ ਲਾਂਘੇ ਦਾ ਕੰਮ ਬੰਦ ਕਰ ਦੇਣ ਵਾਲੇ ਬਿਆਨ ਦੇ ਗਹਿਰੇ ਰਾਜਨੀਤਕ ਮਾਇਨੇ ਹਨ। ਪੰਜਾਬ ਸਮੇਤ ਵਿਸ਼ਵ ਭਰ ਵਿਚ ਵਸਦੇ ਸਿੱਖਾਂ ਵਾਸਤੇ ਇਸ ਲਾਂਘੇ ਦੇ ਐਨ ਆਖਰੀ ਪੜਾਅ ਉਤੇ ਆ ਕੇ ਵੀ ਨਾ ਬਣਨ ਦੀਆਂ ਅਟਕਲਾਂ ਧਿਆਨ ਦੀ ਮੰਗ ਕਰਦੀਆਂ ਹਨ। ਸੁਬਰਾਮਨੀਅਮ ਸਵਾਮੀ ਭਾਜਪਾ ਵਿਚ ਆਰਐਸਐਸ ਦੀ ਵਿਚਾਰਧਾਰਾ ਤੇ ਸਖਤੀ ਨਾਲ ਪਹਿਰਾ ਦੇਣ ਵਾਲਾ ਉਹ ਆਗੂ ਹੈ, ਜੋ ਸੰਘ ਨੇ ਬਹੁਤ ਸਾਰੇ ਗੁੱਝੇ ਨਿਸ਼ਾਨੇ ਫੁੰਡਣ ਲਈ ਹੀ ਪਾਲਿਆ ਹੋਇਆ ਹੈ। ਹਾਲ ਦੀ ਘੜੀ ਭਾਵੇਂ ਸਵਾਮੀ ਨੇ ਇਹ ਕਹਿ ਕੇ ਕਿ ਇਹ ਉਸ ਦੇ ਨਿੱਜੀ ਵਿਚਾਰ ਹਨ, ਮਾਮਲੇ ਉਤੇ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਭਾਰਤ ਦੀ ਤਰਫੋਂ ਵਾਰ-ਵਾਰ ਕਰਤਾਰਪੁਰ ਲਾਂਘੇ ਬਾਰੇ ਭੜਕਾਊ ਬਿਆਨਬਾਜ਼ੀ ਤੇ ਪਾਕਿਸਤਾਨ ਦਾ ਤਮਾਮ ਮੁਸ਼ਕਲਾਂ ਦੇ ਬਾਅਦ ਵੀ ਲਾਂਘੇ ਦੇ ਪੱਖ ਵਿਚ ਡਟੇ ਰਹਿਣਾ, ਇਸ਼ਾਰਾ ਕਰਦਾ ਹੈ ਕਿ ਦੋਵੇਂ ਦੇਸ਼ਾਂ ਵਿਚਾਲੇ ਚੱਲ ਰਹੀ ਕੂਟਨੀਤਕ ਜੰਗ ਵਿਚ ਸਿੱਖਾਂ ਦੇ ਹਿੱਤ ਅਤੇ ਸਿੱਖ ਕੌਮ ਦਾ ਰੋਲ ਅਹਿਮ ਬਣ ਗਏ ਹਨ। ਭਾਰਤ ਅਤੇ ਪਾਕਿਸਤਾਨ ਦੇ ਦੁਸ਼ਮਣੀ ਵਾਲੇ ਅਤੀਤ ਦੇ ਮੱਦੇਨਜ਼ਰ ਇਸ ਭੂਗੋਲਿਕ ਖਿੱਤੇ ਵਿਚ ਸਿੱਖਾਂ ਦਾ ਇਕ ਤੀਜੀ ਧਿਰ ਵੱਜੋਂ ਵਿਚਰਨ ਦਾ ਸਵਾਲ ਹੋਰ ਵੀ ਅਹਿਮ ਹੋ ਗਿਆ ਹੈ।

ਸਵਾਮੀ ਨੇ ਕਿਹਾ ਕਿ ਕਰਤਾਰਪੁਰ ਕਾਰੀਡੋਰ ਦਾ ਨਿਰਮਾਣ ਰੋਕਣਾ ਦੇਸ਼ (ਭਾਰਤ) ਦੇ ਹਿੱਤ ਵਿਚ ਹੈ ਅਤੇ ਪਾਕਿਸਤਾਨ ਨੂੰ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਕਰਨ ਦਾ ਬਹਾਨਾ ਨਹੀਂ ਦੇਣਾ ਚਾਹੀਦਾ। ਮਤਲਬ ਸਾਫ ਹੈ ਕਿ ਭਾਰਤ ਵੱਲੋਂ ਪਾਕਿਸਤਾਨ ਨਾਲ ਹੋਣ ਵਾਲੀ ਕਿਸੇ ਵੀ ਪੱਧਰ ਦੀ ਗੱਲਬਾਤ ਨੂੰ ਰੋਕਣਾ ਪ੍ਰਮੁੱਖ ਹੈ, ਜਿਸ ਵਾਸਤੇ ਸਵਾਮੀ ਮੁਤਾਬਕ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਖੁੱਲਣਾ ਭਾਰਤ ਦੇ ਪੱਖ ਵਿਚ ਨਹੀਂ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਹੈ ਕਿ ਜੰਮੂ-ਕਸ਼ਮੀਰ ਦੇ ਮੌਜੂਦਾ ਹਾਲਾਤ ਵਿਚ ਪਾਕਿਸਤਾਨ ਦੀ ਭੂਮਿਕਾ ਨੂੰ ਦੇਖਦਿਆਂ ਉਸ ਨਾਲ ਸੁਖਾਵੇਂ ਸਬੰਧ ਕਿਵੇਂ ਬਣ ਸਕਦੇ ਹਨ। ਗੌਰਤਲਬ ਹੈ ਕਿ ਸਾਲ ਕੁ ਪਹਿਲਾਂ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਹੀ ਪਾਕਿਸਤਾਨ ਨਾਲ ਸ਼ਾਂਤੀ ਬਹਾਲੀ ਲਈ ਮੁਲਾਕਾਤ ਕਰਨ ਮੌਕੇ ਖੁਦ ਕਰਤਾਰਪੁਰ ਸਾਹਿਬ ਦੇ ਲਾਂਘੇ ਉਤੇ ਵਿਚਾਰ ਕਰਨ ਦਾ ਐਲਾਨ ਕੀਤਾ ਸੀ।

ਦੂਜੇ ਪਾਸੇ ਪਾਕਿਸਤਾਨ ਅਜੇ ਵੀ ਸ੍ਰੀ ਕਰਤਾਰਪੁਰ ਸਾਹਿਬ ਵਾਸਤੇ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਪੰਜਾਹਵੇਂ ਗੁਰਪੁਰਬ ਸਮਾਗਮਾਂ ਸਮੇਂ ਆਰਜ਼ੀ ਲਾਂਘਾ ਦੇਣ ਲਈ ਰਾਜ਼ੀ ਹੈ। ਕਰਤਾਪੁਰ ਸਾਹਿਬ ਦੇ ਲਾਂਘੇ ਦੇ ਖੁੱਲ੍ਹਣ ਦੀਆਂ ਸੰਭਾਵਨਾਵਾਂ ਨੂੰ ਤਾਰਪੀਡੋ ਕਰਨਾ ਸਿੱਖਾਂ ਦੇ ਜ਼ਖਮਾਂ ਨੂੰ ਕੁਰੇਦਣ ਵਰਗਾ ਤਾਂ ਹੈ ਹੀ ਪਰ ਇਸ ਮੋੜ ਉਤੇ ਸਿੱਖਾਂ ਵਾਸਤੇ ਭਾਰਤ ਤੇ ਪਾਕਿਸਤਾਨ ਦੇ ਆਪਸੀ ਸਬੰਧਾਂ ਨੂੰ ਕਈ ਹੋਰ ਸੰਦਰਭਾਂ ਤੋਂ ਵੀ ਦੇਖਣ ਤੇ ਪਰਖਣ ਦੀ ਜ਼ਰੂਰਤ ਹੈ।

ਦਰਅਸਲ ਜਦੋਂ ਤੋਂ ਮੋਦੀ ਸਰਕਾਰ ਨੇ ਕੇਂਦਰ ਵਿਚ ਸੱਤਾ ਸੰਭਾਲੀ ਹੋਈ ਹੈ, ਉਦੋਂ ਤੋਂ ਹੀ ਸਾਫ ਜ਼ਾਹਰ ਹੋ ਰਿਹਾ ਹੈ ਕਿ ਇਹ ਸਰਕਾਰ ਦਿਲੋਂ ਪਾਕਿਸਤਾਨ ਨਾਲ ਸਬੰਧ ਸੁਧਾਰਨ ਦੀ ਚਾਹਵਾਨ ਹੀ ਨਹੀਂ ਹੈ। ਹਾਲ ਹੀ ਵਿਚ ਜੰਮੂ-ਕਸ਼ਮੀਰ ਵਿਚ ਵਾਪਰੇ ਘਟਨਾਕਰਮ ਨੇ ਮੋਦੀ ਸਰਕਾਰ ਦੇ ਦੋਹਰੇ ਮਾਪਦੰਡ ਸਾਫ ਉਜਾਗਰ ਕੀਤੇ ਹਨ। ਜਿਥੋਂ ਤਕ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਸਵਾਲ ਹੈ, ਜਦੋਂ ਖੁਦ ਪਾਕਿਸਤਾਨ ਬਿਨਾ ਕਿਸੇ ਅਗਾਊਂ ਸ਼ਰਤ ਦੇ ਇਹ ਰਾਹ ਦੇਣ ਲਈ ਤਿਆਰ ਹੋ ਰਿਹਾ ਹੈ, ਤਾਂ ਭਾਰਤੀ ਪਾਸੇ ਤੋਂ ਵਾਰ-ਵਾਰ ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ, ਜੋ ਅਜੇ ਵੀ ਲਾਂਘੇ ਦੇ ਖੁੱਲਣ ਬਾਰੇ ਸ਼ੱਕ-ਸ਼ੁਬਹੇ ਪੈਦਾ ਕਰ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਾਂ ਅਜਿਹਾ ਕਿੰਨੀ ਵਾਰ ਦੁਹਰਾਅ ਚੁੱਕੇ ਹਨ।

ਕਾਬਲੇਗੌਰ ਹੈ ਕਿ ਸਿੱਖ ਇਕ ਵੱਖਰੀ ਕੌਮ ਹੈ ਤੇ ਪੰਜਾਬ ਉਸ ਦੀ ਸਰਜ਼ਮੀਨ ਹੈ। ਮੁਸਲਮਾਨਾਂ ਨੇ ਆਪਣਾ ਵੱਖਰਾ ਮੁਲਕ ਪਾਕਿਸਤਾਨ ਬਣਾ ਲਿਆ ਹੈ, ਹਿੰਦੂਆਂ ਦਾ ਦਾਅਵਾ ਹੈ ਕਿ ਹਿੰਦੂਸਤਾਨ ਉਨ੍ਹਾਂ ਦਾ ਹੈ। ਅਜਿਹੇ ਸਮੇਂ ਸਿੱਖਾਂ ਵਾਸਤੇ ਇਕ ਸਵਾਲ ਬਹੁਤ ਅਹਿਮ ਹੈ ਕਿ ਉਨ੍ਹਾਂ ਦਾ ਮੁਲਕ ਕਿਹੜਾ ਹੈ ? ਜਦੋਂ ਸਾਰੇ ਆਖਦੇ ਹਨ ਕਿ ਗੁਰੂ ਬਾਬਾ ਨਾਨਕ ਤਾਂ ਸਰਬ ਸਾਂਝਾ ਹੈ, ਤਾਂ ਫਿਰ ਭਾਰਤ-ਪਾਕਿ ਦੁਸ਼ਮਣੀ ਦੀ ਭੇਟ ਕਰਤਾਰਪੁਰ ਸਾਹਿਬ ਕਿਉਂ ਚੜ੍ਹ ਰਿਹਾ ਹੈ। ਦਰਅਸਲ ਇਹ ਸਵਾਲ ਕਰੇਗਾ ਕੌਣ ? ਸਿੱਖਾਂ ਦੇ ਰਾਜਨੀਤਕ ਵਾਰਿਸ ਤਾਂ ਆਪਣਾ ਸਭ ਕੁਝ ਲੁਟਾ ਕੇ ਖੁਦ ਭਗਵਿਆਂ ਦੀ ਗੋਦ ਵਿਚ ਸ਼ਰਣ ਲੈ ਕੇ ਬੈਠੇ ਹਨ। ਉਪਰੋਂ-ਉਪਰੋਂ ਭਾਵੇਂ ਉਹ ਜੋ ਮਰਜ਼ੀ ਸਫਾਈਆਂ ਦਿੰਦੇ ਰਹਿਣ। ਸਾਨੂੰ ਇਤਿਹਾਸ ਦੀ ਰੌਸ਼ਨੀ ਵਿਚ ਕੂੜ ਦੇ ਇਸ ਆਡੰਬਰ ਨੂੰ ਸਮਝਣ ਲਈ ਯਾਦ ਰੱਖਣਾ ਹੋਵੇਗਾ ਕਿ ਗੁਰੂ ਨਾਨਕ ਸਾਹਿਬ ਨੇ ਬਿਪਰਵਾਦ ਦੇ ਝੂਠ ਤੇ ਪਾਖੰਡ ਦੀ ਜਿਹੜੀ ਹੱਟ ਬੰਦ ਕੀਤੀ ਸੀ, ਹੁਣ ਤਾਂ ਦਿੱਲੀ ਵਿਚ ਸਰਕਾਰ ਹੀ ਉਨ੍ਹਾਂ ਦੀ ਹੈ।

ਪੰਜਾਬ ਦੀ ਵੰਡ ਇਤਿਹਾਸ ਦਾ ਕਾਲਾ ਅਧਿਆਇ ਹੈ। ਇਸ ਦੇ ਬਾਵਜੂਦ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚਕਾਰ ਪੰਜਾਬੀ ਬੋਲੀ ਅਤੇ ਸਭਿਆਚਾਰ ਦੀ ਸਾਂਝ ਹੈ। ਵੰਡ ਦਾ ਦੁੱਖ ਪੰਜਾਬੀਆਂ ਦਾ ਪੀੜ੍ਹੀ ਦਾ ਦੁੱਖ ਹੈ। ਇਸ ਕਰ ਕੇ ਜਦੋਂ ਵੀ ਦੋਵਾਂ ਪੰਜਾਬਾਂ ਨੂੰ ਆਪਸ ਵਿਚ ਮਿਲਣ ਜਾਂ ਸਾਂਝ ਵਧਣ ਦਾ ਸਬੱਬ ਮਿਲਦਾ ਹੈ, ਤਾਂ ਲੋਕਾਂ ਦੀਆਂ ਭਾਵਨਾਵਾਂ ਛਲਕ ਜਾਂਦੀਆਂ ਹਨ। ਅਜਿਹਾ ਕਰ ਕੇ ਸ਼ਾਇਦ ਉਹ ਆਪਣੇ ਪੁਰਖਿਆਂ ਦੀ ਕੀਤੀ ਗਲਤੀ ਨੂੰ ਸੁਧਾਰਨਾ ਚਾਹੁੰਦੇ ਹਨ। ਸਿੱਖਾਂ ਵਾਸਤੇ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਨਾਲ ਜੁੜੇ ਯਾਦਗਾਰੀ ਅਸਥਾਨ ਕੀ ਮਾਇਨੇ ਰੱਖਦੇ ਹਨ, ਇਹ ਦੱਸਣ ਦੀ ਲੋੜ ਨਹੀਂ ਹੈ। ਕਰਤਾਰਪੁਰ ਲਾਂਘਾ ਦੋਹਾਂ ਪੰਜਾਬਾਂ ਲਈ ਹੀ ਨਹੀਂ, ਦੋ ਦੇਸ਼ਾਂ ਲਈ ਹੀ ਨਹੀਂ, ਸਗੋਂ ਭੂਗੋਲਿਕ ਕਾਰਨਾਂ ਕਰਕੇ ਇਸ ਸਮੁੱਚੇ ਖਿੱਤੇ ਵਾਸਤੇ ਅਹਿਮ ਸਾਬਤ ਹੋ ਸਕਦਾ ਹੈ। ਹਿੰਦੂ ਰਾਸ਼ਟਰਵਾਦ ਦੀ ਜਿਹੜੀ ਭਾਵਨਾ ਇਸ ਸਮੇਂ ਪੂਰੇ ਹਿੰਦੋਸਤਾਨ ਉਤੇ ਤਾਰੀ ਹੈ, ਉਸ ਦੇ ਹਮਾਇਤੀ ਸਾਰੀਆਂ ਪਾਰਟੀਆਂ ਵਿਚ ਬੈਠੇ ਹਨ। ਇਸ ਕਰ ਕੇ ਹਿੰਦੂ ਰਾਸ਼ਟਰਵਾਦ ਦੀ ਹੋਂਦ ਨੂੰ ਹੋਰ ਪੁਖਤਾ ਕਰਨ ਲਈ ਪਾਕਿਸਤਾਨ ਨਾਲ ਸਬੰਧ ਖਰਾਬ ਰਹਿਣੇ ਜਾਂ ਕਰਨੇ ਲਾਜ਼ਮੀ ਹਨ। ਇਹੀ ਕਾਰਨ ਹੈ ਕਿ ਕਦੇ ਸੁਬਰਾਮਨੀਅਮ ਸਵਾਮੀ ਤੇ ਕਦੇ ਕੋਈ ਹੋਰ ਅਜਿਹੀ ਬਿਆਨਬਾਜ਼ੀ ਕਰਦਾ ਹੈ। ਸਿੱਖਾਂ ਨੂੰ ਇਸ ਦੌਰ ਵਿਚ ਵਧੇਰੇ ਸੁਚੇਤ ਹੋ ਕੇ ਆਪਣਾ ਸੁਰੱਖਿਅਤ ਭਵਿੱਖ ਤਲਾਸ਼ਣਾ ਪਵੇਗਾ। ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣਾ ਜਾਂ ਬੰਦ ਹੋਣਾ ਸਾਡੀ ਇਕ ਹੋਰ ਪਰਖ ਕਰ ਸਕਦਾ ਹੈ।

# ਪੰਜਾਬ ਦੇ ਹੜ੍ਹ ਪੀੜਤਾਂ ਨੂੰ ਯੂਨਾਈਟਿਡ ਸਿੱਖਸ ਨੇ ਪਹੁੰਚਾਈ ਰਾਹਤ

**ਪੰਜਾਬ ਬਿਊਰੋ ਰਿਪੋਰਟ :** ਜਿੱਥੇ ਪੰਜਾਬ ਵਿੱਚ ਪਿਛਲੇ 40 ਸਾਲਾਂ 'ਚ ਸਭ ਤੋਂ ਖ਼ਤਰਨਾਕ ਹੜ੍ਹਾਂ ਨੇ ਸੂਬੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਉੱਥੇ ਹੀ ਯੂਨਾਈਟਿਡ ਸਿੱਖਸ ਵੱਲੋਂ ਵੱਡੇ ਪੱਧਰ 'ਤੇ ਇਸ ਆਫ਼ਤ ਵਿੱਚ ਰਾਹਤ ਕਾਰਜ ਵਿੱਢੇ ਗਏ ਹਨ। ਜਿਵੇਂ ਕਿ ਰੋਪੜ, ਜਲੰਧਰ ਅਤੇ ਫ਼ਿਰੋਜ਼ਪੁਰ ਜ਼ਿਲਿਆਂ ਦੇ 300 ਤੋਂ ਵੱਧ ਪਿੰਡਾਂ 'ਤੇ ਇਸ ਹੜ੍ਹ ਰੂਪੀ ਆਫ਼ਤ ਦੀ ਮਾਰ ਪਈ ਹੈ, ਯੂਨਾਈਟਡ ਸਿੱਖਸ ਦੇ ਸਵੈ-ਸੇਵਕਾਂ ਵੱਲੋਂ ਖਾਣੇ, ਪੀਣ ਵਾਲਾ ਪਾਣੀ,



ਪਸ਼ੂਆਂ ਲਈ ਹਰਾ ਚਾਰਾ ਅਤੇ ਸੈਂਕੜੇ ਪਰਿਵਾਰਾਂ ਤੇ ਮਵੇਸ਼ੀਆਂ ਲਈ ਤੁਰਦੀ-ਫ਼ਿਰਦੀ ਦਵਾਈਆਂ ਦੀ ਸਹਾਇਤਾ ਮੁਹੱਈਆ ਕਰਾਈ ਜਾ ਰਹੀ ਹੈ।

ਅਨੰਦਪੁਰ ਸਾਹਿਬ ਦੇ ਲਾਗਲੇ ਪਿੰਡਾਂ 'ਚ ਪਹਿਲਾਂ ਮਦਦ ਕਰਨ ਵਾਲੀ ਪਹਿਲੀ ਟੀਮ ਦੇ ਮੈਂਬਰ ਯੂਨਾਈਟਿਡ ਸਿੱਖਸ ਦੇ ਸਵੈ-ਸੇਵਕ ਬਲਵਿੰਦਰ ਸਿੰਘ ਨੇ ਕਿਹਾ,"ਇਲਾਕੇ ਦੇ ਦੌਰੇ ਤੋਂ ਬਾਅਦ ਇੱਕ ਗੱਲ ਪੂਰੀ ਤਰ੍ਹਾਂ ਸਾਫ਼ ਸੀ ਕਿ ਪਸ਼ੂਆਂ ਲਈ ਚਾਰਾ ਇਸ ਵੇਲੇ ਦੀ ਸਭ ਤੋਂ ਵੱਡੀ ਲੋੜ ਹੈ।" ਉਹਨਾਂ ਅੱਗੇ ਕਿਹਾ,"ਅਜਿਹੀ ਵੱਡੇ ਪੱਧਰ 'ਤੇ ਆਈ ਆਫ਼ਤ ਨਾਲ ਹੜ੍ਹਾਂ ਦਾ ਵਾਤਾਵਰਣ ਪ੍ਰਣਾਲੀ 'ਤੇ ਬੁਰੀ ਤਰ੍ਹਾਂ ਪ੍ਰਭਾਵ ਪਿਆ ਹੈ, ਜਿਸ ਕਰਕੇ ਇਨਸਾਨਾਂ ਅਤੇ ਜਾਨਵਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਹਨਾਂ ਤੱਕ ਪਹੁੰਚ ਕਰਨੀ ਬਹੁਤ ਮੁਸ਼ਕਿਲ ਹੋ ਗਈ ਹੈ। ਹਰ ਤਰ੍ਹਾਂ ਦੇ ਪਾਣੀ ਪੂਰੀ ਤਰ੍ਹਾਂ ਦੂਸ਼ਿਤ ਹੋ ਚੁੱਕਾ ਹੈ ਅਤੇ ਪਿੰਡ ਵਾਲੇ ਚਾਰਾ ਨਾ ਦੇ ਸਕਣ ਕਰਕੇ, ਪਸ਼ੂਆਂ ਨੂੰ ਵੇਚਣ ਲਈ ਮਜਬੂਰ ਹਨ। ਇਸ ਮੁਸ਼ਕਿਲ ਘੜੀ 'ਚ ਸਾਡੇ ਸਵੈ-ਸੇਵਕ ਲਗਾਤਾਰ ਤਾਜ਼ਾ ਹਰਾ ਚਾਰਾ ਕੁਤਰ ਕੇ ਸਥਾਨਕ ਲੋਕਾਂ ਦੀ ਮਦਦ ਵਿੱਚ ਇਸਨੂੰ ਵੀ ਸ਼ਾਮਿਲ ਕਰ ਰਹੇ ਹਨ।"

ਹੁਣ ਤੱਕ ਯੂਨਾਈਟਿਡ ਸਿੱਖਸ ਦੇ ਸਵੈ-ਸੇਵਕਾਂ ਵੱਲੋਂ ਅਨੰਦਪੁਰ ਸਾਹਿਬ ਤਹਿਸੀਲ ਦੇ ਗਾਜ਼ਪੁਰ, ਸ਼ਾਹਪੁਰ ਬੇਲਾ, ਮਹਿੰਦਲੀ ਕਲਾਂ, ਹਰੀਵਾਲਾ; ਤਹਿਸੀਲ ਸੁਲਤਾਨਪੁਰ-ਲੋਧੀ 'ਚ ਗਿੱਦੜਪਿੰਡੀ, ਖ਼ਹਿਰਾਬਾਦ, ਨਿੱਕੂਵਾਲ ਅਤੇ ਚੰਦਨਪੁਰ ਬੇਲਾ ਆਦਿ ਵਿੱਚ 15 ਹਜ਼ਾਰ ਤੋਂ ਵੀ ਜ਼ਿਆਦਾ ਵਿਅਕਤੀਆਂ ਅਤੇ ਪਸ਼ੂਆਂ ਦੀ ਮਦਦ ਕੀਤੀ ਗਈ ਹੈ। ਯੂਨਾਈਟਿਡ ਸਿੱਖਸ ਦੇ 50 ਤੋਂ ਵੀ ਵੱਧ ਸਵੈ-ਸੇਵਕ ਜ਼ਮੀਨੀਂ ਪੱਧਰ 'ਤੇ ਰਾਹਤ ਕਾਰਜਾਂ ਵਿੱਚ ਸਹਾਇਤਾ ਕਰ ਰਹੇ ਹਨ ਅਤੇ ਇਸ ਮਨੁੱਖਾਤਾਵਾਦੀ ਰਾਹਤ ਕਾਰਜ ਵਿੱਚ ਪੀੜਤਾਂ ਨੂੰ ਬਚਾਉਣ ਲਈ 1ਲੱਖ ਡਾੱਲਰ ਤੋਂ ਵੀ ਵੱਧ ਦਾ ਸਮਾਨ ਲੱਗ ਰਿਹਾ ਹੈ। ਇਸ ਤੋਂ ਅਲਾਵਾ ਵੀ ਪੀੜਤਾਂ ਲਈ ਆਉਣ ਵਾਲੇ ਦਿਨਾਂ 'ਚ ਹੋਰ ਸਹਾਇਤਾ ਮੁਹੱਈਆ ਕਰਾਈ ਜਾਵੇਗੀ, ਕਿਉਂਕਿ ਜਥੇਬੰਦੀ ਵੱਲੋਂ ਤੁਰਦੀ-ਫ਼ਿਰਦੀ ਮੈਡੀਕਲ ਸਹਾਇਤਾ ਦੇ ਕੈਂਪ ਵਧਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ।

ਪਿੰਡ ਚੰਦਪੁਰ ਬੇਲਾ ਤੋਂ ਕਿਸਾਨ ਜੋਗਾ ਸਿੰਘ ਨੇ ਯੂਨਾਈਟਿਡ ਸਿੱਖਸ ਦੇ ਸਵੈ-ਸੇਵਕ ਨਾਲ ਗੱਲ



ਕਰਦਿਆਂ ਕਿਹਾ,"ਇਨਸਾਨ ਜਦੋਂ ਭੁੱਖਾ ਹੁੰਦਾ ਹੈ ਤਾਂ ਉਹ ਖਾਣਾ ਮੰਗ ਸਕਦਾ ਹੈ ਪਰ ਪਸ਼ੂ ਨਾ ਤਾਂ ਬੋਲ ਸਕਦੇ ਹਨ ਅਤੇ ਨਾ ਹੀ ਸ਼ਿਕਾਇਤ ਕਰ ਸਕਦੇ ਹਨ।" ਉਹਨਾਂ ਅੱਗੇ ਕਿਹਾ, "ਅਸੀਂ ਜੋ ਵੀ ਉਹਨਾਂ ਨੂੰ ਖਾਣ ਨੂੰ ਦਿੰਦੇ ਹਾਂ, ਉਹ ਖਾ ਲੈਂਦੇ ਹਨ ਪਰ ਅਸੀਂ ਸਮਝ ਸਕਦੇ ਹਾਂ ਕਿ ਉਹ ਸੁੱਕੇ ਚਾਰੇ ਨਾਲ ਖੁਸ਼ ਨਹੀਂ ਹਨ। ਡੰਗਰਾਂ ਨੂੰ ਖਾਣ ਲਈ ਤਾਜ਼ਾ ਹਰਾ ਚਾਰਾ ਚਾਹੀਦਾ ਹੈ। ਅਸੀਂ ਯੂਨਾਈਟਿਡ ਸਿੱਖਸ ਦਾ ਪਿੰਡ ਵਾਲਿਆਂ ਦੇ ਨਾਲ-ਨਾਲ ਉਹਨਾਂ ਦੇ ਪਸ਼ੂਆਂ ਬਾਰੇ ਵੀ ਸੋਚਣ ਲਈ ਧੰਨਵਾਦ ਕਰਦੇ ਹਾਂ।"

"ਚਮੜੀ ਰੋਗ, ਸਾਹ ਦਾ ਸੰਕ੍ਰਮਣ, ਪਾਣੀ ਦੀ ਕਮੀ, ਮਾਨਸਿਕ ਤਣਾਅ, ਹੈਜ਼ਾ ਅਤੇ ਸਰੀਰਿਕ ਟੁੱਟ-ਭੱਜ ਵਰਗੀਆਂ ਬਿਮਾਰੀਆਂ ਆਮ ਤੌਰ 'ਤੇ ਹੜ੍ਹਾਂ ਵੇਲੇ ਹੋ ਜਾਂਦੀਆਂ ਹਨ, ਸਾਡੀਆਂ ਮੈਡੀਕਲ ਟੀਮਾਂ ਪਿੰਡ ਵਾਸੀਆਂ ਅਤੇ ਉਹਨਾਂ ਦੇ ਪਸ਼ੂਆਂ, ਦੋਵਾਂ ਦਾ ਹੀ ਇਲਾਜ ਕਰ ਰਹੀਆਂ ਹਨ," ਯੂਨਾਈਟਿਡ ਸਿੱਖਸ ਦੀ ਸਵੈ-ਸੇਵਕਾ ਡਾ. ਭੁਪਿੰਦਰ ਕੌਰ ਨੇ ਕਿਹਾ। ਉਹਨਾਂ ਅੱਗੇ ਕਿਹਾ,"ਜਿਵੇਂ-ਜਿਵੇਂ ਪਾਣੀ ਦਾ ਪੱਧਰ ਘਟੇਗਾ, ਟੈਟਨਸ, ਮਲੇਰੀਆ, ਸੱਪਾਂ ਦਾ ਡੰਗਣਾ ਅਤੇ ਜੀਵਾਣੂਆਂ ਨਾਲ ਸਬੰਧਤ ਰੋਗ ਲੈਪਟੋਸਪਾਈਰੋਸਿਸ ਵਰਗੀਆਂ ਬਿਮਾਰੀਆਂ ਦਾ ਅਸਰ ਇਨਸਾਨਾਂ ਅਤੇ ਜਾਨਵਰਾਂ 'ਤੇ ਬਰਾਬਰ ਹੀ ਪਵੇਗਾ। ਅਜਿਹੀ ਨਾਜ਼ੁਕ ਸਥਿਤੀ ਵਿੱਚ ਸਾਡੀ ਸਵੈ-ਸੇਵਕਾਂ ਦੀ ਟੀਮ ਦੀ ਪਹਿਲ ਹੈ



ਦਵਾਈਆਂ ਮੁਹੱਈਆ ਕਰਾਉਣੀਆਂ, ਜਿਸ ਵਿੱਚ ਰੋਗਾਣੂਨਾਸ਼ਕ ਅਤੇ ਟੀਕਿਆਂ ਤੋਂ ਅਲਾਵਾ ਰਾਸ਼ਨ ਅਤੇ ਪੀਣ ਵਾਲਾ ਸਾਫ਼ ਪਾਣੀ ਵੀ ਸ਼ਾਮਲ ਹੈ।"

ਮਈ ਮਹੀਨੇ ਤੋਂ ਹੀ ਪੰਜਾਬ ਵਿੱਚ ਖ਼ਰਾਬ ਮੌਸਮ ਕਰਕੇ ਇਕ ਹਜ਼ਾਰ ਤੋਂ ਵੀ ਜ਼ਿਆਦਾ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਤੋਂ ਅਲਾਵਾ ਭਾਲ ਅਤੇ ਬਚਾਅ ਮੁਹਿੰਮ ਵਿੱਚ ਹਜ਼ਾਰਾਂ ਦੇ ਲਾਪਤਾ ਹੋਣ ਦੀ ਗੱਲ ਸਾਹਮਣੇ ਆਈ ਹੈ।

ਯੂਨਾਈਟਿਡ ਸਿੱਖਸ ਦੇ ਸਵੈ-ਸੇਵਕ ਪਰਮਿੰਦਰ ਸਿੰਘ, ਜੋ ਕਿ ਸੁਲਤਾਨਪੁਰ ਲੋਧੀ 'ਚ ਆਏ ਹੜ੍ਹਾਂ 'ਚ ਆਪਣੀ ਸਵੈ-ਸੇਵਕਾਂ ਦੀ ਟੀਮ ਦੀ ਅਗਵਾਈ ਕਰ ਰਹੇ ਹਨ, ਨੇ ਦੱਸਿਆ,"ਬੁਨਿਆਦੀ ਘਰੇਲੂ ਵਸਤਾਂ, ਜਿਵੇਂ ਬਿਸਤਰੇ, ਟੋਕਰੀਆਂ ਅਤੇ ਸੁੱਕਾ ਰਾਸ਼ਨ ਇਸ ਵੇਲੇ ਦੀ ਸਭ ਤੋਂ ਵੱਡੀ ਲੋੜ ਹੈ, ਕਿਉਂਕਿ ਇਹਨਾਂ ਹੜ੍ਹਾਂ ਤੋਂ ਬਚੇ ਲੋਕ ਵਿਆਪਕ ਪੱਧਰ 'ਤੇ ਹੋਏ ਆਪਣੇ ਨੁਕਸਾਨ ਤੋਂ ਉੱਪਰ ਉੱਠਣ ਲਈ ਸੰਘਰਸ਼ ਕਰ ਰਹੇ ਹਨ।" ਅੱਗੇ ਉਹਨਾਂ ਨੇ ਕਿਹਾ,"ਅਸੀਂ ਇਸਨੂੰ ਮਾਣ ਵਾਲੀ ਗੱਲ ਸਮਝਦੇ ਹਾਂ ਕਿ ਸਾਨੂੰ ਇਸ ਲੋੜ ਦੀ ਘੜੀ 'ਚ ਹਰ ਧਰਮ ਤੇ ਫ਼ਿਰਕੇ ਦੇ ਲੋਕਾਂ ਦੀ ਸੇਵਾ ਦਾ ਮੌਕਾ ਮਿਲਿਆ। ਅਸੀਂ ਸੰਗਰੂਰ ਦੇ ਗੁਰਦੁਆਰਾ ਗੁਪਤਸਰ ਸਾਹਿਬ ਦੀ ਸੰਗਤ ਦਾ ਖ਼ਾਸ ਤੌਰ 'ਤੇ ਧੰਨਵਾਦ ਕਰਦੇ ਹਾਂ, ਜਿਹਨਨਾਂ ਨੇ ਮਨੁੱਖਤਾਵਾਦੀ ਰਾਹਤ ਕਾਰਜਾਂ ਲਈ ਕਾਫ਼ੀ ਵਸਤਾਂ ਇਕੱਠੀਆਂ ਕਰਨ ਅਤੇ ਉਹਨਾਂ ਨੂੰ ਬੰਨ੍ਹਣ 'ਚ ਸਾਡੀ ਸਹਾਇਤਾ ਕੀਤੀ।"

ਪੂਰੇ ਪੰਜਾਬ 'ਚ ਇੱਕ ਲੱਖ ਤੋਂ ਵੀ ਜ਼ਿਆਦਾ ਲੋਕ ਆਪਣੇ ਘਰਾਂ ਤੋਂ ਉੱਠ ਕੇ ਦੂਜੀਆਂ ਥਾਂਵਾਂ 'ਤੇ ਚਲੇ ਗਏ ਹਨ ਅਤੇ ਹਜ਼ਾਰਾਂ ਹੀ ਘਰ (ਕਈ ਥਾਂਵਾਂ 'ਤੇ ਪਿੰਡਾਂ ਦੇ ਪਿੰਡ ਹੀ) ਹੜ੍ਹ ਦੇ ਪਾਣੀ ਨਾਲ ਵਹਿ ਗਏ ਹਨ। ਇਹਨਾਂ ਰਾਹਤ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਣ ਲਈ ਫ਼ੰਡ ਇਕੱਠਾ ਕਰਨ ਲਈ,ਯੂਨਾਈਟਿਡ ਸਿੱਖਸ ਵੱਲੋਂ 29 ਅਗਸਤ ਨੂੰ 91.9 ਐਫ਼ ਐਮ 'ਤੇ ਦੁਪਹਿਰ ਤੋਂ ਸ਼ਾਮ 6ਵਜੇ ਤੱਕ ਰੇਡੀਓਥਾੱਨ ਕਰਾਈ ਜਾ ਰਹੀ ਹੈ, ਜੋ ਕਿ ਟੋਰਾਂਟੋ ਦੇ ਸਥਾਨਕ ਰੇਡੀਓ ਦੇ ਨਾਲ-ਨਾਲ ਗਲੋਬਲ ਪੱਧਰ 'ਤੇ ਸਟੇਸ਼ਨ ਦੇ ਲਾਈਵ ਸੁਣਨ ਵਾਲੇ ਇੰਟਰਨੈਟ ਲਿੰਕ 'ਤੇ ਵੀ ਬਰਾੱਡਕਾਸਟ ਹੋਵੇਗੀ। ਦਾਨ ਇਹਨਾਂ 6 ਘੰਟਿਆਂ ਦੌਰਾਨ ਸਟੂਡੀਓ 'ਚ (905) 226-9109 ਨੰਬਰ 'ਤੇ ਕਾੱਲ ਕਰਕੇ ਲਾਈਵ ਸਵੀਕਾਰ ਕੀਤਾ ਜਾਵੇਗਾ।

ਯੂਨਾਈਟਿਡ ਸਿੱਖਸ ਦੇ ਸੀਈਓ ਜਗਦੀਪ ਸਿੰਘ ਨੇ ਕਿਹਾ, "ਅਸੀਂ ਇਸ ਵੱਡੇ ਪੱਧਰ 'ਤੇ ਆਈ ਆਫ਼ਤ ਦਾ ਤਜ਼ਰਬਾ ਸਾਂਝਾ ਕਰਾਂਗੇ।" ਉਹਨਾਂ ਇਹ ਵੀ ਕਿਹਾ,"ਸਿੱਖੀ ਸਿਧਾਂਤ 'ਸੇਵਾ' ਨੂੰ ਮੁੱਖ ਰੱਖਦਿਆਂ, ਐਸੀ ਬਿਪਤਾ 'ਚ ਇਨਸਾਨੀਅਤ ਨੂੰ ਉੱਚਾ ਚੁੱਕਣਾ ਸਾਡਾ ਕਰਤੱਵ ਹੈ। ਅਸੀਂ ਸਾਡੇ ਗਲੋਬਲ ਪੱਧਰ 'ਤੇ ਵੱਸਦੇ ਭਾਈਚਾਰੇ ਨੂੰ ਇਸ ਵੀਰਵਾਰ 91.9 ਐਫ਼ ਐਮ 'ਤੇ ਸਾਡੇ ਨਾਲ ਜੁੜਨ ਅਤੇ ਪੀੜਤ, ਜੋ ਆਪਣੇ ਘਰ, ਖੇਤ ਅਤੇ ਆਮਦਨੀ ਦਾ ਸਾਧਨ ਗਵਾ ਚੁੱਕੇ ਹਨ, ਉਹਨਾਂ ਦੀ ਲਈ ਸਹਾਇਤਾ ਕਰਨ ਦੀ ਅਪੀਲ ਕਰਦੇ ਹਾਂ। ਇਹ ਇੱਕ ਮੌਕਾ ਹੈ, ਇਕੱਠੇ ਹੋ ਕੇ ਦੂਜਿਆਂ ਦਾ ਸਹਾਰਾ ਬਣਨ ਦੀ ਖ਼ੁਸ਼ੀ ਨੂੰ ਸਾਂਝਾ ਕਰਨ ਦਾ।"

ਜ਼ਮੀਨੀ ਪੱਧਰ ਦੀ ਤਾਜ਼ੀ ਜਾਣਕਾਰੀ ਲਈ ਯੂਨਾਈਟਿਡ ਸਿੱਖਸ ਨੂੰ ਫ਼ੇਸਬੁੱਕ,ਟਵਿੱਟਰ ਅਤੇ ਇੰਸਟਾਗ੍ਰਾਮ 'ਤੇ ਫ਼ਾੱਲੋਅ ਕਰ ਸਕਦੇ ਹੋ। ਹਰ ਤਰ੍ਹਾਂ ਦੇ ਰਾਹਤ ਕਾਰਜ ਸਾਡੇ ਦਾਨੀ ਸੱਜਣਾਂ ਅਤੇ ਸਹਾਇਕਾਂ ਦੇ ਯੋਗਦਾਨ ਸਦਕਾ ਹੀ ਸੰਭਵ ਹਨ। ਦਾਨ ਕਰਨ ਲਈ ਕਿਰਪਾ ਕਰਕੇ ਇਸ ਲਿੰਕ 'ਤੇ ਠੂੰਗਾ ਮਾਰੋ:

**www.https://unitedsikhs.org/donate**

ਯੂਨਾਈਟਿਡ ਸਿੱਖਸ ਯੂਨਾਈਟਿਡ ਨੇਸ਼ਨਜ਼ ਵੱਲੋਂ ਪ੍ਰਮਾਣਿਤ, 10 ਭਾਗਾਂ 'ਚ ਰਜਿਸਟਰਡ, ਕੌਮਾਂਤਰੀ ਦਾਨ ਦੇਣ ਵਾਲੀ ਜਥੇਬੰਦੀ ਹੈ, ਜੋ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੀ ਪੈਰਵੀ ਕਰਦੀ ਹੈ। ਇਹ ਕੌਮਾਂਤਰੀ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੀ ਇਹ ਸੰਸਥਾ ਘੱਟ ਗਿਣਤੀਆਂ ਅਤੇ ਸੰਸਾਰ ਦੇ ਹੋਰ ਹਾਸ਼ੀਏ 'ਤੇ ਆ ਚੁੱਕੇ ਗੁੱਟ, ਅਤੇ ਹੋਰ ਲੋੜਵੰਦਾਂ ਦੀ, ਬਿਨਾਂ ਕਿਸੇ ਧਰਮ, ਜਾਤ, ਲਿੰਗ, ਜਿਨਸੀ ਰੁਝਾਨ, ਸਮਾਜਿਕ ਰੁਤਬੇ, ਉਮਰ ਅਤੇ ਯੋਗਤਾ ਦੇ ਅਧਾਰ 'ਤੇ, ਆਰਥਿਕ, ਸਮਾਜਿਕ ਅਤੇ ਧਾਰਮਿਕ ਸਸ਼ਕਤੀਕਰਣ ਦੀ ਪੈਰਵੀ ਕਰਦੀ ਹੈ। ਇਸ ਸਭ ਟੀਚੇ ਨੂੰ ਅਮਰੀਕਾ, ਯੂਰੋਪ ਅਤੇ ਏਸ਼ੀਆ ਦੇ ਘੱਟ ਗਿਣਤੀਆਂ ਅਤੇ ਹਾਸ਼ੀਏ 'ਤੇ ਜਾ ਚੁੱਕੇ ਹੋਰ ਗੁੱਟਾਂ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਕੇ ਅਤੇ ਉਹਨਾਂ ਨਿਯਮਾਂ ਨੂੰ ਲਾਗੂ ਅਤੇ ਪਾਲਣਾ ਕਰਕੇ ਹਾਸਿਲ ਕੀਤਾ ਜਾਂਦਾ ਹੈ। ਇਸ ਦੇ ਪ੍ਰੋਜੈਕਟਾਂ ਬਾਰੇ www.unitedsikhs.org ਵੈਬਸਾਈਟ 'ਤੇ ਜਾਣਕਾਰੀ ਲਈ ਜਾ ਸਕਦੀ ਹੈ।

# ਕਸ਼ਮੀਰ ਦੇ ਹਾਲਾਤ ਗੰਭੀਰ, ਫੌਜ ਦੀਆਂ ਧਾੜਾਂ ਤਾਇਨਾਤ

**ਸ੍ਰੀਨਗਰ/ਏਟੀ ਨਿਊਜ਼ :** ਧਾਰਾ 370 ਹਟਾਉਣ ਤੋਂ ਬਾਅਦ ਜੰਮੂ-ਕਸ਼ਮੀਰ ਦੀ ਸਥਿਤੀ ਬਹੁਤ ਗੰਭੀਰ ਬਣੀ ਹੋਈ ਹੈ ਤੇ ਹਰੇਕ ਕਸ਼ਮੀਰੀ ਗੁੱਸੇ ਵਿਚ ਹੈ। ਸਕੂਲ ਖੁੱਲ੍ਹੇ ਹਨ, ਅਧਿਆਪਕ ਹਾਜ਼ਰ ਹਨ, ਪਰ ਪੜ੍ਹਨ ਵਾਲਾ ਕੋਈ ਨਹੀਂ। ਕਸ਼ਮੀਰੀ ਨੌਜਵਾਨਾਂ ਦੀ ਫੜੋਫੜੀ ਲਗਾਤਾਰ ਜਾਰੀ ਹੈ। ਬੀਤੇ ਦਿਨੀਂ ਵਿਰੋਧੀ ਪਾਰਟੀਆਂ ਨੇ ਦਿੱਲੀ ਦੇ ਜੰਤਰ-ਮੰਤਰ ਵਿਖੇ ਰੋਸ ਵਿਖਾਵਾ ਕਰਕੇ ਕਸ਼ਮੀਰੀ ਆਗੂਆਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ। ਇਸ ਮੁਜ਼ਾਹਰੇ ਵਿੱਚ ਕਾਂਗਰਸ, ਡੀ ਐੱਮ ਕੇ, ਸੀ ਪੀ ਐੱਮ, ਸੀ ਪੀ ਆਈ, ਸਮਾਜਵਾਦੀ ਪਾਰਟੀ, ਲੋਕਤੰਤਰਿਕ ਜਨਤਾ ਦਲ, ਰਾਸ਼ਟਰੀ ਜਨਤਾ ਦਲ ਤੇ ਤ੍ਰਿਣਮੂਲ ਕਾਂਗਰਸ ਦੇ ਚੋਟੀ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ। ਵਿਰੋਧੀ ਪਾਰਟੀਆਂ ਨੇ ਇੱਕ ਮਤਾ ਪਾਸ ਕਰਕੇ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਭਰੋਸੇ ਵਿੱਚ ਲਏ ਬਿਨਾਂ ਧਾਰਾ 370 ਹਟਾਉਣ ਕਾਰਨ ਕਸ਼ਮੀਰ ਵਿੱਚ ਐਮਰਜੈਂਸੀ ਵਰਗੇ ਹਾਲਾਤ ਬਣੇ ਹੋਏ ਹਨ। ਸਾਬਕਾ ਮੁੱਖ ਮੰਤਰੀਆਂ ਅਤੇ ਹੋਰ ਆਗੂਆਂ ਨੂੰ ਹਿਰਾਸਤ ਵਿੱਚ ਰੱਖਣਾ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮੁਸ਼ਕਲ ਘੜੀ ਵਿੱਚ ਜੰਮੂ-ਕਸ਼ਮੀਰ ਦੇ ਲੋਕਾਂ ਨਾਲ ਖੜ੍ਹੇ ਹਨ।

ਹੁਣੇ ਜਿਹੇ ਕਾਂਗਰਸ ਆਗੂ ਰਾਹੁਲ ਗਾਂਧੀ ਸਮੇਤ ਵਿਰੋਧੀ ਧਿਰਾਂ ਦੇ 11 ਮੈਂਬਰੀ ਵਫ਼ਦ ਜੋ ਕਿ 370 ਹਟਾਏ ਜਾਣ ਤੋਂ ਬਾਅਦ ਹਾਲਾਤ ਦਾ ਜਾਇਜ਼ਾ ਲੈਣ ਲਈ ਕਸ਼ਮੀਰ ਗਿਆ ਸੀ, ਨੂੰ ਸ੍ਰੀਨਗਰ ਦੇ ਹਵਾਈ ਅੱਡੇ ਤੋਂ ਹੀ ਵਾਪਸ ਭੇਜ ਦਿੱਤਾ ਗਿਆ। ਇਸ ਵਫ਼ਦ ਵਿੱਚ ਅੱਠ ਸਿਆਸੀ ਪਾਰਟੀਆਂ ਕਾਂਗਰਸ, ਸੀਪੀਆਈ (ਐੱਮ), ਸੀਪੀਆਈ, ਡੀਐੱਮਕੇ, ਐੱਨਸੀਪੀ, ਜੇਡੀ (ਐੱਸ) ਆਰਜੇਡੀ ਅਤੇ ਟੀਐੱਮਸੀ ਸ਼ਾਮਲ ਸਨ।

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸ੍ਰੀਨਗਰ ਹਵਾਈ ਅੱਡੇ ’ਤੇ ਪੱਤਰਕਾਰਾਂ ਨੂੰ ਕਿਹਾ, ‘ਸਰਕਾਰ ਨੇ ਮੈਨੂੰ ਸੱਦਾ ਦਿੱਤਾ ਸੀ। ਰਾਜਪਾਲ ਨੇ ਖੁਦ ਮੈਨੂੰ ਸੱਦਿਆ ਸੀ। ਹੁਣ ਮੈਂ ਆਇਆ ਹਾਂ ਤਾਂ ਉਹ ਕਹਿ ਰਹੇ ਹਨ ਕਿ ਤੁਸੀਂ ਨਹੀਂ ਆ ਸਕਦੇ। ਸਰਕਾਰ ਕਹਿ ਰਹੀ ਹੈ ਇੱਥੇ ਸਭ ਕੁਝ ਠੀਕ ਹੈ। ਜੇਕਰ ਇੱਥੇ ਸਭ ਕੁਝ ਠੀਕ ਹੈ ਤਾਂ ਸਾਨੂੰ ਇੱਥੇ ਜਾਣ ਦੀ ਇਜਾਜ਼ਤ ਕਿਉਂ ਨਹੀਂ ਦਿੱਤੀ ਜਾ ਰਹੀ। ਇਹ ਹੈਰਾਨ ਕਰਨ ਵਾਲੀ ਗੱਲ ਹੈ।’

ਸੀਪੀਆਈ (ਐੱਮ) ਨੇ ਕਿਹਾ, ‘ਵਫ਼ਦ ਨੇ ਆਉਂਦੇ ਦਿਨਾਂ ਵਿੱਚ ਜੰਮੂ ਕਸ਼ਮੀਰ ਦਾ ਦੌਰਾ ਕਰਨ ਦੀ ਯੋਜਨਾ ਬਣਾਈ ਹੈ, ਜਿੱਥੇ ਉਹ ਸੂਬੇ ਦੇ ਲੋਕਾਂ ਨਾਲ ਗੱਲਬਾਤ ਕਰਕੇ ਉੱਥੋਂ ਦੀ ਜ਼ਮੀਨੀ ਹਕੀਕਤ ਦਾ ਪਤਾ ਲਾਉਣਗੇ।’

ਪਾਰਟੀ ਨੇ ਕਿਹਾ ਕਿ ਦੇਸ਼ ਦੀਆਂ ਨਾਮੀ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਕਸ਼ਮੀਰ ਅੰਦਰ ਦਾਖਲ ਨਾ ਹੋਣ ਦੇਣਾ ਉਨ੍ਹਾਂ ਦੇ ਸਿਆਸੀ ਹੱਕਾਂ ’ਤੇ ਹਮਲਾ ਹੈ। ਉਨ੍ਹਾਂ ਨਾਲ ਹੀ ਪੁਲੀਸ ’ਤੇ ਹਵਾਈ ਅੱਡੇ ’ਤੇ ਮੀਡੀਆ ਨਾਲ ਬਦਸਲੂਕੀ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਸਰਕਾਰ ਨੂੰ ਸਵਾਲ ਕੀਤਾ ਕਿ ਜੇਕਰ ਕਸ਼ਮੀਰ ਵਿੱਚ ਹਾਲਾਤ ਆਮ ਵਰਗੇ ਹਨ ਤਾਂ ਸਿਆਸੀ ਆਗੂਆਂ ਨੂੰ ਲੋਕਾਂ ਨੂੰ ਮਿਲਣ ਤੋਂ ਕਿਉਂ ਰੋਕਿਆ ਜਾ ਰਿਹਾ ਹੈ। ਸੀਪੀਆਈ ਦੇ ਜਨਰਲ ਸਕੱਤਰ ਡੀ ਰਾਜਾ ਨੇ ਕਿਹਾ ਕਿ ਸੱਚਾਈ ਇਹ ਹੈ ਕਿ ਸਰਕਾਰ ਝੂਠ ਬੋਲ ਰਹੀ ਹੈ ਅਤੇ ਜੰਮੂ ਕਸ਼ਮੀਰ ਵਿਚ ਹਾਲਾਤ ਆਮ ਨਹੀਂ ਹੈ। ਵਫ਼ਦ ਵਿੱਚ ਕਾਂਗਰਸ ਆਗੂ ਗੁਲਾਮ ਨਬੀ ਆਜ਼ਾਦ, ਆਨੰਦ ਸ਼ਰਮਾ ਤੇ ਕੇਸੀ ਵੇਣੂਗੋਪਾਲ, ਸੀਪੀਆਈ (ਐੱਮ) ਦੇ ਸੀਤਾਰਾਮ ਯੇਚੁਰੀ, ਡੀਐੱਮਕੇ ਦੇ ਤਿਰੁਚੀ ਸਿਵਾ, ਐੱਲਜੇਡੀ ਦੇ ਸ਼ਰਦ ਯਾਦਵ, ਟੀਐੱਮਸੀ ਦੇ ਦਿਨੇਸ਼ ਤ੍ਰਿਵੇਦੀ, ਸੀਪੀਆਈ ਦੇ ਡੀ ਰਾਜਾ, ਐੱਨਸੀਪੀ ਦੇ ਮਜੀਦ ਮੈਨਨ, ਆਰਜੇਡੀ ਦੇ ਮਨੋਜ ਝਾਅ ਅਤੇ ਜੇਡੀ (ਐੱਸ) ਦੇ ਡੀ ਕੁਪੇਂਦਰ ਰੈੱਡੀ ਸ਼ਾਮਲ ਸਨ।

ਇਸ ਸਬੰਧੀ ਜੰਮੂ ਕਸ਼ਮੀਰ ਦੇ ਪ੍ਰਿੰਸੀਪਲ ਸਕੱਤਰ ਰੋਹਿਤ ਕਾਂਸਲ ਨੇ ਕਿਹਾ ਕਿ ਉਨ੍ਹਾਂ ਦੀ ਪਹਿਲ ਸੂਬੇ ਅੰਦਰ ਅਮਨ-ਕਾਨੂੰਨ ਤੇ ਸੁਰੱਖਿਆ ਦੀ ਸਥਿਤੀ ਬਣਾਏ ਰੱਖਣਾ ਹੈ। ਉਨ੍ਹਾਂ ਕਿਹਾ ਕਿ ਵਫ਼ਦ ਨੂੰ ਕਸ਼ਮੀਰ ਦਾ ਦੌਰਾ ਨਾ ਕਰਨ ਲਈ ਕਿਹਾ ਗਿਆ ਸੀ। ਦੂਜੇ ਪਾਸੇ ਸੀਪੀਆਈ (ਐੱਮ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਪਾਰਟੀ ਦੇ ਨੇਤਾ ਮੁਹੰਮਦ ਯੂਸਫ਼ ਤਰੀਗਾਮੀ ਦੀ ਜੰਮੂ ਅਤੇ ਕਸ਼ਮੀਰ ਵਿੱਚ ਨਜ਼ਰਬੰਦੀ ਵਿਰੁੱਧ ਬੀਤੇ ਸ਼ਨਿਚਰਵਾਰ ਨੂੰ ਸੁਪਰੀਮ ਕੋਰਟ ਵਿਚ ਰਿੱਟ ਪਟੀਸ਼ਨ ਦਾਇਰ ਕੀਤੀ ਹੈ। ਧਾਰਾ 370 ਖਤਮ ਕਰਨ ਮਗਰੋਂ ਨਜ਼ਰਬੰਦ ਕੀਤੇ ਗਏ ਸੀਪੀਐੱਮ ਦੀ ਕੇਂਦਰੀ ਕਮੇਟੀ ਦੇ ਮੈਂਬਰ ਤਰੀਗਾਮੀ ਅਤੇ ਜੰਮੂ ਕਸ਼ਮੀਰ ਦੀ ਭੰਗ ਕੀਤੀ ਵਿਧਾਨ ਸਭਾ ਦੇ ਚਾਰ ਵਿਧਾਇਕਾਂ ਨੂੰ ਚੰਗੀ ਤਰ੍ਹਾਂ ਨਹੀਂ ਰੱਖਿਆ ਜਾ ਰਿਹਾ। ਪਾਰਟੀ ਅਨੁਸਾਰ ਇਸ ਸਬੰਧੀ ਯੇਚੁਰੀ ਵੱਲੋਂ ਪਟੀਸ਼ਨ ਦਾਇਰ ਕੀਤੀ ਗਈ ਹੈ।

ਇਸ ਤੋਂ ਪਹਿਲਾਂ ਅਜ਼ਾਦੀ ਦਿਹਾੜੇ ਦੇ ਮੌਕੇ ਉਤੇ 250 ਤੋਂ ਵੱਧ ਸਿੱਖਿਆ ਸ਼ਾਸਤਰੀਆਂ, ਕਲਾਕਾਰਾਂ ਤੇ ਸਮਾਜਿਕ ਕਾਰਕੁਨਾਂ ਨੇ ਇੱਕ ਬਿਆਨ ਜਾਰੀ ਕਰਕੇ ਕਸ਼ਮੀਰ ਵਿੱਚ ਹੋ ਰਹੇ ਅਣਮਨੁੱਖੀ ਵਿਹਾਰ ਦੀ ਨਿੰਦਾ ਕੀਤੀ ਸੀ। ਇਸ ਬਿਆਨ ਉੱਤੇ ਦਸਤਖਤ ਕਰਨ ਵਾਲਿਆਂ ਵਿੱਚ ਵੀਨਾ ਦਾਸ, ਪਾਰਥ ਚੈਟਰਜੀ, ਏ ਐਸ ਪਨੀਰਸੇਲਵਮ, ਆਇਸ਼ਾ ਜਲਾਲ, ਕੁਲਚੰਦਰ ਗੌਤਮ, ਗਿਆਨੇਂਦਰ ਪਾਂਡੇ, ਚੰਦਰ ਤਲਪੜੇ ਮੋਹੰਤੀ, ਆਇਸ਼ਾ ਜਲਾਲ, ਸ਼ਹਿਦੁਲ ਆਲਮ, ਐਮ ਵੀ ਰਮੰਨਾ, ਜ਼ਿਆ ਮੀਆਂ, ਸੋਫੀਆ ਕਰੀਮ ਤੇ ਸੈਲਡਨ ਪਾਲਕ ਆਦਿ ਕੌਮਾਂਤਰੀ ਪ੍ਰਸਿੱਧੀ ਵਾਲੇ ਵਿਅਕਤੀ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨਕਾਰੀਆਂ ਉੱਤੇ ਗੋਲੀਆਂ ਚਲਾਈਆਂ ਗਈਆਂ, ਲੋਕਾਂ ਦੀ ਆਵਾਜਾਈ ਤੇ ਸੰਚਾਰ ਵਿਵਸਥਾ ਠੱਪ ਹੈ। ਭਾਰਤ ਸਰਕਾਰ ਦੀਆਂ ਇਹ ਕਾਰਵਾਈਆਂ ਸੰਵਿਧਾਨ, ਧਰਮ ਨਿਰਪੱਖਤਾ ਤੇ ਲੋਕਤੰਤਰੀ ਕਦਰਾਂ ਦੇ ਵਿਰੁੱਧ ਹਨ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਸਰਕਾਰ ਨੂੰ ਜੰਮੂ-ਕਸ਼ਮੀਰ ਵਿੱਚ ਅਣਮਨੁੱਖੀ ਬੰਦੀ ਨੂੰ ਤੁਰੰਤ ਖ਼ਤਮ ਕਰਨ, ਨਾਗਰਿਕਾਂ ਦੇ ਅਧਿਕਾਰ ਬਹਾਲ ਕਰਨ, ਸਾਰੇ ਰਾਜਨੀਤਕ ਕੈਦੀਆਂ ਨੂੰ ਰਿਹਾਅ ਕਰਨ ਤੇ ਜੰਮੂ-ਕਸ਼ਮੀਰ ਦੇ ਲੋਕਾਂ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕਰਨਾ ਚਾਹੀਦਾ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵਿਰੋਧੀ ਧਿਰਾਂ ਦਾ ਜੁਆਬ ਦਿੰਦਿਆਂ ਕਿਹਾ ਕਿ ਜੰਮੂ-ਕਸ਼ਮੀਰ ਨੂੰ ਭਾਰਤ ਨਾਲ ਇਕ ਕਰ ਕੇ ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਦਾ ਸੁਪਨਾ ਪੂਰਾ ਕੀਤਾ ਹੈ। ਗ੍ਰਹਿ ਮੰਤਰੀ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਤੇ ਦੇਸ਼ ਦੇ ਸਭ ਤੋਂ ਹਰਮਨ ਪਿਆਰੇ ਆਗੂ ਨਰਿੰਦਰ ਮੋਦੀ ਦੀ ਅਗਵਾਈ ਵਿਚ ਸੰਸਦ ਨੇ ਜੰਮੂ-ਕਸ਼ਮੀਰ ਦੇ ਏਕੀਕਰਨ ਦਾ ਕੰਮ ਕੀਤਾ ਹੈ। ਗ੍ਰਹਿ ਮੰਤਰੀ ਹੈਦਰਾਬਾਦ ਵਿਚ ਸਰਦਾਰ ਵੱਲਭ ਭਾਈ ਪਟੇਲ ਨੈਸ਼ਨਲ ਪੁਲਿਸ ਅਕਾਦਮੀ ਵਿਚ ਸਿਖਲਾਈ ਹਾਸਲ ਕਰ ਰਹੇ ਆਈਪੀਐੱਸ ਅਧਿਕਾਰੀਆਂ ਦੀ ਪਾਸਿੰਗ ਆਊਟ ਪਰੇਡ ਨੂੰ ਸੰਬੋਧਨ ਕਰ ਰਹੇ ਸਨ।

ਸ਼ਾਹ ਨੇ ਕਿਹਾ ਕਿ ਧਾਰਾ 370 ਕਾਰਨ ਜੰਮੂ-ਕਸ਼ਮੀਰ ਦਾ ਭਾਰਤ ਵਿਚ ਪੂਰੀ ਤਰ੍ਹਾਂ ਰਲ਼ੇਵਾਂ ਸੰਭਵ ਨਹੀਂ ਹੋ ਸਕਿਆ ਸੀ। ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਨੂੰ ਸ਼ਰਧਾਂਜਲੀ ਦਿੰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਪੁਲਿਸ ਕਾਰਵਾਈ ਕਰਨ ਤੋਂ ਬਾਅਦ ਹੈਦਰਾਬਾਦ (ਪਹਿਲਾਂ ਨਿਜ਼ਾਮ ਦਾ ਸੂਬਾ ਹੈਦਰਾਬਾਦ) ਭਾਰਤ ਦਾ ਹਿੱਸਾ ਬਣਿਆ ਸੀ। ਪਟੇਲ ਨੇ 630 ਰਿਆਸਤਾਂ ਦਾ ਭਾਰਤ ਵਿਚ ਰਲ਼ੇਵਾਂ ਕੀਤਾ ਸੀ ਪਰ ਜੰਮੂ ਤੇ ਕਸ਼ਮੀਰ ਦਾ ਰਲ਼ੇਵਾਂ ਅਧੂਰਾ ਰਹਿ ਗਿਆ ਸੀ।

**ਸੰਯੁਕਤ ਰਾਸ਼ਟਰ ਵਲੋਂ ਪ੍ਰਤੀਕਰਮ-**

ਹੁਣ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਸੰਸਥਾ ਵੱਲੋਂ ਜੰਮੂ-ਕਸ਼ਮੀਰ ਵਿੱਚ ਲਾਈਆਂ ਪਾਬੰਦੀਆਂ ਸੰਬੰਧੀ ਸਖ਼ਤ ਪ੍ਰਤੀਕਰਮ ਆਇਆ ਹੈ। ਹਾਈ ਕਮਿਸ਼ਨਰ ਦੀ ਵੈੱਬਸਾਈਟ ਵਿੱਚ ਕਿਹਾ ਗਿਆ ਹੈ ਕਿ ਮੀਡੀਆ ਰਿਪੋਰਟਾਂ ਮੁਤਾਬਕ ਜੰਮੂ-ਕਸ਼ਮੀਰ ਵਿੱਚ 4 ਅਗਸਤ ਸ਼ਾਮ ਤੋਂ ਸੰਚਾਰ ਬਲੈਕ ਆਊਟ ਹੈ। ਰਾਜ ਵਿੱਚ ਇੰਟਰਨੈੱਟ, ਮੋਬਾਇਲ ਫ਼ੋਨ ਨੈੱਟਵਰਕ, ਕੇਬਲ ਟੀ ਵੀ ਤੇ ਕਸ਼ਮੀਰੀ ਚੈਨਲਾਂ ਦੇ ਕੁਨੈਕਸ਼ਨ ਕੱਟ ਦਿੱਤੇ ਗਏ ਹਨ। ਬਿਨਾਂ ਕਿਸੇ ਠੋਸ ਕਾਰਨ ਦੇ ਸਰਕਾਰ ਵੱਲੋਂ ਇੰਟਰਨੈੱਟ ਤੇ ਦੂਰ-ਸੰਚਾਰ ਨੈਟਵਰਕ ਬੰਦ ਕਰਨਾ, ਜ਼ਰੂਰਤਾਂ ਤੇ ਮਨੁੱਖੀ ਅਧਿਕਾਰਾਂ ਦੇ ਬੁਨਿਆਦੀ ਅਸੂਲਾਂ ਨਾਲ ਮੇਲ ਨਹੀਂ ਖਾਂਦਾ। ਇਹ ਬਲੈਕ ਆਊਟ ਬਿਨਾਂ ਕਿਸੇ ਵੱਡੇ ਗੁਨਾਹ ਕਰਨ ਦੇ ਬਾਵਜੂਦ ਜੰਮੂ ਅਤੇ ਕਸ਼ਮੀਰ ਦੇ ਲੋਕਾਂ ਲਈ ਸਮੂਹਿਕ ਸਜ਼ਾ ਦਾ ਇੱਕ ਰੂਪ ਹੈ।

ਵੈੱਬਸਾਈਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਨੇ ਆਰਟੀਕਲ 370 ਤੇ 35-ਏ ਰੱਦ ਕਰਨ ਤੋਂ ਬਾਅਦ ਜੰਮੂ-ਕਸ਼ਮੀਰ ਵਿੱਚ ਕਰਫਿਊ ਲਾ ਦਿੱਤਾ ਹੈ। ਇਸ ਦੇ ਨਾਲ ਹੀ ਵੱਡੀ ਗਿਣਤੀ ਵਿੱਚ ਸੁਰੱਖਿਆ ਬਲਾਂ ਨੂੰ ਤਾਇਨਾਤ ਕਰ ਦਿੱਤਾ ਗਿਆ ਹੈ। ਸਰਕਾਰ ਨੇ ਕਸ਼ਮੀਰ ਘਾਟੀ ਵਿੱਚ ਲੋਕਾਂ ਦੀ ਘੁੰਮਣ-ਫਿਰਨ ਦੀ ਅਜ਼ਾਦੀ ਅਤੇ ਸ਼ਾਂਤੀਪੂਰਨ ਇੱਕ ਥਾਂ ਇਕੱਠੇ ਹੋਣ ਦੀ ਅਜ਼ਾਦੀ ਉੱਤੇ ਪਾਬੰਦੀ ਲਾ ਦਿੱਤੀ ਹੈ। ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਬਾਰੇ ਮਾਹਿਰਾਂ ਨੇ ਕਿਹਾ ਹੈ ਕਿ ਉਹ ਭਾਰਤੀ ਪ੍ਰਸ਼ਾਸਨ ਨੂੰ ਯਾਦ ਦਿਵਾਉਣਾ ਚਾਹੁੰਦੇ ਹਨ ਕਿ ਭਾਰਤ ਸਰਕਾਰ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਅੰਦਰੂਨੀ ਤੌਰ ਉਤੇ ਗਲਤ ਹਨ। ਉਨ੍ਹਾਂ ਅੱਗੇ ਕਿਹਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਰਿਪੋਰਟਾਂ ਉੱਤੇ ਗਹਿਰੀ ਚਿੰਤਾ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਸੁਰੱਖਿਆ ਬਲ ਲੋਕਾਂ ਦੇ ਘਰਾਂ ਵਿੱਚ ਰਾਤ ਦੇ ਹਨ੍ਹੇਰੇ ਵਿੱਚ ਛਾਪੇ ਮਾਰ ਰਹੇ ਹਨ ਤੇ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਰਹੇ ਹਨ ਤੇ ਕਸ਼ਮੀਰੀ ਲੜਕੀਆਂ ਦੀ ਬੇਇਜ਼ਤੀ ਕਰ ਰਹੇ ਹਨ। ਇਹੋ ਜਿਹੀਆਂ ਕਾਰਵਾਈਆਂ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਦਾ ਕਾਰਨ ਬਣ ਸਕਦੀਆਂ ਹਨ।

**ਪ੍ਰੈੱਸ ਕੌਂਸਲ ਵੱਲੋਂ ਜੰਮੂ ਕਸ਼ਮੀਰ ਵਿਚ ਪਾਬੰਦੀਆਂ ਦੀ ਹਮਾਇਤ-**

ਪ੍ਰੈੱਸ ਕੌਂਸਲ ਆਫ਼ ਇੰਡੀਆ (ਪੀਸੀਆਈ) ਨੇ ਜੰਮੂ ਕਸ਼ਮੀਰ ਵਿਚ ਸਰਕਾਰ ਵੱਲੋਂ ਸੰਚਾਰ ਸਾਧਨਾਂ ’ਤੇ ਲਾਈ ਪਾਬੰਦੀ ਦਾ ਸਮਰਥਨ ਕਰਦਿਆਂ ਸੁਪਰੀਮ ਕੋਰਟ ਵਿਚ ਆਪਣਾ ਰੁਖ਼ ਸਪੱਸ਼ਟ ਕੀਤਾ ਹੈ।

ਜ਼ਿਕਰਯੋਗ ਹੈ ਕਿ ਧਾਰਾ 370 ਹਟਾਏ ਜਾਣ ਤੋਂ ਬਾਅਦ ਸੂਬੇ ਵਿਚ ਸੰਚਾਰ ਪਾਬੰਦੀ ਹੇਠ ਹੈ। ਪੀਸੀਆਈ ਨੇ ਅਰਜ਼ੀ ਦਾਇਰ ਕਰ ਕੇ ‘ਕਸ਼ਮੀਰ ਟਾਈਮਜ਼’ ਦੀ ਕਾਰਜਕਾਰੀ ਸੰਪਾਦਕ ਅਨੁਰਾਧਾ ਭਸੀਨ ਵੱਲੋਂ ਦਾਖ਼ਲ ਕੀਤੀ ਪਟੀਸ਼ਨ ਵਿਚ ਦਖ਼ਲ ਦੇਣ ਦੀ ਸੁਪਰੀਮ ਕੋਰਟ ਤੋਂ ਮੰਗ ਕੀਤੀ ਹੈ। ਭਸੀਨ ਨੇ ਆਪਣੀ ਅਰਜ਼ੀ ਵਿਚ ਸੰਚਾਰ ’ਤੇ ਪਾਬੰਦੀਆਂ ਨੂੰ ਪੱਤਰਕਾਰਾਂ ਦੀ ਪੇਸ਼ੇਵਰ ਡਿਊਟੀ ਦੇ ਰਾਹ ਵਿਚ ਅੜਿੱਕਾ ਦੱਸਿਆ ਸੀ। ਪੀਸੀਆਈ ਵੱਲੋਂ ਅਰਜ਼ੀ ਐਡਵੋਕੇਟ ਅੰਸ਼ੂਮਨ ਅਸ਼ੋਕ ਨੇ ਦਾਇਰ ਕੀਤੀ ਹੈ। ਅਰਜ਼ੀ ਵਿਚ ਪੀਸੀਆਈ ਨੇ ਸੰਚਾਰ ਸਾਧਨਾਂ ’ਤੇ ਪਾਬੰਦੀ ਨੂੰ ਜਾਇਜ਼ ਦੱਸਿਆ ਹੈ। ਕੌਂਸਲ ਨੇ ਕਿਹਾ ਹੈ ਕਿ ਸੁਰੱਖਿਆ ਦੇ ਲਿਹਾਜ਼ ਨਾਲ ਮੀਡੀਆ ’ਤੇ ਪਾਬੰਦੀ ਜਾਇਜ਼ ਹੈ। ਪੀਸੀਆਈ ਨੇ ਕਿਹਾ ਹੈ ਕਿ ਜਿੱਥੇ ਇਕ ਪਾਸੇ ਭਸੀਨ ਦੀ ਪਟੀਸ਼ਨ ਪੱਤਰਕਾਰਾਂ ਵੱਲੋਂ ਪਾਰਦਰਸ਼ੀ ਰਿਪੋਰਟਿੰਗ ਕੀਤੇ ਜਾਣ ਦੀ ਗੱਲ ਕਰਦੀ ਹੈ, ਉੱਥੇ ਦੂਜੇ ਪਾਸੇ ਕੌਮੀ ਅਖੰਡਤਾ ਤੇ ਸੁਰੱਖਿਆ ਦਾ ਸਵਾਲ ਹੈ। ਇਸ ਲਈ ਕੌਂਸਲ ਵੀ ਆਪਣਾ ਪੱਖ ਰੱਖ ਕੇ ਸੁਪਰੀਮ ਕੋਰਟ ਨੂੰ ਪਟੀਸ਼ਨ ’ਤੇ ਫ਼ੈਸਲਾ ਲੈਣ ਵਿਚ ਸਹਿਯੋਗ ਕਰਨਾ ਚਾਹੁੰਦੀ ਹੈ।

**ਐੱਸਐੱਸਜੀ ਕਮਾਂਡੋ ਸਰਹੱਦ ’ਤੇ ਤਾਇਨਾਤ-**

ਪਾਕਿ ਫੌਜ ਨੇ ਐੱਸਐੱਸਜੀ ਕਮਾਂਡੋ ਨੂੰ ਸਰਹੱਦ ਨੇੜੇ ਤਾਇਨਾਤ ਕਰ ਦਿੱਤਾ ਹੈ। ਉੜੀ ਹਮਲੇ ਤੋਂ ਬਾਅਦ ਜਦੋਂ ਭਾਰਤੀ ਫ਼ੌਜ ਨੇ ਸਰਜੀਕਲ ਸਟ੍ਰਾਈਕ ਕੀਤੀ ਸੀ ਤਾਂ ਉਸ ਸਮੇਂ ਪਾਕਿ ਫੌਜ ਨੇ ਐੱਸਐੱਸਜੀ ਕਮਾਂਡੋ ਨੂੰ ਸਰਹੱਦ ਦੇ ਨੇੜੇ ਤਾਇਨਾਤ ਕਰ ਦਿੱਤਾ ਸੀ। ਇਨ੍ਹਾਂ ਨੇ ਕਈ ਭਾਰਤੀ ਜਵਾਨਾਂ ਨੂੰ ਮਾਰ ਦਿੱਤਾ ਸੀ। ਇਸ ਤੋਂ ਬਾਅਦ ਪਾਕਿ ਨੇ ਸਰਹੱਦ ਤੋਂ ਆਪਣੇ ਐੱਸਐੱਸਜੀ ਕਮਾਂਡੋ ਦੀ ਗਿਣਤੀ ਨੂੰ ਘੱਟ ਕਰ ਦਿੱਤਾ ਸੀ, ਪਰ 370 ਹਟਣ ਤੋਂ ਬਾਅਦ ਫਿਰ ਤੋਂ ਇਨ੍ਹਾਂ ਦੀ ਗਿਣਤੀ ਵਧਾ ਦਿੱਤੀ ਹੈ।

**ਬੈਟ ਟੀਮਾਂ ਫਿਰ ਤੋਂ ਸਰਗਰਮ-**

ਪਾਕਿ ਵੱਲੋਂ ਬੈਟ ਐਕਸ਼ਨ ਟੀਮਾਂ ਜਿਨ੍ਹਾਂ ਨੂੰ ਬਾਰਡਰ ਐਕਸ਼ਨ ਟੀਮ ਕਿਹਾ ਜਾਂਦਾ ਹੈ। ਉਨ੍ਹਾਂ ਨੂੰ ਫਿਰ ਤੋਂ ਸਰਹੱਦ ’ਤੇ ਸਰਗਰਮ ਕਰ ਦਿੱਤਾ ਹੈ। ਇਨ੍ਹਾਂ ਟੀਮਾਂ ਨੂੰ ਜ਼ਿੰਮਾ ਦਿੱਤਾ ਗਿਆ ਹੈ ਕਿ ਸਰਹੱਦ ਪਾਰ ਜਾ ਕੇ ਭਾਰਤੀ ਫੌਜ ਦਾ ਨੁਕਸਾਨ ਕਰਕੇ ਵਾਪਸ ਆਪਣੇ ਖੇਤਰ ਵਿਚ ਸੁਰੱਖਿਅਤ ਵਾਪਿਸ ਆ ਜਾਣ। ਬੈਟ ਵਿਚ ਪਾਕਿ ਫੌਜ ਦੇ ਵਿਸ਼ੇਸ਼ ਕਮਾਂਡੋ, ਪਾਕਿ ਫੌਜ ਦੇ ਜਵਾਨ ਤੇ ਕੁਝ ਜਿਹਾਦੀ ਸ਼ਾਮਲ ਹਨ।



## ਕਸ਼ਮੀਰ ਦੇ ਮੁੱਦੇ ’ਤੇ ਤੀਜੀ ਧਿਰ ਦੀ ਕੋਈ ਲੋੜ ਨਹੀਂ : ਮੋਦੀ

**ਬਿਆਰਿਟਜ਼/ਏਟੀ ਨਿਊਜ਼ :** ਫਰਾਂਸ ਵਿਚ ਆਯੋਜਿਤ ਜੀ-7 ਸਿਖਰ ਸੰਮੇਲਨ 2019 ਤੋਂ ਵੱਖ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕਾ ਦੇ ਰਾਸ਼ਟਰਪਤੀ ਡੌਨਾਲਡ ਟਰੰਪ ਵਿਚਾਲੇ ਮੁਲਾਕਾਤ ਹੋਈ। ਪ੍ਰਧਾਨ ਮੰਤਰੀ ਮੋਦੀ ਨੇ ਕਸ਼ਮੀਰ ਮਸਲੇ ’ਤੇ ਭਾਰਤ ਦਾ ਸਟੈਂਡ ਸਪੱਸ਼ਟ ਕਰਦਿਆਂ ਟਰੰਪ ਨੂੰ ਕਿਹਾ ਕਿ ਪਾਕਿਸਤਾਨ ਤੇ ਭਾਰਤ ਮਿਲ ਜੁੱਲ ਕੇ ਆਪਣੇ ਫੈਸਲੇ ਕਰ ਲੈਣਗੇ, ਇਸ ਬਾਰੇ ਤੀਸਰੀ ਧਿਰ ਦੀ ਕੋਈ ਜ਼ਰੂਰਤ ਨਹੀਂ। ਟਰੰਪ ਨੇ ਵੀ ਇਸ ਮੁੱਦੇ ’ਤੇ ਵਿਚੋਲਗੀ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਕਸ਼ਮੀਰ ਦਾ ਮੁੱਦਾ ਭਾਰਤ-ਪਾਕਿਸਤਾਨ ਦਾ ਆਪਸੀ ਮੁੱਦਾ ਹੈ ਤੇ ਇਸ ਵਿਚ ਅਸੀਂ ਦਖਲਅੰਦਾਜ਼ੀ ਨਹੀਂ ਦੇਵਾਂਗੇ, ਇਹ ਆਪਸ ਵਿਚ ਆਪਣਾ ਮਸਲਾ ਸੁਲਝਾ ਲੈਣਗੇ। ਬਿਆਰਿਟਜ਼-ਫਰਾਂਸ ਵਿਚ ਆਯੋਜਿਤ ਜੀ-7 ਸਿਖਰ ਸੰਮੇਲਨ 2019 ਤੋਂ ਵੱਖ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕਾ ਦੇ ਰਾਸ਼ਟਰਪਤੀ ਡੌਨਾਲਡ ਟਰੰਪ ਵਿਚਾਲੇ ਮੁਲਾਕਾਤ ਹੋਈ। ਪ੍ਰਧਾਨ ਮੰਤਰੀ ਮੋਦੀ ਨੇ ਕਸ਼ਮੀਰ ਮਸਲੇ ’ਤੇ ਭਾਰਤ ਦਾ ਸਟੈਂਡ ਸਪੱਸ਼ਟ ਕਰਦਿਆਂ ਟਰੰਪ ਨੂੰ ਕਿਹਾ ਕਿ ਪਾਕਿਸਤਾਨ ਤੇ ਭਾਰਤ ਮਿਲ ਜੁੱਲ ਕੇ ਆਪਣੇ ਫੈਸਲੇ ਕਰ ਲੈਣਗੇ, ਇਸ ਬਾਰੇ ਤੀਸਰੀ ਧਿਰ ਦੀ ਕੋਈ ਜ਼ਰੂਰਤ ਨਹੀਂ। ਟਰੰਪ ਨੇ ਵੀ ਇਸ ਮੁੱਦੇ ’ਤੇ ਵਿਚੋਲਗੀ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਕਸ਼ਮੀਰ ਦਾ ਮੁੱਦਾ ਭਾਰਤ-ਪਾਕਿਸਤਾਨ ਦਾ ਆਪਸੀ ਮੁੱਦਾ ਹੈ ਤੇ ਇਸ ਵਿਚ ਅਸੀਂ ਦਖਲਅੰਦਾਜ਼ੀ ਨਹੀਂ ਦੇਵਾਂਗੇ, ਇਹ ਆਪਸ ਵਿਚ ਆਪਣਾ ਮਸਲਾ ਸੁਲਝਾ ਲੈਣਗੇ।

# ਭਾਰਤ ਦੀ ਅੱਖ ਹੁਣ ਮਕਬੂਜ਼ਾ ਕਸ਼ਮੀਰ ’ਤੇ

**ਰਜਿੰਦਰ ਸਿੰਘ**

ਜੰਮੂ ਤੇ ਕਸ਼ਮੀਰ ਵਿਚ ਧਾਰਾ 370 ਅਤੇ 35-ਏ ਖ਼ਤਮ ਕਰਨ ਤੋਂ ਬਾਅਦ ਹਾਲਾਤ ‘ਤੂਫ਼ਾਨ ਤੋਂ ਪਹਿਲਾਂ’ ਵਾਲੀ ਸ਼ਾਂਤੀ ਵਰਗੇ ਬਣੇ ਹੋਏ ਸਨ। ਕਸ਼ਮੀਰ ਦਾ ਵਿਸ਼ੇਸ਼ ਦਰਜਾ ਇਸੇ ਕਰਕੇ ਖੋਹਿਆ ਗਿਆ ਤਾਂ ਜੋ ਉਸ ਨੂੰ ਪ੍ਰਭਾਵਹੀਣ ਕਰ ਦਿੱਤਾ ਜਾਵੇ। ਇਹ ਭਗਵਾਂਵਾਦੀ ਰਾਸ਼ਟਰੀ ਏਜੰਡਾ ਸੀ। ਇਸ ਤੋਂ ਵੀ ਵੱਧ ਕਾਰਪੋਰੇਟ ਜਗਤ ਨੂੰ ਇੱਥੇ ਵਿਕਾਸ ਦੇ ਨਾਮ ’ਤੇ ਲਿਆਉਣਾ ਸੀ। ਅਡਾਨੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਮੋਦੀ ਸਰਕਾਰ ਦੇ ਕਹਿਣ ’ਤੇ ਇੱਥੇ ਵਿਕਾਸ ਕਰਨਗੇ। ਘੱਟੋ ਘੱਟ ਭਾਰਤ ਦੇ 24 ਅਰਬਪਤੀ ਇੱਥੇ ਵਿਕਾਸ ਦੇ ਨਾਮ ’ਤੇ ਕੁਦਰਤੀ ਸਰਮਾਇਆ ਹਜ਼ਮ ਕਰਨਗੇ। ਕਸ਼ਮੀਰ ਵਿਚ ਕੁਝ ਵੀ ਨਹੀਂ ਬਦਲਿਆ, ਪਰ ਦਹਿਸ਼ਤ ਭਾਰੀ ਹੈ। ਅਫਵਾਹਾਂ ਦਾ ਬਾਜ਼ਾਰ ਗਰਮ ਹੈ। ਬਿਲਕੁਲ ਪੰਜਾਬ ਵਾਲਾ ਦ੍ਰਿਸ਼ ਹੈ। ਬੀਬੀਸੀ ਤੇ ਹੋਰ ਨਿਰਪੱਖ ਮੀਡੀਆ ਅਦਾਰਿਆਂ ’ਤੇ ਪਾਬੰਦੀਆਂ ਲੱਗ ਚੁੱਕੀਆਂ ਹਨ। ਸੁਪਰੀਮ ਕੋਰਟ ਕੁਝ ਵੀ ਨਹੀਂ ਬੋਲ ਰਹੀ। ਉਹ ਵੀ ਜੋ ਫੈਸਲੇ ਕਰੇਗੀ, ਉਹ ਇਸੇ ਸਿਆਸੀ ਮੌਸਮ ਅਨੁਸਾਰ ਕਰੇਗੀ। ਪੰਜਾਬ ਸੰਤਾਪ ਦੌਰਾਨ ਜੋ ਪੰਜਾਬੀਆਂ ਦੇ ਮੂੰਹ ’ਤੇ ਸੁਰੱਖਿਆ ਦਸਤਿਆਂ ਦੇ ਜ਼ੁਲਮ ਦੀਆਂ ਕਹਾਣੀਆਂ ਸਨ, ਉਹ ਹੁਣ ਕਸ਼ਮੀਰ ਵਿਚ ਕਸ਼ਮੀਰੀਆਂ ਦੇ ਮੂੰਹ ਵਿਚ ਸੁਣਨ ਨੂੰ ਮਿਲ ਰਹੀਆਂ ਹਨ। ਹਰ ਕਸ਼ਮੀਰੀ ਦੇ ਚਿਹਰੇ ’ਤੇ ਖੌਫ ਹੈ। ਬਾਜ਼ਾਰ, ਦੁਕਾਨਾਂ ਤੇ ਸਕੂਲ ਸੁੰਨੇ ਪਏ ਹਨ। ਫੌਜੀਆਂ ਦੀ ਦਗੜ ਦਗੜ ਸੁੰਨਸਾਨ ਘਾਟੀ ਦਾ ਬਿਰਤਾਂਤ ਪੇਸ਼ ਕਰ ਰਹੀ ਹੈ। ਧਾਰਾ 370 ਹਟਾਉਣ ਤੋਂ ਬਾਅਦ ਕਸ਼ਮੀਰ ਵਿਚ ਪੰਜਾਹ ਹਜ਼ਾਰ ਦੇ ਲੱਗਭੱਗ ਨਵੇਂ ਫੌਜੀ ਤਾਇਨਾਤ ਕੀਤੇ ਜਾ ਚੁੱਕੇ ਹਨ। ਕਸ਼ਮੀਰ ਵਿਚ ਬਹੁਤੀਆਂ ਥਾਵਾਂ ’ਤੇ ਇੰਟਰਨੈਟ ਮੋਬਾਇਲ ਸੇਵਾ ਬੰਦ ਹੈ, ਧਾਰਾ 144 ਲੱਗੀ ਹੋਈ ਹੈ। ਲੋਕ ਸੜਕਾਂ ’ਤੇ ਇਕਜੁਟ ਨਹੀਂ ਹੋ ਸਕਦੇ, ਪਰ ਕਈ ਥਾਂਵਾਂ ’ਤੇ ਹੋ ਰਹੇ ਹਨ। ਜਿੱਥੇ ਹੋ ਰਹੇ ਹਨ, ਉੱਥੇ ਫਿਰ ਪਾਬੰਦੀਆਂ ਲੱਗ ਗਈਆਂ ਹਨ। ਪ੍ਰਧਾਨ ਮੰਤਰੀ ਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੂੰ ਸਭ ਨੇ ਚਾਰ ਕਸ਼ਮੀਰੀਆਂ ਨਾਲ ਖਾਣਾ ਖਾਂਦੇ ਦੇਖਿਆ ਹੈ। ਪਰ ਕਿਸੇ ਨੇ ਨਹੀਂ ਪੁੱਛਿਆ ਕਿ ਕਸ਼ਮੀਰੀਆਂ ਦੇ ਪਿੱਛੇ ਕਿੰਨੇ ਫ਼ੌਜੀ ਬੰਦੂਕਾਂ ਲੈ ਕੇ ਖਲੌਤੇ ਹਨ। ਇਸ ਤੋਂ ਯਾਦ ਆ ਜਾਂਦਾ ਹੈ ਕਿ ਜਦੋਂ ਦਰਬਾਰ ਸਾਹਿਬ ਵਿਚ ਫ਼ੌਜੀ ਹਮਲਾ ਹੋਇਆ ਸੀ ਉਸ ਤੋਂ ਬਾਅਦ ਅਕਾਲ ਤਖ਼ਤ ਦੇ ਜਥੇਦਾਰ ਕੋਲ ਇਹੀ ਅਖਵਾਇਆ ਗਿਆ ਸੀ ਕਿ ਕੋਠਾ ਸਾਹਿਬ ਠੀਕ ਠਾਕ ਹੈ। ਮਗਰ ਬੰਦੂਕਾਂ ਵਾਲੇ ਫ਼ੌਜੀ ਖਲੌਤੇ ਸਨ। ਕਸ਼ਮੀਰ ਦੇ ਦੁਖਾਂਤ ਤੇ ਪੰਜਾਬ ਦੇ ਦੁਖਾਂਤ ਵਿਚ ਕੋਈ ਅੰਤਰ ਨਹੀਂ। ਇਹ ਮਨੁੱਖੀ ਅਧਿਕਾਰਾਂ ਦਾ ਮਸਲਾ ਹੈ। ਇਹ ਘੱਟ ਗਿਣਤੀਆਂ ਦਾ ਦੁਖਾਂਤ ਹੈ। ਭਾਵੇਂ ਸ੍ਰੀਨਗਰ ਸਮੇਤ ਵਾਦੀ-ਏ-ਕਸ਼ਮੀਰ ਵਿਚ ਲਗਪਗ ਇਕ ਹਜ਼ਾਰ ਪ੍ਰਾਇਮਰੀ ਸਕੂਲ ਵੀ ਖੋਲ੍ਹ ਦਿੱਤੇ ਗਏ ਹਨ ਪਰ ਬੱਚਿਆਂ ਦੀ ਹਾਜ਼ਰੀ ਘੱਟ ਸੀ। ਵਾਦੀ ਵਿਚ ਕਈ ਇਲਾਕਿਆਂ ਵਿਚ ਦੁਕਾਨਾਂ ਖੁੱਲ੍ਹ ਗਈਆਂ ਹਨ, ਪਰ ਚਹਿਲ ਪਹਿਲ ਘੱਟ ਹੈ। ਭਾਵੇਂ ਕੇਂਦਰ ਸਰਕਾਰ ਆਸ ਕਰ ਰਹੀ ਹੈ ਕਿ ਹਾਲਾਤ ਸੁਧਰਨ ਨਾਲ ਕਸ਼ਮੀਰ ਮੁੜ ਤੋਂ ਧਰਤੀ ਦਾ ਬੈਕੁੰਠ ਬਣ ਜਾਵੇਗਾ। ਪਰ ਇਹ ਗੱਲ ਯਕੀਨ ਨਾਲ ਨਹੀਂ ਕਹੀ ਜਾ ਸਕਦੀ। ਇਸ ਦਾ ਕਾਰਨ ਇਹ ਹੈ ਕਿ ਕਸ਼ਮੀਰੀਆਂ ਨੂੰ ਇਹ ਫੈਸਲਾ ਕਰਨ ਲੱਗਿਆ ਭਰੋਸੇ ਵਿਚ ਨਹੀਂ ਲਿਆ ਗਿਆ। ਦੂਸਰੇ ਪਾਸੇ ਪਾਕਿਸਤਾਨ ਦੀ ਸਰਕਾਰ ਅਤੇ ਉੱਥੋਂ ਦੀ ਫ਼ੌਜ ਕਸ਼ਮੀਰ ਦੇ ਇਸ ਫੈਸਲੇ ਕਾਰਨ ਬੁਖਲਾਹਟ ਵਿਚ ਹੈ। ਭਾਵੇਂ ਮੋਦੀ ਸਰਕਾਰ ਅਮਰੀਕਾ ਤੇ ਪੱਛਮੀ ਦੇਸਾਂ ਵਿਚ ਪਾਕਿਸਤਾਨ ਨੂੰ ਸ਼ਬਦੀ ਜੰਗ ਵਿਚ ਹਰਾਉਣ ਵਿਚ ਸਫਲ ਹੋ ਗਈ ਹੈ, ਪਰ ਜੰਗ ਦੇ ਬੱਦਲ ਵੀ ਮੰਡਰਾ ਰਹੇ ਹਨ। ਇਸ ਵਿਚ ਜਿੱਤ ਹਾਰ ਦਾ ਫੈਸਲਾ ਨਹੀਂ ਹੋਣਾ, ਕਿਉਂਕਿ ਦੋਵੇਂ ਦੇਸ ਪ੍ਰਮਾਣੂ ਸ਼ਕਤੀਆਂ ਹਨ। ਇਹੀ ਕਾਰਨ ਹੈ ਕਿ ਅਮਰੀਕਾ ਇਸ ਤਣਾਅ ਨੂੰ ਰੋਕ ਰਿਹਾ ਹੈ। ਦੂਸਰੇ ਪਾਸੇ ਚੀਨ ਪਾਕਿਸਤਾਨ ਦੀ ਪਿੱਠ ’ਤੇ ਆ ਗਿਆ ਹੈ। ਭਾਰਤ ਉਸ ਨੂੰ ਆਪਣੇ ਹੱਕ ਵਿਚ ਨਹੀਂ ਮਨਾ ਸਕਿਆ। ਇਸ ਦਾ ਕਾਰਨ ਇਹੀ ਹੈ ਕਿ ਭਾਰਤ ਦੀ ਜ਼ਿਆਦਾ ਦਿਲਚਸਪੀ ਅਮਰੀਕਾ ਵਲ ਹੈ, ਇਸੇ ਕਰਕੇ ਚੀਨ ਪਾਕਿਸਤਾਨ ਵਲ ਝੁਕਿਆ ਹੋਇਆ ਹੈ। ਇਮਰਾਨ ਖ਼ਾਨ ਹੁਣ ਖ਼ਦਸ਼ਾ ਜ਼ਾਹਿਰ ਕਰ ਰਹੇ ਹਨ ਕਿ ਭਾਰਤ ਦੀ ਅੱਖ ਹੁਣ ਮਕਬੂਜ਼ਾ ਕਸ਼ਮੀਰ ’ਤੇ ਹੈ। ਇਤਿਹਾਸ ਦੇ ਪੰਨੇ ਫਰੋਲੀਏ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਹਿੰਦੁਸਤਾਨ ਦੀ ਵੰਡ ਦੇ ਤੁਰੰਤ ਬਾਅਦ ਪਾਕਿਸਤਾਨ ਨੇ ਲਗਪਗ ਅੱਧਾ ਕਸ਼ਮੀਰ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਰਾਜਾ ਹਰੀ ਸਿੰਘ ਡੋਗਰਾ ਕਾਰਨ ਬਾਕੀ ਕਸ਼ਮੀਰ ਭਾਰਤ ਦੇ ਕਬਜ਼ੇ ਵਿਚ ਆ ਗਿਆ। ਪਰ ਲੋਕ ਇਸ ਬਾਰੇ ਰਾਇਸ਼ੁਮਾਰੀ ਚਾਹੁੰਦੇ ਸਨ ਤੇ ਹੁਣ ਵੀ ਚਾਹੁੰਦੇ ਹਨ। ਪਰ ਭਾਰਤ ਸਰਕਾਰ ਨੇ ਇਹ ਗੱਲ ਕਦੇ ਪ੍ਰਵਾਨ ਨਹੀਂ ਕੀਤੀ। ਚਾਹੀਦਾ ਇਹ ਹੈ ਕਿ ਮਕਬੂਜ਼ਾ ਕਸ਼ਮੀਰ ਤੇ ਭਾਰਤੀ ਕਸ਼ਮੀਰ ਇਕੱਠਾ ਕਰਕੇ ਸੰਯੁਕਤ ਰਾਸ਼ਟਰ ਦੇ ਅਧੀਨ ਕਰ ਦਿੱਤਾ ਜਾਵੇ ਤੇ ਇਸ ਦੀ ਰਾਖੀ ਦੀ ਜ਼ਿੰਮੇਵਾਰੀ ਸੰਯੁਕਤ ਰਾਸ਼ਟਰ ਦੀ ਹੋਵੇ। ਕਸ਼ਮੀਰ ਦੇ ਦੁਖਾਂਤ ਕਾਰਨ ਆਮ ਗਰੀਬ ਲੋਕ ਮਰ ਰਹੇ ਹਨ। ਅੱਗੋਂ ਕੀ ਵਾਪਰੇਗਾ, ਕਿਸੇ ਨੂੰ ਪਤਾ ਨਹੀਂ, ਪਰ ਭਾਰਤ-ਪਾਕਿਸਤਾਨ ਨੂੰ ਆਪਣੇ ਸੰਬੰਧ ਸੁਧਾਰਦੇ ਹੋਏ, ਇਸ ਬਾਰੇ ਸਹੀ ਪਹੁੰਚ ਅਪਨਾਉਣ ਦੀ ਲੋੜ ਹੈ। ਦੂਸਰੀ ਵੱਡੀ ਗੱਲ ਇਹ ਹੈ ਕਿ ਕਸ਼ਮੀਰੀਆਂ ਦੀ ਇਸ ਮਸਲੇ ’ਤੇ ਸਹਿਮਤੀ ਹੋਣੀ ਜ਼ਰੂਰੀ ਹੈ।

### 1 ਸਤੰਬਰ ਨੂੰ ਹੋਣ ਵਾਲੇ ਮੇਲੇ 'ਤੇ ਵਿਸ਼ੇਸ਼

# ਜਲਿਆਂਵਾਲਾ ਬਾ.ਗ ਦੀ ਸ਼ਤਾਬਦੀ ਨੂੰ ਸਮਰਪਿਤ ਮੇਲਾ .ਗਦਰੀ ਬਾਬਿਆਂ ਦਾ

**ਐੱਸ.ਅਸ਼ੋਕ. ਭੌਰਾ**

ਜਲਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਨੂੰ ਇਕ ਸਦੀ ਬੀਤ ਗਈ ਹੈ। ਪਰ ਇਸ ਦਰਦ 'ਤੇ ਫਹੇ ਰੱਖ ਕੇ ਫੂਕਾਂ ਮਾਰ ਕੇ ਵੀ ਇਸ ਪੀੜਾ ਨੂੰ ਘਟਾਇਆ ਨਹੀਂ ਜਾ ਸਕਿਆ। ਇਹ ਦਰਦ ਹੋਰ ਵੀ ਇਸ ਕਰਕੇ ਵੱਡਾ ਹੋ ਜਾਂਦਾ ਹੈ ਕਿ ਜਿਸ ਆਜ਼ਾਦੀ ਲਈ ਇਨਾਂ ਹਜ਼ਾਰਾਂ ਲੋਕਾਂ ਨੇ ਆਪਣੀ ਛਾਤੀ 'ਚ ਛੇਕ ਕਰਵਾਏ ਉਨਾਂ ਦੀ ਸੁਪਨਿਆਂ ਦੀ ਆਜ਼ਾਦੀ ਨੂੰ ਹਾਲੇ ਤੱਕ ਵੀ ਬੂਰ ਨਹੀਂ ਪੈ ਸਕਿਆ। ਇਸੇ ਕਰਕੇ ਜਲਿਆਂਵਾਲਾ ਬਾਗ ਦੀ ਖ਼ੂਨੀ ਸ਼ਤਾਬਦੀ ਨੂੰ ਮਨਾਉਦਿਆਂ ਸਿਰ ਆਪਣੇ ਆਪ ਝੁਕ ਜਾਂਦਾ ਹੈ।

ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਕੈਲੀਫੋਰਨੀਆ ਵਲੋਂ ਪਿਛਲੇ ਕਰੀਬ ਦੋ ਦਹਾਕਿਆਂ ਤੋਂ ਆਜ਼ਾਦੀ ਦੀ ਲਹਿਰ ਲਈ ਗਦਰ ਮਚਾਉਣ ਵਾਲੇ ਸੂਰਮਿਆਂ ਦੀ ਯਾਦ ਵਿਚ 'ਮੇਲਾ ਗਦਰੀ ਬਾਬਿਆਂ ਦਾ' ਸੈਕਰਾਮੈਂਟੋ 'ਚ ਅਯੋਜਿਤ ਕੀਤਾ ਜਾ ਰਿਹਾ ਹੈ। ਪਿਛਲੇ ਕੁਝ ਵਰਿਆਂ ਤੋਂ ਇਸ ਦੀ ਅਗਵਾਈ ਸੁਰਿੰਦਰ ਸਿੰਘ ਬਿੰਦਰਾ ਕਰਦੇ ਆ ਰਹੇ ਹਨ। ਪੰਜਾਬੀਆਂ ਦੀ ਆਮਦ ਖਾਸ ਤੌਰ 'ਤੇ ਕੈਲੀਫੋਰਨੀਆਂ 'ਚ ਹੋਣ ਤੋਂ ਬਾਅਦ ਇਹ ਉਨਾਂ ਮੇਲਿਆਂ 'ਚ ਸ਼ੁਮਾਰ ਰੱਖਦਾ ਹੈ ਜਿਹੜੇ ਦੇਸ਼ ਲਈ ਕੁਰਬਾਨ ਹੋਣ ਵਾਲੇ ਲੋਕਾਂ ਨੂੰ ਆਏ ਸਾਲ ਯਾਦ ਕਰਦੇ ਆ ਰਹੇ ਹਨ। ਇਸ ਮੇਲੇ ਦੀ ਖਾਸੀਅਤ ਇਹ ਰਹੀ ਹੈ ਕਿ ਇੱਥੇ ਇਨਾਂ ਗਦਰੀ ਬਾਬਿਆਂ ਦੇ ਵਾਰਸਾਂ ਨੂੰ ਬੁਲਾ ਕੇ ਮਾਣ ਸਨਮਾਨ ਵੀ ਦਿੱਤਾ ਜਾਂਦਾ ਹੈ, ਗਦਰ ਲਹਿਰ ਦੇ ਇਤਿਹਾਸ ਨੂੰ ਪ੍ਰਦਰਸ਼ਿਤ ਕਰਕੇ ਨਵੀਆਂ ਨਸਲਾਂ ਨੂੰ ਪ੍ਰੇਰਨਾ ਸ੍ਰੋਤ ਵੀ ਬਣਾਇਆ ਜਾਂਦਾ ਰਿਹਾ ਹੈ। ਢਾਡੀ, ਕਵੀਸ਼ਰੀ ਅਤੇ ਗਾਇਕੀ ਜ਼ਰੀਏ ਦੇਸ਼ ਭਗਤੀ ਦੇ ਕਿੱਸੇ ਦੇ ਸਿਹਤਮੰਦ ਸੱਭਿਆਚਾਰਕ ਗੀਤਾਂ ਨੂੰ ਪੇਸ਼ ਕਰਕੇ ਲਗਾਤਾਰ ਮੇਲੇ ਨੂੰ ਮੇਲੇ ਵਰਗਾ ਬਣਾਉਣ ਦਾ ਯਤਨ ਹੁੰਦਾ ਆਇਆ ਹੈ। ਸ. ਸੁਰਿੰਦਰ ਸਿੰਘ ਬਿੰਦਰਾ ਅਨੁਸਾਰ ਇਹ ਮੇਲਾ ਇਸ ਵਾਰ 1 ਸਤੰਬਰ 2019 ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਦੇਰ ਰਾਤ ਤੱਕ ਐੱਸ.ਆਈ.ਐੱਸ ਹਾਲ 10428 ਈਸਟ ਸਟਾਕਟਨ ਬੁਲੇਵਾਰਡ ਐਲਕਗਰੋਵ ਸੈਕਰਾਮੈਂਟੋ ਵਿਖੇ ਮਨਾਏ ਜਾਣ ਵਾਲੇ ਇਸ ਮੇਲੇ ਵਿਚ ਬੀਬੀ ਮਾਲਵਿੰਦਰ ਕੌਰ, ਬੀਬੀ ਕਰਨੈਲ ਕੌਰ ਈਸੜੂ, ਦਵਿੰਦਰ ਸਿੰਘ ਧੂਤ, ਕਿਰਪਾਲ ਸਿੰਘ ਸੰਧੂ, ਜਗਦੀਸ਼ ਖੰਗੂੜਾ (ਬਾਬਾ ਕਰਤਾਰ ਸਿੰਘ ਦੁੱਕੀ ਦਾ ਪੋਤਾ) ਅਤੇ ਪਿਛਲੇ ਮੇਲਿਆਂ ਵਾਂਗ ਰਵਾਇਤੀ ਪਹਿਰਾਵਿਆਂ 'ਚ ਨਾਮਧਾਰੀ ਸੰਗਤ ਪਹੁੰਚੇਗੀ। ਮੇਲੇ ਦੌਰਾਨ ਢਾਡੀ ਜਥਿਆਂ ਤੋਂ ਸਿਵਾ ਪੰਮੀ ਮਾਨ, ਜੀਵਨ ਰੱਤੂ, ਪੂਨਮ ਮਲਹੋਤਰਾ ਤੋਂ ਸਿਵਾ ਭੰਗੜੇ ਗਿੱਧੇ ਦੀਆਂ ਟੀਮਾਂ ਵੀ ਸ਼ਾਮਿਲ ਹੋਣਗੀਆਂ। ਬੁਲੰਦ ਆਵਾਜ਼ ਦੇ ਮਾਲਕ ਗਿੱਲ ਹਰਦੀਪ ਵੀ ਇਸ ਮੇਲੇ ਦਾ ਸ਼ਿੰਗਾਰ ਬਣਨ ਲਈ ਪਹੁੰਚ ਰਹੇ ਹਨ। ਗੀਤਕਾਰ ਮੱਖਣ ਬਰਾੜ ਦਾ ਇਸ ਮੌਕੇ 'ਤੇ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਹੋਵੇਗੀ, ਖਾਣਾ, ਪਾਰਕਿੰਗ 'ਤੇ ਐਂਟਰੀ ਮੁਫਤ ਹੋਣਗੇ।



ਪ੍ਰਬੰਧਕ ਕਮੇਟੀ ਵਿਚ ਸਕੱਤਰ ਗਿਆਨ ਸਿੰਘ ਬਿਲਗਾ, ਖਜਾਨਚੀ ਜਗਜੀਤ ਸਿੰਘ ਗਿੱਲ, ਸਤਵਿੰਦਰ ਸਿੰਘ ਰਾਣਾ, ਰੁਪਿੰਦਰ ਸਿੰਘ ਸੰਘਾ, ਸੁਰਿੰਦਰ ਸਿੰਘ ਗਿੱਲ, ਬਲਵੰਤ ਬਾਂਕਾ ਇਸ ਜਲਿਆਂਵਾਲਾ ਬਾਗ ਦੀ ਖ਼ੂਨੀ ਸ਼ਤਾਬਦੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੇ ਯਤਨਾਂ 'ਚ ਲੱਗੇ ਹੋਏ ਹਨ। ਸ. ਬਿੰਦਰਾ ਨੇ ਸਮੂਹ ਪੰਜਾਬੀਆਂ ਨੂੰ ਇਸ ਗਦਰੀ ਬਾਬਿਆਂ ਦੇ ਮੇਲੇ 'ਤੇ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਵੀ ਕੀਤੀ।

## ਭਤੀਜੀ ਨਾਲ ਬਲਾਤਕਾਰ ਦੇ ਦੋਸ਼ ਹੇਠ ਚਾਚਾ ਗ੍ਰਿਫ਼ਤਾਰ

**ਮੰਡੀ ਅਹਿਮਦਗੜ੍ਹ/ਏਟੀ ਨਿਊਜ਼ :** ਡੇਹਲੋਂ ਪੁਲੀਸ ਨੇ ਪਿੰਡ ਦਲੇਅ ਵਸਨੀਕ ਇੱਕ ਦੋਸ਼ੀ ਨੂੰ ਆਪਣੀ ਭਤੀਜੀ ਦਾ ਕਥਿਤ ਬਲਾਤਕਾਰ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਲੜਕੀ ਨੂੰ ਡਰਾ ਧਮਕਾ ਕੇ ਉਸ ਨਾਲ ਬਲਾਤਕਾਰ ਕਰਦਾ ਸੀ। ਇਹ ਘਟਨਾ ਦਸ ਮਹੀਨੇ ਪਹਿਲਾਂ ਵਾਪਰੀ ਸੀ। ਨਿਰਮਲਾ ਦੇਵੀ ਦੀ ਸ਼ਿਕਾਇਤ 'ਤੇ ਦਰਜ ਕੀਤੇ ਕੇਸ ਅਨੁਸਾਰ ਉਸ ਦਾ ਵਿਆਹ ਦਲੇਅ ਪਿੰਡ ਦੇ ਮੋਹਨ ਲਾਲ ਨਾਲ ਹੋਇਆ ਸੀ। ਉਨ੍ਹਾਂ ਦੇ ਛੇ ਬੱਚੇ ਹਨ। ਇੱਕ ਲੜਕਾ ਮੰਦਬੁੱਧੀ ਹੈ ਅਤੇ ਘਰੋਂ ਆਮ ਤੌਰ 'ਤੇ ਪਿੰਡ ਵਿੱਚ ਘੁੰਮਣ ਚਲਾ ਜਾਂਦਾ ਹੈ ਅਤੇ ਪਿੱਛੋਂ ਉਨ੍ਹਾਂ ਦੀ ਛੋਟੀ ਬੇਟੀ ਘਰ ਇਕੱਲੀ ਰਹਿ ਜਾਂਦੀ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਕਰੀਬ ਦਸ ਮਹੀਨੇ ਪਹਿਲਾਂ ਉਸ ਦਾ ਦਿਓਰ ਲੜਕੀ ਨੂੰ ਇਕੱਲੀ ਦੇਖ ਕੇ ਘਰ ਆ ਜਾਂਦਾ ਸੀ ਅਤੇ ਉਸ ਨੂੰ ਧਮਕਾ ਕੇ ਬਲਾਤਕਾਰ ਕਰਦਾ ਰਿਹਾ। ਪਰਿਵਾਰ ਨੂੰ ਘਟਨਾ ਬਾਰੇ ਉਦੋਂ ਪਤਾ ਚੱਲਿਆ ਜਦੋਂ ਪੀੜਤਾ ਨੂੰ 26 ਜੁਲਾਈ ਨੂੰ ਪੇਟ ਦਰਦ ਦੇ ਇਲਾਜ ਲਈ ਸਿਵਲ ਹਸਪਤਾਲ ਡੇਹਲੋਂ ਵਿੱਚ ਦਾਖ਼ਲ ਕਰਵਾਇਆ ਗਿਆ, ਉਥੋਂ ਉਸ ਨੂੰ ਸਿਵਲ ਹਸਪਤਾਲ ਲੁਧਿਆਣਾ ਵਿੱਚ ਰੈਫਰ ਕਰ ਦਿੱਤਾ ਅਤੇ ਇਲਾਜ ਦੌਰਾਨ ਉਸ ਨੇ ਇੱਕ ਲੜਕੇ ਨੂੰ ਜਨਮ ਦਿੱਤਾ। ਉਨ੍ਹਾਂ ਦੱਸਿਆ ਕਿ ਜਦੋਂ ਲੜਕੀ ਸਿਵਲ ਹਸਪਤਾਲ ਲੁਧਿਆਣਾ ਵਿੱਚ ਦਾਖ਼ਲ ਸੀ ਤਾਂ ਇਕ ਸਫਾਈ ਮਜ਼ਦੂਰ ਨੇ ਪਰਿਵਾਰ ਤੋਂ ਇਹ ਕਹਿ ਕੇ ਲੜਕਾ ਲੈ ਲਿਆ ਸੀ ਕਿ ਉਹ ਉਸ ਦਾ ਪਾਲਣ ਪੋਸ਼ਣ ਕਰੇਗਾ। ਪੜਤਾਲੀਆ ਅਫ਼ਸਰ ਸੁਭਾਸ਼ ਕਟਾਰੀਆ ਨੇ ਦੱਸਿਆ ਕਿ ਮੁੱਖ ਮੁਲਜ਼ਮ ਰਾਜ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ।

## ਲੜਕੀ ਦੇ ਪਰਿਵਾਰ ਵੱਲੋਂ ਘਰ ਆਏ ਉਸ ਦੇ ਪ੍ਰੇਮੀ ਦਾ ਕਤਲ

**ਗੁਰਦਾਸਪੁਰ/ਏਟੀ ਨਿਊਜ਼ :** ਪੁਲਿਸ ਥਾਣਾ ਸਦਰ ਗੁਰਦਾਸਪੁਰ ਅਧੀਨ ਆਉਂਦੇ ਪਿੰਡ ਤੁੰਗ ਵਿਖੇ ਦੇਰ ਰਾਤ ਆਪਣੀ ਪ੍ਰੇਮਿਕਾ ਨੂੰ ਮਿਲਣ ਗਏ ਲੜਕੇ ਨੂੰ ਲੜਕੀ ਦੇ ਪਰਿਵਾਰ ਵਾਲਿਆਂ ਨੇ ਬੇਸਬੈਟ ਨਾਲ ਕੁੱਟ ਕੁੱਟ ਕੇ ਮਾਰ ਦਿੱਤਾ। ਇਸ ਘਟਨਾ ਵਿਚ ਲੜਕੀ ਸਮੇਤ ਕੁੱਲ 7 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਵਾਰਦਾਤ ਪਿੱਛੋਂ ਲੜਕੀ ਅਤੇ ਉਸ ਦੀ ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਜਦੋਂ ਕਿ ਬਾਕੀ ਦੋਸ਼ੀ ਫਰਾਰ ਹਨ। ਮ੍ਰਿਤਕ ਦੀ ਪਛਾਣ ਯੂਸਫ ਮਸੀਹ ਉਰਫ ਲੱਕੀ (26 ਸਾਲ) ਤੁੰਗ ਹਾਲ ਵਾਸੀ ਪ੍ਰੇਮ ਨਗਰ ਵਜੋਂ ਹੋਈ ਹੈ।

## ਕੇਂਦਰ ਪੰਜਾਬ 'ਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਟੀਮ ਭੇਜਣ ਨੂੰ ਰਾਜ਼ੀ

**ਚੰਡੀਗੜ੍ਹ/ਏਟੀ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬੀਤੇ ਦਿਨ ਕੇਂਦਰ ਸਰਕਾਰ ਨੂੰ ਕੀਤੀ ਅਪੀਲ 'ਤੇ ਹੁੰਗਾਰਾ ਭਰਦਿਆਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਵਾਲੀ ਕੇਂਦਰੀ ਟੀਮ ਨੂੰ ਪੰਜਾਬ ਵਿੱਚ ਵੀ ਭੇਜਣ ਦਾ ਫੈਸਲਾ ਕੀਤਾ ਹੈ। ਕੇਂਦਰੀ ਗ੍ਰਹਿ ਸਕੱਤਰ ਅਜੇ ਭੱਲਾ ਨੇ ਸੂਬਾ ਸਰਕਾਰ ਨੂੰ ਜਾਣਕਾਰੀ ਦਿੱਤੀ ਕਿ ਹੜ੍ਹਗ੍ਰਸਤ 11 ਸੂਬਿਆਂ ਤੋਂ ਇਲਾਵਾ ਕੇਂਦਰੀ ਟੀਮ ਪੰਜਾਬ ਆ ਕੇ ਵੀ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਲਾਂਕਣ ਕਰੇਗੀ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205




# APCA

AMERICAN PETROLEUM AND CONVENIENCE
STORE ASSOCIATION

## Wednesday, September 25, 2019
## 1:00 PM to 6 PM

Pasadena Convention Center
300 E Green Street
Pasadena, CA 91101

# ਅਮਰੀਕਨ ਪੈਟਰੋਲੀਅਮ ਐਂਡ
# ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ
# ਇਸ ਵਾਰ ਪੰਜਵਾਂ ਸਾਲਾਨਾ ਟਰੇਡ ਸ਼ੋਅ
# ਲਾਸ ਏਂਜਲਸ ਵਿਖੇ ਹੋਵੇਗਾ

## ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।



## Special Vendor Deals + New Items

100+ Vendor Booths
And 400+ Retailers
From All Over
California

Hourly Cash Prizes
A GRAND PRIZE
And Free Raffle Prizes
Are Being Given Away!







Designed By Punjab Mail USA
















TRITON MUSEUM
FAMILY ART DAY
- Expressions of Divinity
Contemporary Sikh Art
Saturday, August 31, 2019
12:00pm - 4:00pm
Free admission
Spend an afternoon at the Triton! Make art inspired by our exhibitions with community artists. Enjoy live performances, bites and festivities for the whole family!
Art Fair by Hazur Art
Harmeet Khela
Loveleen Kaur
Rupy Tut
Sarabjit Singh
Sunroop Kaur
Tanya Momi
Performances by
Mein Sufi Hun featuring
Ishmeet Natula: Vocals
Janapriyan Levine: Guitar
Bidan Sinha: Bass
Gurdeep Singh: Tabla
Dr. Sunny Anand
Parveen Kaur Dhillon
Keerat Kaur
Supported by
THE SIKH FOUNDATION International
www.sikhfoundation.org
ONKAR
RSVP to our Facebook event at:
https://www.facebook.com/events/402455560396267/
TRITON MUSEUM OF ART
1505 Warburton Avenue
Santa Clara, CA 95050
(408) 247-2438
www.tritonmuseum.org
Exhibitions are funded in part by Applied Materials & the City of Santa Clara
Supported by SVCreates, in partnership with the County of Santa Clara.
Image Credit: Devender Singh, Baramaha Phagun


ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org
ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com
ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200
DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41
NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM


KHALSA
INSURANCE AGENCY, INC.
Khalsa Insurance Agency is among TOP 50 agencies
2014 ACE INDIVIDUAL
» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS
COVERED CALIFORNIA
OBAMACARE
COVERED CALIFORNIA
AFFORDABLE CARE ACT
California Health Benefit Exchange
Call Now for the
Lowest Health Insurance
Premiums available
Some Households
qualify for
FREE HEALTHCARE
408-272-2500
Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
Major League Kabaddi Federation
ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
Amolak Singh Gakhal
Chief Patron, United Sports Club
ਜ਼ੀਰਥ ਗਾਖ਼ਲ
ਰੰਗ ਕਬੱਡੀ ਦੇ
Sponsor of 1st Prize
Jagjit Singh Rakkar
Ocean Transport
Kuljit Singh Nijjar
White Hawk
Sponsor of 2nd Prize
Sponsor of 3rd Prize
Diamond Sponsor
Inder Dosanjh
Dosanjh Family
Diamond Sponsor
In the loving Memory of Late S. Mehnga Singh Sarai
ਮੁੱਖ ਮਹਿਮਾਨ
OPENING
Sponsor of U-25
1st Prize
Sponsored by
TAKHAR FAMILY
in loving memory of Late Santokh Singh
Media In charge
World Kabaddi Cup
S. Ashok Bhaura
Phone: 510 415 3315,
ਵਿਸ਼ੇਸ਼ ਮਹਿਮਾਨ
ਗੋਲਡ ਮੈਡਲ ਨਾਲ ਸਨਮਾਨ
Makhan Singh Bains Chairman
Iqbal Singh Gakhal Vice Chairman
Jugraj Singh Sahota President
Narinder Singh Sahota Treasurer
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Kala Gakhal Director
Super Star Players
Raja
CHICAGO'S PIZZA
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Area Sports Club 2. Young Sports Kabaddi Club CA.
3. Metro Sports Club New York 4. Canada Club
ਆਲ ਓਪਨ ਯੂ.ਐੱਸ.ਏ:
Spectator Have to reach at James Logan High School,
International Law of Kabddi will apply, United Sports Club has reserve the right for last decisions.
All Kabaddi Lovers are openly Invited

ੴ ਸਤਿਗੁਰ ਪ੍ਰਸਾਦਿ ॥

# ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਪੈਲਾਟਾਈਨ ਵਿਖੇ ਖਾਸ ਕਾਰ ਸੇਵਾ, ਸੈਮੀਨਾਰ, ਪ੍ਰਦਰਸ਼ਨੀ ਅਤੇ ਸੋਵੀਨਾਰ ਬੁੱਕ

ਗੁਰੂ ਪਿਆਰੀ ਸਾਧ ਸੰਗਤ ਜੀਓ,

ਮਨੁੱਖਤਾ ਨੂੰ ਇਕ ਅਤੇ ਸੱਚ ਨਾਲ ਜੋੜਨ ਵਾਲੇ ਜਗਤ ਗੁਰੂ ਬਾਬਾ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਸਮੂਹ ਜਗਤ ਬਹੁਤ ਸ਼ਰਧਾ ਭਾਵਨਾ ਨਾਲ ਮਨਾ ਰਿਹਾ ਹੈ। ਗੁਰਦੁਆਰਾ ਪੈਲਾਟਾਈਨ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਾਰ ਸੇਵਾ ਜਥੇ ਵਲੋਂ ਗੁਰੂ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਖਾਸ ਕਾਰ ਸੇਵਾ 2 ਸਤੰਬਰ 2019, ਸੋਮਵਾਰ (ਲੇਬਰ ਡੇਅ) ਨੂੰ ਸਵੇਰੇ 8 ਵਜੇ ਤੋਂ ਰਾਤ ਹੋਣ ਤੱਕ ਗੁਰਦੁਆਰਾ ਸਾਹਿਬ ਵਿਖੇ ਹੋ ਰਹੀ ਹੈ ਜਿਸ ਵਿਚ ਗੁਰੂਘਰ ਦੇ ਅੰਦਰਲੇ ਅਤੇ ਬਾਹਰਲੇ ਵਾਤਾਵਰਣ ਨੂੰ ਸਾਫ਼ ਸੁਥਰਾ ਬਣਾਇਆ ਜਾਵੇਗਾ।

ਸਭ ਸੰਗਤਾਂ, ਮਾਈ ਭਾਈ ਅਤੇ ਨੌਜਵਾਨ ਪੀੜ੍ਹੀ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਇਸ ਖਾਸ ਸੇਵਾ ਵਿਚ ਤਨ, ਮਨ ਅਤੇ ਧਨ ਨਾਲ ਵੱਧ ਚੜ੍ਹ ਕੇ ਯੋਗਦਾਨ ਪਾਓ ਜੀ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਕਾਰ ਸੇਵਾ**
**2 ਸਤੰਬਰ 2019**
**ਸੋਮਵਾਰ ਸਵੇਰੇ 8 ਵਜੇ ਤੋਂ**

## ਸੈਮੀਨਾਰ

ਗੁਰੂ ਜੀ ਦੇ ਜੀਵਨ ਅਤੇ ਫਲਸਫੇ 'ਤੇ ਇਕ ਖਾਸ ਸੈਮੀਨਾਰ 29 ਸਤੰਬਰ 2019, ਦਿਨ ਐਤਵਾਰ ਨੂੰ ਕਰਵਾਇਆ ਜਾਵੇਗਾ, ਜੋ ਨੌਜਵਾਨ ਪੀੜ੍ਹੀ ਦੇ ਸਪੀਕਰ ਤਿਆਰ ਕਰਨਗੇ। ਇਸ ਬਾਰੇ ਹੋਰ ਜਾਣਕਾਰੀ ਲਈ ਗੁਰੂਘਰ ਦੇ ਟਰਸਟੀ ਜੈਰਾਮ ਸਿੰਘ (ਨੀਟੂ) ਕਾਹਲੋਂ ਅਤੇ ਬੀਬੀ ਬਲਵਿੰਦਰ ਕੌਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਪ੍ਰਦਰਸ਼ਨੀ

ਨਵੰਬਰ ਵਿਚ ਗੁਰੂ ਜੀ ਦੀ ਜੀਵਨੀ ਸਫਰ ਅਤੇ ਸਿੱਖਿਆਵਾਂ ਬਾਰੇ ਇਕ ਪ੍ਰਦਰਸ਼ਨੀ ਲਾਈ ਜਾਵੇਗੀ ਅਤੇ ਇਕ ਸੋਵੀਨਾਰ ਬੁੱਕ ਬਣਾਈ ਜਾਵੇਗੀ।

## JAGAT GURU SHRI NANAK DEV JI 550th BIRTH ANNIVERSARY

### SRS Special Kar-Seva Projects-2019

**On Monday, September 2,2019**
**8 am to late Evening**

**Objective :** Guru Sehban's message "Pavan Gum pani Pita Mata Dharat Mahat" to be actualized by Sangat through major cleaning, repairs, maintenance of interior and exterior of SRS Complex.

**Interior :** Deep cleaning Kitchen, Service Area & Langer Hall.

Cleaning and Shampooing of Carpets, Mats, Rugs, Runners etc. Repair and Paint Drywall, Windows, Doors. Fix Gaps between Doors of Kitchen and Langer Hall.

**Exterior :** Landscaping Maintenance

Planting New Ornamental Trees & Evergreen shrubs.

Redesign Flower Beds & Evergreen Shrubs

Cleaning and maintenance of Pond & lake

Cleaning & Maintenance of Traffic Signs of All Parking Lots (A,B,C&D). Proper Cleaning all around the Kitchen

**Educative Seminar:** Guru Nanak Dev Ji life history and divine Massages from Nankana Sahib (Pakistan) to Kartarpur (Corridor to Pakistan). September 29,2019, Sunday, Noon to 2pm.

**Sikh Info Gallery :** Poster-Exhibition of Guru Nanak Dev Philosophy in Gallery & Main Lobby.

SIKH Religious Society
PALATINE GURDWARA

# Sikh Religious Society

1280 Winnetka St., Palatine IL-60069, Phone : (847) 358-1117

www.srschicago.org, e-mail : contactus@srschicago.org

Star Alliance BROKERAGE



# Indianapolis, Indiana...

## ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...




**Manjit Singh Nagra**
Realtor/Broker
Cell 317-750-1900

**Gurdeep (Garry) Chhokar**
Realtor/Broker
Cell 317-500-1247




We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250



MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਵਲੋਂ ਕਰਵਾਏ ਨਿਵੇਕਲੇ ਪ੍ਰੋਗਰਾਮ *'ਲੋਕ ਸਾਜ਼ਾਂ ਦੀ ਸੱਥ'* ਵਿੱਚ ਸੰਗੀਤ ਦੀਆਂ ਛਹਿਬਰਾਂ









**ਫਰਿਜ਼ਨੋ/ਏ.ਟੀ. ਨਿਊਜ਼ :** ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਵਿਖੇ ਲੰਘੇ ਸ਼ਨਿਚਰਵਾਰ ਜੁੜੀ ਲੋਕ ਸਾਜ਼ਾਂ ਦੀ ਸੰਗੀਤਕ ਸੱਥ ਵਿੱਚ ਕਲਾਕਾਰਾਂ ਨੇ ਐਸਾ ਰੰਗ ਬੰਨ੍ਹਿਆਂ ਕਿ ਮਾਹੌਲ ਵਿੱਚ ਸੁਰਾਂ ਦੀਆਂ ਛਹਿਬਰਾਂ ਮਹਿਸੂਸ ਹੁੰਦੀਆਂ ਸਨ। ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਫਰਿਜ਼ਨੋਂ ਸਟੂਡੀਓ 2125 ਐਨ ਬਾਰਟਨ ਐਵੇਨਿਊ (2125 N Barton Ave Fresno CA 93703)) ਦੇ ਵਿਹੜੇ ਵਿੱਚ 24 ਅਗਸਤ ਨੂੰ ਲੋਕ ਸਾਜ਼ਾਂ ਦੇ ਇਸ ਵਿਲੱਖਣ ਪ੍ਰੋਗਰਾਮ 'ਚ ਲੋਕ ਸਾਜ਼ਾਂ ਬੀਨ, ਅਲਗੋਜਿਆਂ, ਤੂੰਬੀ ਤੋਂ ਇਲਾਵਾ ਸਦਾ ਬਹਾਰ ਸਾਰੰਗੀ ਅਤੇ ਢੋਲਕ ਦੀਆਂ ਧੁਨਾਂ ਨੇ ਸਰੋਤਿਆਂ ਨੂੰ ਮੰਤਰ- ਮੁਗਧ ਕਰੀ ਰੱਖਿਆ।



ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮਪੁਰਬ ਨੂੰ ਸਮਰਪਿਤ ਇਸ ਸੰਗੀਤਕ ਪ੍ਰੋਗਰਾਮ ਦੀ ਸ਼ੁਰੂਆਤ ਸਾਰੇ ਕਲਾਕਾਰਾਂ ਦੀ ਜੁਗਲਬੰਦੀ ਰਾਹੀਂ "ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਐ, ਨੀਝਾਂ ਲਾ ਲਾ ਵੇਹਦੀਂ ਦੁਨੀਆਂ ਸਾਰੀ ਐ..." ਗੀਤ ਨਾਲ ਕੀਤੀ ਗਈ।

ਰੇਡੀਓ ਸਟੂਡੀਓ ਦੇ ਮੁੱਖ ਹਾਲ ਵਿੱਚ ਬਾਅਦ ਦੁਪਹਿਰ 3:30 ਵਜੇ ਤੋਂ ਸ਼ਾਮ 5:00 ਵਜੇ ਤੱਕ ਚੱਲੀ ਇਸ ਮਹਿਫ਼ਲ ਵਿੱਚ ਚੰਡੀਗੜ੍ਹ ਤੋਂ ਆਏ ਕਲਾਕਾਰ ਪਰਮਜੀਤ ਪੱਡਾ ਨੇ ਬੀਨ, ਅਲਗੋਜਿਆਂ ਤੇ ਤੂੰਬੀ ਰਾਹੀਂ ਪੰਜਾਬ ਦੇ ਮੇਲਿਆਂ ਦੇ ਅਖ਼ਾੜਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਪਰਮਜੀਤ ਪੱਡਾ ਚੰਡੀਗੜ੍ਹ ਤੇ ਪੰਜਾਬ ਦੇ ਲੋਕ ਸਾਜ਼ਾਂ ਦੇ ਖੇਤਰ 'ਚ ਕਾਫ਼ੀ ਜਾਣੇ-ਪਛਾਣੇ ਹਨ। ਪੰਜਾਬ ਦੀਆਂ ਮੁੱਖ ਯੂਨੀਵਰਸਿਟੀਆਂ ਦੇ ਸਾਲਾਨਾ ਯੁਵਕ ਮੇਲਿਆਂ ਦੇ ਲੋਕ ਸਾਜ਼ਾਂ ਦੇ ਮੁਕਾਬਲਿਆਂ ਵਿੱਚ ਜੱਜ ਹੋਣ ਦਾ ਮਾਣ ਹਾਸਲ ਕਰਨ ਵਾਲੇ ਪਰਮਜੀਤ ਪੱਡਾ ਨੇ ਬੀਨ ਦੀ ਵਿਲੱਖਣਤਾ ਅਤੇ ਅਸਲੀ ਬੀਨ ਨੂੰ ਤਿਆਰ ਕਰਨ ਵਿੱਚ ਹੁੰਦੀ ਭਾਰੀ ਮਿਹਨਤ ਤੇ ਮੁਸ਼ਕਲਾਂ ਬਾਰੇ ਵੀ ਸਰੋਤਿਆਂ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਬੀਨ ਦੀ ਮੁੱਖ ਧੁਨ ਲਹਿਰੀਆ ਦੀ ਪੇਸ਼ਕਾਰੀ ਰਾਹੀਂ ਅਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰੋਗਰਾਮ ਵਿੱਚ ਉਚੇਚਾ ਸੱਦੇ ਉੱਤੇ ਪੁੱਜੇ ਸਾਰੰਗੀ ਮਾਸਟਰ ਜਗਜੀਤ ਸਿੰਘ ਨੇ ਸਾਰੰਗੀ ਦੀਆਂ ਮੋਹ ਲੈਣ ਵਾਲੀਆਂ ਸੁਰਾਂ ਰਾਹੀਂ ਸਰੋਤਿਆਂ ਤੋਂ ਭਰਵੀਂ ਵਾਹਵਾ ਕਮਾਈ। ਉਨ੍ਹਾਂ ਵਲੋਂ ਸਾਰੰਗੀ ਰਾਹੀਂ ਬੀਨ ਅਤੇ ਅਲਗੋਜਿਆਂ ਦਾ ਵਾਦਨ ਕਮਾਲ ਸੀ।

ਪ੍ਰੋਗਰਾਮ ਦਾ ਸਿਖ਼ਰ ਸੀ ਪੰਜਾਬੀ ਰੇਡੀਓ ਯੂ.ਐਸ.ਏ. ਅਤੇ ਕਲਚਰਲ ਸੈਂਟਰ ਦੀ ਟੀਮ ਮੈਂਬਰ ਜੋਤ ਰਣਜੀਤ ਵਲੋਂ ਲੋਕ ਸਾਜ਼ ਢੱਡ ਨਾਲ ਵਾਰ ਗਾਇਣ। ਪੰਜਾਬ ਦੇ ਮਸ਼ਹੂਰ ਢਾਡੀ ਜਥੇ ਗਲਵੱਟੀ ਵਾਲੀਆਂ ਬੀਬੀਆਂ ਦੀ ਮੈਂਬਰ ਵਜੋਂ ਹਰਮਨਪਿਆਰੀ ਰਹੀ ਜੋਤ ਰਣਜੀਤ ਨੇ ਬਾਬਾ ਬੰਦਾ ਬਹਾਦਰ ਜੀ ਦੀ ਵਾਰ ਦੇ ਗਾਇਣ ਨਾਲ ਆਪਣੀ ਬੁਲੰਦ ਆਵਾਜ਼ ਦਾ ਜਲਵਾ ਵਿਖਾਇਆ।ਅੰਮ੍ਰਿਤਜੋਤ ਸਿੰਘ ਬੇਕਰਜ਼ਫੀਲਡ ਨੇ ਢੋਲਕ ਰਾਹੀਂ ਪ੍ਰੋਗਰਾਮ ਦੌਰਾਨ ਸੰਗੀਤਕ ਇਕਸੁਰਤਾ ਬਣਾਉਣ 'ਚ ਵੱਡਾ ਯੋਗਦਾਨ ਪਾਇਆ। ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਅਪਣੇ ਸਵਾਗਤੀ ਭਾਸ਼ਨ ਮੌਕੇ ਕਿਹਾ ਕਿ ਪੰਜਾਬ ਦੇ ਅਲੋਪ ਹੋ ਰਹੇ ਲੋਕ ਸਾਜ਼ਾਂ ਨੂੰ ਜਿਉਂਦਾ ਰੱਖਣ ਲਈ ਕੀਤੇ ਗਏ ਸਾਡੇ ਇਸ ਨਿਮਾਣੇ ਜਿਹੇ ਯਤਨ ਵਾਂਗ ਸਾਰੇ ਪੰਜਾਬੀਆਂ ਨੂੰ ਉਚੇਚੇ ਉਪਰਾਲੇ ਕਰਨੇ ਚਾਹੀਦੇ ਹਨ। ਸੰਗੀਤਕ ਸੱਥ ਵਿੱਚ ਪੁੱਜਣ ਵਾਲੇ ਪਤਵੰਤਿਆਂ ਵਿੱਚ ਉੱਘੇ ਪੰਜਾਬੀ ਚਰਨਜੀਤ ਸਿੰਘ ਬਾਠ, ਡਾ. ਗੁਰੂਮੇਲ ਸਿੱਧੂ, ਸ਼ਾਇਰ ਹਰਜਿੰਦਰ ਕੰਗ, ਲੇਖਕ ਕਰਮ ਸਿੰਘ ਮਾਨ, ਸੰਤੋਖ ਮਿਨਹਾਸ, ਅਵਤਾਰ ਗੋਂਦਾਰਾ, ਗੁਰਦੀਪ ਸ਼ੇਰਗਿੱਲ, ਰਾਣਾ ਗਿੱਲ, ਸਰਬਜੀਤ ਸਿੰਘ ਸਰਾਂ, ਮਨਜੀਤ ਕੁਲਾਰ, ਤੇਜੀ ਪੱਡਾ, ਦੇਵਿੰਦਰ ਸਿੰਘ ਗਰੇਵਾਲ, ਮਨਜੀਤ ਸਿੰਘ ਦੀਵਾਨਾ, ਇੰਦਰਜੀਤ ਸਿੰਘ ਬਰਾੜ, ਜਸਵੰਤ ਸਿੰਘ ਟਿਵਾਣਾ, ਜਲੰਧਰ ਤੋਂ ਆਏ ਹੋਏ ਗੁਰਸ਼ਰਨ ਸਿੰਘ ਅਤੇ ਅਮਰਜੀਤ ਸਿੰਘ ਪਟਿਆਲਾ ਸ਼ਾਮਲ ਸਨ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

PANJAB FLOOD RELIEF 2019

UNITED SIKHS
Recognize the Human Race as One



ਪੰਜਾਬ ਬਚਾਓ ਅਤੇ ਹੜ੍ਹ ਪੀੜਤਾਂ
ਲਈ ਅੱਗੇ ਆਓ

WWW.UNITEDSIKHS.ORG/DONATE

Contact: +1 646.688.3525

www.unitedsikhs.org | contact@unitedsikhs.org

# ਹਾਕੀ ਦਾ ਜਾਦੂਗਰ : ਮੇਜਰ ਧਿਆਨ ਚੰਦ

**ਗੋਬਿੰਦਰ ਸਿੰਘ ਢੀਂਡਸਾ**
ਈਮੇਲ - bardwal.gobinder’gmail.com

ਹਾਕੀ ਦੀ ਖੇਡ ਦੁਨੀਆ ਭਰ ਵਿਚ ਹਰਮਨਪਿਆਰੀ ਹੈ। ਭਾਰਤ ਤੇ ਖਾਸਕਰ ਪੰਜਾਬ ਵਿਚ ਹਾਕੀ ਨੇ ਆਪਣਾ ਵੱਡਾ ਨਾਮ ਬਣਾਇਆ ਹੈ। ਹਾਕੀ ਦਾ ਜਾਦੂਗਰ ਕਹੇ ਜਾਣ ਵਾਲੇ ਮੇਜਰ ਧਿਆਨ ਚੰਦ



ਦੇ ਜਨਮ ਦਿਨ 29 ਅਗਸਤ ਨੂੰ “ਰਾਸ਼ਟਰੀ ਖੇਡ ਦਿਵਸ” ਵੱਜੋਂ ਮਨਾਇਆ ਜਾਂਦਾ ਹੈ। ਮੇਜਰ ਧਿਆਨ ਚੰਦ ਭਾਰਤ ਅਤੇ ਦੁਨੀਆ ਦੀ ਹਾਕੀ ਵਿੱਚ ਇੱਕ ਮਹਾਨ ਖਿਡਾਰੀ ਦਾ ਖਿਤਾਬ ਰੱਖਦਾ ਹੈ। ਫੁੱਟਬਾਲ ਵਿਚ ਪੇਲੇ ਅਤੇ ਕ੍ਰਿਕਟ ਵਿਚ ਬ੍ਰੈਡਮੈਨ ਦੇ ਵਾਂਗ ਹਾਕੀ ਵਿਚ ਧਿਆਨ ਚੰਦ ਦਾ ਨਾਂ ਆਉਂਦਾ ਹੈ। ਧਿਆਨ ਚੰਦ ਨੂੰ ਹਾਕੀ ਅਤੇ ਗੇਂਦ ‘ਤੇ ਸਹੀ ਨਿਯੰਤ੍ਰਣ ਰੱਖਣ ਦੀ ਕਲਾ ਕਾਰਨ ਹੀ ਹਾਕੀ ਵਿਜਾਰਡ ਦੇ ਖਿਤਾਬ ਨਾਲ ਵੀ ਨਿਵਾਜਿਆ ਗਿਆ।



ਧਿਆਨ ਚੰਦ ਦਾ ਜਨਮ 29 ਅਗਸਤ 1905 ਈ. ਨੂੰ ਉੱਤਰ ਪ੍ਰਦੇਸ਼ ਦੇ ਇਲਾਹਾਬਾਦ ਜ਼ਿਲ੍ਹੇ ਵਿਚ ਸਧਾਰਨ ਰਾਜਪੂਤ ਪਰਿਵਾਰ ਵਿਚ ਹੋਇਆ ਸੀ। ਉਹ ਸੰਨ 1922 ਈ. ਵਿਚ ਭਾਰਤੀ ਫੌਜ ਵਿਚ ਭਰਤੀ ਹੋ ਗਏ ਅਤੇ ਸੰਨ 1926 ਈ. ਵਿਚ ਉਹ ਫੌਜ ਦੀ ਹਾਕੀ ਟੀਮ ਦੇ ਮੈਂਬਰ ਦੇ ਤੌਰ ਤੇ ਨਿਊਜ਼ੀਲੈਂਡ ਦੇ ਦੌਰੇ ‘ਤੇ ਗਏ। ਇਸ ਟੀਮ ਨੇ ਸਾਰੇ ਮੈਚ ਜਿੱਤੇ ਅਤੇ ਧਿਆਨ ਚੰਦ ਦੀ ਚੋਣ ਭਾਰਤੀ ਹਾਕੀ ਟੀਮ ਲਈ ਹੋਈ। ਧਿਆਨ ਚੰਦ ਨੂੰ ਸੰਨ 1928 ਈ. ਦੀਆਂ ਉਲੰਪਿਕ ਖੇਡਾਂ ਖੇਡਣ ਦਾ ਮੌਕਾ ਮਿਲਿਆ ਅਤੇ ਭਾਰਤ ਨੇ ਆਸਟਰੀਆ ਨੂੰ 6-0, ਬੈਲਜੀਅਮ ਨੂੰ 9-0, ਡੈਨਮਾਰਕ ਨੂੰ 5-0, ਸਵਿਟਜ਼ਰਲੈਂਡ ਨੂੰ 6-0 ਨਾਲ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ ਅਤੇ ਨੀਦਰਲੈਂਡ ਨੂੰ 3-0 ਨਾਲ ਹਰਾ ਕੇ ਭਾਰਤੀ ਹਾਕੀ ਨੂੰ ਉਲੰਪਿਕ ਦਾ ਪਹਿਲਾ ਸੋਨ ਪਦਕ ਮਿਲਿਆ ਅਤੇ ਟੂਰਨਾਮੈਂਟ ਵਿੱਚ ਧਿਆਨ ਚੰਦ ਨੇ 14 ਗੋਲ ਕੀਤੇ। ਮੇਜਰ ਧਿਆਨ ਚੰਦ ਨੇ ਭਾਰਤੀ ਹਾਕੀ ਟੀਮ ਵੱਲੋਂ ਖੇਡਦਿਆਂ ਐਮਸਟਰਡਮ (ਨੀਦਰਲੈਂਡ) 1928 ਈ., ਲਾੱਸ ਏਂਜਲਸ (ਯੂਐੱਸਏ.) 1932 ਈ. ਅਤੇ ਬਰਲਿਨ (ਜਰਮਨੀ) 1936 ਈ. ਲਗਾਤਾਰ ਤਿੰਨ ਉਲੰਪਿਕ ਖੇਡਾਂ ਵਿੱਚ ਸੋਨ ਤਮਗਾ ਭਾਰਤੀ ਹਾਕੀ ਦੀ ਝੋਲੀ ਪਾਉਣ ਵਿੱਚ ਅਹਿਮ ਯੋਗਦਾਨ ਪਾਇਆ। ਸੰਨ 1936 ਈ. ਦੇ ਬਰਲਿਨ ਉਲੰਪਿਕ ਵਿਚ ਭਾਰਤੀ ਹਾਕੀ ਟੀਮ ਦੀ ਕਪਤਾਨੀ ਵੀ ਧਿਆਨ ਚੰਦ ਨੇ ਕੀਤੀ।

ਮੇਜਰ ਧਿਆਨ ਚੰਦ ਨੇ 1926 ਤੋਂ 1948 ਤੱਕ ਆਪਣੇ ਖੇਡ ਕਰੀਅਰ ਵਿਚ 400 ਗੋਲ ਕੀਤੇ। ਮੇਜਰ ਧਿਆਨ ਚੰਦ ਨੇ 1948 ਈ. ਵਿੱਚ ਹਾਕੀ ਤੋਂ ਸੰਨਿਆਸ ਲੈ ਲਿਆ ਸੀ। ਧਿਆਨ ਚੰਦ 1956 ਈ. ਵਿੱਚ ਭਾਰਤੀ ਫੌਜ ਤੋਂ ਮੇਜਰ ਦੇ ਰੈਂਕ ਨਾਲ ਰਿਟਾਇਰ ਹੋਏ। ਭਾਰਤ ਸਰਕਾਰ ਨੇ ਉਹਨਾਂ ਨੂੰ 1956 ਈ. ਵਿਚ ਭਾਰਤ ਦਾ ਤੀਜਾ ਸਰਵਉੱਚ ਨਾਗਰਿਕ ਸਨਮਾਨ ਪਦਮ ਭੂਸ਼ਣ ਦੇ ਕੇ ਸਨਮਾਨਿਤ ਕੀਤਾ। ਮੇਜਰ ਧਿਆਨ ਚੰਦ ਦੀ 3 ਦਸੰਬਰ 1979 ਈ. ਨੂੰ ਕੈਂਸਰ ਦੇ ਕਾਰਨ ਮੌਤ ਹੋ ਗਈ।

ਜਦੋਂ ਮੇਜਰ ਧਿਆਨ ਚੰਦ ਮੈਦਾਨ ਵਿੱਚ ਖੇਡਦੇ ਸੀ ਤਾਂ ਐਦਾਂ ਲੱਗਦਾ ਸੀ ਕਿ ਕੋਈ ਜਾਦੂ ਕਰ ਰਿਹਾ ਹੈ ਅਤੇ ਵਿਰੋਧੀ ਟੀਮ ਨੂੰ ਗੋਲ ਕਰੀਂ ਜਾਂਦੇ ਸੀ, ਇਸੇ ਕਰਕੇ ਉਹਨਾਂ ਨੂੰ ‘ਹਾਕੀ ਦਾ ਜਾਦੂਗਰ’ ਕਿਹਾ ਜਾਂਦਾ ਹੈ। ਹਾਲੈਂਡ ਦੇ ਇੱਕ ਮੈਚ ਦੇ ਦੌਰਾਨ ਹਾਕੀ ਵਿੱਚ ਚੁੰਬਕ ਹੋਣ ਦੇ ਸ਼ੱਕ ਕਾਰਨ ਉਹਨਾਂ ਦੀ ਹਾਕੀ ਸਟਿੱਕ ਤੋੜ ਕੇ ਵੇਖੀ ਗਈ। ਜਾਪਾਨ ਦੇ ਇੱਕ ਮੈਚ ਦੇ ਦੌਰਾਨ ਉਹਨਾਂ ਦੀ ਸਟਿੱਕ ਵਿੱਚ ਗੂੰਦ ਲੱਗੇ ਹੋਣ ਦੀ ਗੱਲ ਕਹੀ ਗਈ। ਜਰਮਨੀ ਵਰਗੀ ਦੁਨੀਆਂ ਦੀ ਸਿਰੇ ਦੀ ਹਾਕੀ ਟੀਮ ਨੂੰ 1936 ਈ. ਦੀਆਂ ਉਲੰਪਿਕ ਖੇਡਾਂ ਦੇ ਫਾਇਨਲ ਵਿੱਚ ਭਾਰਤ ਨੇ 8-1 ਨਾਲ ਹਰਾ ਕੇ, ਧਿਆਨ ਚੰਦ ਨੇ ਆਪਣੀ ਖੇਡ ਦਾ ਹਿਟਲਰ ਨੂੰ ਮੁਰੀਦ ਬਣਾ ਲਿਆ ਸੀ। ਹਿਟਲਰ ਨੇ ਧਿਆਨ ਚੰਦ ਨੂੰ ਜਰਮਨੀ ਤਰਫ਼ੋਂ ਖੇਡਣ ਦੀ ਅਤੇ ਜਰਮਨੀ ਫੌਜ ਵਿੱਚ ਉੱਚ ਪੱਧਰੀ ਨੌਕਰੀ ਦੀ ਪੇਸ਼ਕਸ਼ ਕੀਤੀ ਸੀ ਪਰੰਤੂ ਧਿਆਨ ਚੰਦ ਨੇ ਹਿਟਲਰ ਦੀ ਪੇਸ਼ਕਸ਼ ਠੁਕਰਾ ਦਿੱਤੀ ਸੀ ਅਤੇ ਆਪਣੀ ਜਨਮ ਭੂਮੀ ਲਈ ਖੇਡਣ ਵਿੱਚ ਮਾਣ ਮਹਿਸੂਸ ਕੀਤਾ। ਖੇਡਾਂ ਵਿੱਚ ਭਾਰਤ ਦੀ ਵਧੀਆ ਕਾਰਗੁਜ਼ਾਰੀ ਲਈ ਜ਼ਰੂਰੀ ਹੈ ਕਿ ਕਿਸੇ ਇੱਕ ਖੇਡ ਦੀ ਥਾਂ ਬਾਕੀ ਖੇਡਾਂ ਨੂੰ ਨਜਰਅੰਦਾਜ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਦੇਸ਼ ਹਿੱਤ ਵਿੱਚ ਨਹੀਂ ਹੈ। ਸਮੇਂ ਦੀ ਜ਼ਰੂਰਤ ਹੈ ਕਿ ਦੇਸ਼ ਵਿੱਚ ਵੱਖੋ ਵੱਖਰੀਆਂ ਖੇਡਾਂ ਦੇ ਖਿਡਾਰੀਆਂ ਲਈ ਚੰਗੀਆਂ ਖੇਡ ਸਹੂਲਤਾਂ ਦਿੱਤੀਆਂ।









# ਖੱਬੇ ਪੱਖੀ-ਮਾਨਸਿਕਤਾ ਸਿੱਖਾਂ ਅਤੇ ਸਿੱਖੀ ਤੋਂ ਦੂਰ-ਦੂਰ ਕਿਉਂ ?

**ਕਰਮਜੀਤ ਸਿੰਘ ਚੰਡੀਗੜ੍ਹ**
(99150-91063)



ਕਨੇਡਾ ਸਥਿਤ ਇੱਕ ਨੌਜਵਾਨ ਰਿਸਰਚ ਸਕਾਲਰ ਭਾਈ ਪ੍ਰਭਸ਼ਰਨਬੀਰ ਸਿੰਘ ਨੇ ਇੱਕ ਵਿਸ਼ੇਸ਼ ਪੋਸਟ ਪਾ ਕੇ ਪੰਜਾਬ ਦੀ ਖੱਬੇ ਪੱਖੀ ਬਰਾਦਰੀ ਨੂੰ ਸਵਾਲ ਕੀਤਾ ਹੈ ਕਿ ਉਹ ਇੱਕ ਪਾਸੇ ਤਾਂ ਕਸ਼ਮੀਰ ਮਸਲੇ ਦੇ ਸਵਾਲ ਤੇ ਖੁੱਲ੍ਹ ਕੇ ਕਸ਼ਮੀਰ ਭਰਾਵਾਂ ਦੇ ਨਾਲ ਖੜੇ ਹਨ, ਪਰ ਕੀ ਕਾਰਨ ਹੈ ਕਿ ਜਦੋਂ ਸਿੱਖਾਂ ਦੇ ਮਸਲਿਆਂ ਦੀ ਗੱਲ ਹੁੰਦੀ ਹੈ, ਤਾਂ ਉਨ੍ਹਾਂ ਦਾ ਰਵੱਈਆ ਅਤੇ ਪਹੁੰਚ ਸ਼ਰੀਕਾਂ ਵਾਲੀ ਜਾਂ ਕਦੇ-ਕਦੇ ਦੁਸ਼ਮਣਾਂ ਵਰਗੀ ਕਿਉਂ ਹੁੰਦੀ ਹੈ ?

ਇੱਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਭਾਈ ਪ੍ਰਭਸ਼ਰਨਬੀਰ ਸਿੰਘ ਅਤੇ ਭਾਈ ਪ੍ਰਭਸ਼ਰਨਦੀਪ ਸਿੰਘ (ਆਕਸਫੋਰਡ ਯੂਨੀਵਰਸਿਟੀ) ਸਿੱਖ ਮਸਲਿਆਂ ਦੀਆਂ ਡੂੰਘੀਆਂ ਪਰਤਾਂ ਦੇ ਰਾਜ਼ਦਾਨ ਹਨ ਅਤੇ ਵਿਸ਼ੇਸ਼ ਕਰਕੇ ਸਿੱਖ ਰਾਜਨੀਤੀ ਦੀਆਂ ਬਰੀਕ ਰਮਜ਼ਾਂ ਨੂੰ ਅੰਤਰਰਾਸ਼ਟਰੀ ਪ੍ਰਸੰਗ ਵਿੱਚ ਰੱਖ ਕੇ ਵੇਖਦੇ ਹਨ -ਇੱਕ ਅਜਿਹਾ ਪ੍ਰਸੰਗ, ਇੱਕ ਅਜਿਹਾ ਰੁਝਾਨ ਜਿਸ ਵਿੱਚ ਜਗਿਆਸਾ ਰੱਖਣੀ ਤੇ ਧਿਆਨ ਜਾਣਾ ਸਾਡੇ ਸਮਿਆਂ ਦੀ ਲੋੜ ਹੈ ਮੈਂ ਜਦੋਂ ਇਹ ਪੋਸਟ ਪੜ੍ਹੀ ਤਾਂ ਪਿਛਲੇ 60 ਸਾਲਾਂ ਦੀ ਖੱਬੇ ਪੱਖੀ -ਮਾਨਸਿਕਤਾ ਦਾ ਇਤਿਹਾਸ ਮੇਰੀਆਂ ਅੱਖਾਂ ਅੱਗੇ ਘੁੰਮ ਗਿਆ। ਇਤਫ਼ਾਕਵੱਸ ਮੈਂ ਇਸ ਮਾਨਸਿਕਤਾ ਨੂੰ ਕਦੇ ਦੂਰ ਰਹਿ ਕੇ, ਕਦੇ ਨੇੜੇ ਰਹਿ ਕੇ, ਕਦੇ ਹਮਦਰਦੀ ਰੱਖ ਕੇ ਅਤੇ ਕਦੇ ਗੁੱਸਾ ਤੇ ਰੋਸ ਰੱਖ ਕੇ ਵੇਖਿਆ, ਸਮਝਿਆ ਅਤੇ ਮਹਿਸੂਸ ਕੀਤਾ ਅਤੇ ਹੰਢਾਇਆ ਵੀ ਹੈ ਮੇਰਾ ਵਿਸ਼ਵਾਸ ਹੈ ਕਿ ਜਦੋਂ ਤੱਕ ਸਾਡੇ ਗੱਭਰੂਆਂ ਨੂੰ ਇਸ ਮਾਨਸਿਕਤਾ ਦੀ ਯਾਤਰਾ ਦੇ ਵੱਖ-ਵੱਖ ਰੰਗਾਂ ਅਤੇ ਦਿਸ਼ਾਵਾਂ ਦੀ ਜਾਣਕਾਰੀ ਨਹੀਂ ਹੁੰਦੀ, ਉਦੋਂ ਤੱਕ ਉਹ ਵਰਤਮਾਨ ਤੇ ਭਵਿੱਖ ਬਾਰੇ ਸਿੱਖ ਮਸਲਿਆਂ ਪ੍ਰਤੀ ਕੋਈ ਪੁਖਤਾ ਤੇ ਸੁਤੰਤਰ ਰਾਏ ਨਹੀਂ ਬਣਾ ਸਕਣਗੇ ਅਤੇ ਨਾ ਹੀ ਕੌਮ ਨੂੰ ਸਿਧਾਂਤਕ ਸੇਧ ਦੇ ਸਕਣਗੇ ।

ਮੈਂ ਇਹ ਗੱਲ ਇਸ ਲਈ ਕਹਿ ਰਿਹਾ ਹਾਂ ਕਿ ਖੱਬੇ ਪੱਖੀ -ਮਾਨਸਿਕਤਾ ਨੇ ਲਗਾਤਾਰ ਮਿਹਨਤ, ਲਗਨ ਤੇ ਕੁਰਬਾਨੀ ਨਾਲ ਸਾਡੀ ਤਰਜ਼ੇ -ਜ਼ਿੰਦਗੀ ਵਿੱਚ ਆਪਣੀ ਥਾਂ ਬਣਾ ਲਈ ਸੀ। ਦੂਜੇ ਸ਼ਬਦਾਂ ਵਿੱਚ ਸਮਾਜਿਕ, ਰਾਜਨੀਤਕ, ਸੱਭਿਆਚਾਰਕ ਅਤੇ ਇੱਥੋਂ ਤੱਕ ਧਾਰਮਿਕ ਰਿਸ਼ਤਿਆਂ ਵਿੱਚ ਕਿਸੇ ਨਾ ਕਿਸੇ ਸ਼ਕਲ ਵਿੱਚ ਇਸ ਤਰਜ਼ੇ -ਜ਼ਿੰਦਗੀ ਦੇ ਪ੍ਰਛਾਵੇਂ ਆਪਣਾ ਰੋਲ ਨਿਭਾ ਰਹੇ ਹਨ ਅਤੇ ਕਿਸੇ ਹੱਦ ਤੱਕ ਇਹ ਰੋਲ ਕਮਜ਼ੋਰ ਰੂਪ ਵਿੱਚ ਅਜੇ ਵੀ ਜਾਰੀ ਹੈ।

ਇਸ ਤਰਜ਼ੇ- ਜ਼ਿੰਦਗੀ ਨੇ ਇੱਕ ਅਜਿਹਾ ਦਾਰਸ਼ਨਿਕ ਤਰਕ ਖੜ੍ਹਾ ਕਰ ਦਿੱਤਾ ਸੀ ਜਿਸ ਵਿੱਚ ਉਸ ਤਰਕ ਨਾਲ ਜੁੜੇ ਲੋਕ ਸਾਡੇ ਵਿਰਸੇ ਦੀ ਮਹਾਨਤਾ ਅੱਗੇ ਵੀ ਸਵਾਲੀਆ ਨਿਸ਼ਾਨ ਲਾਉਣ ਲੱਗ ਪਏ ਸਨ- ਕਦੇ ਚੁੱਪ ਚੁਪੀਤੇ ,ਕਦੇ ਸਹਿੰਦੇ-ਸਹਿੰਦੇ ਰੂਪ ਵਿੱਚ ਅਤੇ ਕਦੇ ਸਪੱਸ਼ਟ ਰੂਪ ਵਿੱਚ।

ਇਸ ਮਾਨਸਿਕਤਾ ਦੀ ਉਮਰ ਸੱਤਰ ਸਾਲ ਦੇ ਕਰੀਬ ਹੈ ਜਦਕਿ ਇਸ ਦੀ ਸਰਗਰਮ ਯਾਤਰਾ ਉੱਨੀ ਸੌ ਸੰਤਾਲੀ ਤੋਂ ਸ਼ੁਰੂ ਹੋ ਕੇ ਜੂਨ 1984 ਤੱਕ ਜਾਂਦੀ ਹੈ ਸਾਡੇ ਨੌਜਵਾਨਾਂ ਨੂੰ ਇਸ ਦੌਰ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਦੌਰ ਤੋਂ ਪਿੱਛੋਂ ਸਿੱਖੀ ਦੇ ਅਸਲ ਵਾਰਸ ,ਅਸਲ ਮਾਲਕ ਮੈਦਾਨ ਵਿੱਚ ਉੱਤਰ ਆਉਂਦੇ ਹਨ ਅਤੇ ਬੌਧਿਕਤਾ ਦੇ ਵੱਖ-ਵੱਖ ਖੇਤਰਾਂ ਵਿੱਚ ਸਿੱਖੀ ਸਿਧਾਂਤਾਂ ਦਾ ਪਰਕਾਸ਼ ਕਰ ਰਹੇ ਹਨ; ਭਾਵੇਂ ਇਹ ਗੱਲ ਵੱਖਰੀ ਹੈ ਕਿ ਬੌਧਿਕਤਾ ਦੀ ਸਿਖਰ ਦੁਪਹਿਰ ਆਉਣ ਵਿੱਚ ਅਜੇ ਵਕਤ ਲੱਗੇਗਾ।

**ਖੱਬੇ ਪੱਖੀ-ਮਾਨਸਿਕਤਾ ਦੇ ਇਤਿਹਾਸ ਨੂੰ ਜਾਣੋ** -

ਖੱਬੇ ਪੱਖੀ ਮਾਨਸਿਕਤਾ ਦਾ ਵਿਸ਼ਲੇਸ਼ਣ ਕਰਦਿਆਂ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਇਸ ਮਾਨਸਿਕਤਾ ਨੇ ਕਿਰਤੀਆਂ ਕਾਮਿਆਂ ਦੀ ਸ਼ਾਨ ਅਤੇ ਮਹੱਤਤਾ ਨੂੰ ਮਾਨਵਤਾ ਦੇ ਇਤਿਹਾਸ ਦੇ ਐਨ ਕੇਂਦਰ ਵਿੱਚ ਖੜ੍ਹਾ ਕਰਕੇ ਇਤਿਹਾਸਕ ਰੋਲ ਨਿਭਾਇਆ ਸੀ, ਕੁਰਬਾਨੀਆਂ ਕੀਤੀਆਂ ਹਨ ,ਸ਼ਹੀਦੀਆਂ ਦਿੱਤੀਆਂ। ਇਸ ਲਈ ਇਨ੍ਹਾਂ ਵੀਰਾਂ ਨਾਲ ਕੋਈ ਵੀ ਸੰਵਾਦ ਰਚਾਉਣ ਤੋਂ ਪਹਿਲਾਂ ਸਾਡੀ ਵੱਡੀ ਜ਼ਿੰਮੇਵਾਰੀ ਵੀ ਹੈ ਅਤੇ ਫ਼ਰਜ਼ ਵੀ ਹੈ ਕਿ ਅਸੀਂ ਉਲਾਰ ਨਾ ਹੋਈਏ ਅਤੇ ਆਪਣੇ ਜਜ਼ਬਿਆਂ ਨੂੰ ਤੱਥਾਂ ਤੋਂ ਲਾਂਭੇ ਨਾ ਜਾਣ ਦੇਈਏ ।

ਅਸੀਂ ਇੱਥੇ ਕੇਵਲ ਪੰਜਾਬ ਦੀ ਖੱਬੇ ਪੱਖੀ ਮਾਨਸਿਕਤਾ ਉੱਤੇ ਹੀ ਟਿੱਪਣੀਆਂ ਕਰ ਰਹੇ ਹਾਂ ਜਿਨ੍ਹਾਂ ਨੇ ਸਿੱਖੀ ਦੇ ਨਿਰਮਲ ਸਰੂਪ ਨੂੰ ,ਇਸ ਦੇ ਸ਼ਾਨਾਮੱਤੇ ਇਤਿਹਾਸ ਨੂੰ,ਇਸ ਦੀਆਂ ਅਦੁੱਤੀ ਕੁਰਬਾਨੀਆਂ ਨੂੰ,ਇਸ ਦੇ ਸਰਬੱਤ ਦੇ ਭਲੇ ਦੀ ਪਹੁੰਚ ਨੂੰ ਮਾਰਕਸਵਾਦੀ ਏਜੰਡੇ ਮੁਤਾਬਕ ਹੀ ਵੇਖਿਆ ,ਸਮਝਿਆ ਤੇ ਪਰਖਿਆ ਹੈ। ਕੁਝ ਸਮੇਂ ਲਈ ਸਾਨੂੰ ਇਉਂ ਵੀ ਲੱਗਾ ਸੀ ਜਿਵੇਂ ਇਹ ਲੋਕ ਹੀ ਸਿੱਖੀ ਸਿਧਾਂਤਾਂ ਦੇ ਵਾਰਸ ਬਣ ਗਏ ਹਨ। ਪਰ ਮਗਰੋਂ ਇਹ ਗੱਲ ਨਿੱਤਰ ਕੇ ਸਾਹਮਣੇ ਆ ਗਈ ਕਿ ਇਹ ਵੀਰ ਦੋਸਤੀ ਦਾ ਦਮ ਵੀ ਭਰ ਰਹੇ ਹਨ ਅਤੇ ਜੜ੍ਹਾਂ ਵੀ ਕੱਟ ਰਹੇ ਹਨ ।ਇਹ ਸਿਲਸਿਲਾ ਨਵੇਂ-ਨਵੇਂ ਰੂਪਾਂ-ਰੰਗਾਂ ਵਿੱਚ ਅਜੇ ਵੀ ਜਾਰੀ ਹੈ , ਭਾਵੇਂ ਇਹ ਵੀ ਇੱਕ ਹਕੀਕਤ ਹੈ ਕਿ ਇਸ ਮਾਨਸਿਕਤਾ ਦਾ ਟਾਕਰਾ ਕਰਨ ਲਈ ਨੌਜਵਾਨਾਂ ਦਾ ਕਾਫ਼ਲਾ ਬੌਧਿਕ ਰੂਪ ਵਿੱਚ ਜਥੇਬੰਦ ਵੀ ਹੈ ,ਖਿੰਡਿਆ-ਪੁੰਡਿਆਂ ਵੀ ਹੈ ,ਇੱਕ ਉੱਚਾ ਮਿਆਰ ਵੀ ਰੱਖਦਾ ਹੈ ਪਰ ਅਜੇ ਇੱਕ ਵਿਸ਼ਾਲ ਲਹਿਰ ਨਹੀਂ ਬਣ ਸਕਿਆ।

ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਖੱਬੇ ਪੱਖੀ ਮਾਨਸਿਕਤਾ ਨਾਲ ਜੁੜੇ ਕੁਝ ਵੀਰ ਤੇ ਜਥੇਬੰਦੀਆਂ ਸਿੱਖ ਸੰਕਟ ਨੂੰ ਹਮਦਰਦੀ ਦੇ ਨਜ਼ਰੀਏ ਤੋਂ ਵੀ ਵੇਖਦੇ ਹਨ ਪਰ ਖੱਬੇ ਪੱਖੀ ਮਾਨਸਿਕਤਾ ਦੀ ਸਮੂਹਿਕ-ਪਹੁੰਚ ਤੇ ਰਵੱਈਆ ਜਾਂ ਤਾਂ ਸਿੱਖ ਮਸਲਿਆਂ ਪ੍ਰਤੀ ਅਣਜਾਣ ਹੈ, ਜਾਂ ਨੀਮ ਹਕੀਮ ਖਤਰਾ ਜਾਨ ਵਾਲਾ ਗਿਆਨ ਰੱਖਦਾ ਹੈ ਅਤੇ ਜਾਂ ਸਿੱਖੀ ਨੂੰ ਮਹਿਜ਼ ਧਰਮ ਦੇ ਦਾਇਰੇ ਵਿੱਚ ਰੱਖ ਕੇ ਇੱਕ ਫ਼ਿਰਕੂ ਗਰੁੱਪ ਦੀ ਹੈਸੀਅਤ ਵਿੱਚ ਵੇਖਦਾ ਹੈ ਤੇ ਉਸੇ ਆਧਾਰ ਤੇ ਸਿੱਖਾਂ ਪ੍ਰਤੀ ਆਪਣੀ ਰਣਨੀਤੀ ਬਣਾਉਂਦਾ ਹੈ ।ਬਸ ,ਇੱਥੇ ਹੀ ਉਨ੍ਹਾਂ ਨਾਲੋਂ ਸਾਡੀਆਂ ਦੂਰੀਆਂ ਹੋ ਜਾਂਦੀਆਂ ਹਨ ਇੱਕ ਹੋਰ ਗੱਲ। ਮੈਂ ਖੱਬੇ ਪੱਖੀ ਮਾਨਸਿਕਤਾ ਦੇ ਉਤਰਾਵਾਂ ਚੜ੍ਹਾਵਾਂ ਬਾਰੇ ਕੋਈ ਰਿਸਰਚ ਪੇਪਰ ਨਹੀਂ ਲਿਖ ਰਿਹਾ ਅਤੇ ਨਾ ਹੀ ਇਹ ਮੇਰੇ ਅਨੁਭਵ ਬਾਕਾਇਦਾ ਇਕ ਲੜੀ ਵਿੱਚ ਪਰੋਤੇ ਗਏ ਹਨ ।ਹੁਣ ਮੇਰੀ ਉਮਰ ਕਰੀਬ 76 ਸਾਲ ਹੈ ਪਰ 16 ਸਾਲ ਦੀ ਉਮਰ ਵਿੱਚ ਹੀ ਮੈਂ ਵੱਡੇ-ਵੱਡੇ ਨਾਵਲ ਪੜ੍ਹਨੇ ਸ਼ੁਰੂ ਕਰ ਦਿੱਤੇ ਸਨ। ਕਮਿਊਨਿਸਟ ਅਖ਼ਬਾਰ 'ਨਵਾਂ ਜ਼ਮਾਨਾ 'ਮੈਂ ਨੌਵੀਂ ਕਲਾਸ ਵਿੱਚ ਹੀ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ ।ਸਰਦਾਰ ਜਗਜੀਤ ਸਿੰਘ ਦੀ ਚਰਚਿਤ ਪੁਸਤਕ 'ਗ਼ਦਰ ਪਾਰਟੀ ਲਹਿਰ ਦਾ ਇਤਿਹਾਸ' ਮੈਂ ਅੱਠਵੀਂ ਵਿੱਚ ਹੀ ਪੜ੍ਹ ਦਿੱਤੀ ਸੀ, ਭਾਵੇਂ ਉਸ ਸਮੇਂ ਸਮਝ ਬਹੁਤ ਘੱਟ ਸੀ। ਜਜ਼ਬਾਤੀ ਰੂਪ ਵਿੱਚ ਸਿੱਖੀ ਰੋਮ-ਰੋਮ ਵਿੱਚ ਵੱਸਦੀ ਸੀ ਪਰ ਦਿਮਾਗੀ ਰੂਪ ਵਿੱਚ ਕਮਿਊਨਿਸਟਾਂ ਨੇ ਵੀ ਆਪਣੀ ਥਾਂ ਬਣਾਈ ਹੋਈ ਸੀ। ਇਸ ਲਈ ਖਿਲਰੇ ਰੂਪ ਵਿੱਚ ਮੇਰੇ ਅਨੁਭਵ ਅਤੇ ਤਜਰਬੇ ਸਾਰੇ ਜਾਗਦੇ ਜਾਗਦੇ ਵੀਰਾਂ ਨੂੰ ਇਤਿਹਾਸ ਤੋਂ ਸੁਚੇਤ ਕਰਨਗੇ ।

**ਪੰਜਾਬ ਨਾਲ ਜੁੜੀ ਖੱਬੇ ਪੱਖੀ ਲਹਿਰ ਦਾ ਸਰਾਪ** -

ਖੱਬੇ ਪੱਖੀ -ਮਾਨਸਿਕਤਾ ਦਾ ਸੁਯੋਗ ਅਤੇ ਨਿਰਪੱਖ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਇਹ ਮਾਨਸਿਕਤਾ ਕੋਈ ਸਿੰਗਲ ਯੂਨਿਟ ਨਹੀਂ। ਇਹ ਕਈ ਰਾਜਨੀਤਿਕ ਪਾਰਟੀਆਂ, ਸਮਾਜਿਕ ਅਤੇ ਸੱਭਿਆਚਾਰਕ ਸੰਸਥਾਵਾਂ ਅਤੇ ਜਥੇਬੰਦੀਆਂ ਦਾ ਮਿਲਣ ਹੈ ।ਇਹ ਕਈ ਆਪਾ -ਵਿਰੋਧੀ ਵਿਚਾਰਾਂ ਅਤੇ ਅਸਹਿਮਤੀਆਂ ਦਾ ਮਿਲਣ ਵੀ ਹੈ ਅਤੇ ਵਿਛੜਨ ਵੀ।

ਇਹ ਕੋਈ ?ਦਾਂ ਦਾ ਮਿਲਣ ਵੀ ਨਹੀਂ ਜਿਵੇਂ ਅਮਰੀਕਾ ਵਿੱਚ ਬਹੁਤ ਸਾਰੀਆਂ ਕੌਮਾਂ ਇੱਕ ਮਿਲ ਕੇ ਕੜਾਹ ਵਰਗੀ ਚੀਜ਼ ਬਣਾ ਲੈਂਦੀਆਂ ਹਨ। ਪਰ ਇੱਕ ਗੱਲ ਜੋ ਉਨ੍ਹਾਂ ਨੂੰ ਇੱਕ ਸਾਂਝ ਵਿੱਚ ਪਰੋਂਦੀ ਹੈ, ਉਹ ਹੈ-ਮਾਰਕਸਵਾਦ।

ਧਰਮ ਨਿਰਪੱਖ ਅਤੇ ਉਦਾਰਵਾਦੀ ਲੋਕ ਵੀ ਇਸ ਧਿਰ ਦੇ ਦੂਰ - ਨੇੜੇ ਦੇ ਰਿਸ਼ਤੇਦਾਰ ਅਤੇ ਦੋਸਤ ਮਿੱਤਰ ਹਨ ,ਕਦੇ-ਕਦੇ ਸ਼ਰੀਕ ਤੇ ਦੁਸ਼ਮਣ ਵੀ ਬਣ ਜਾਂਦੇ ਹਨ ।

ਇਨ੍ਹਾਂ ਸਭਨਾਂ ਨੇ ਰਲ ਕੇ ਇਤਿਹਾਸ ਵਿੱਚ ਬਹੁਤੀ ਥਾਈਂ ਮਹਾਨ ਰੋਲ ਅਦਾ ਕੀਤਾ ਹੈ ਪਰ ਪਤਾ ਨਹੀਂ ਕਿ ਖੱਬੇ ਪੱਖੀ ਮਾਨਸਿਕਤਾ ਜੋ ਪੰਜਾਬ ਨਾਲ ਜੁੜੀ ਹੋਈ ਹੈ, ਉਸ ਨੂੰ ਕੀ ਸਰਾਪ ਲੱਗ ਗਿਆ ਕਿ ਇਸ ਨੇ ਆਪਣੇ ਆਪ ਨੂੰ ਧਰਮ -ਨਿਰਪੱਖ ਸਿੱਧ ਕਰਨ ਲਈ ਹੌਲੀ-ਹੌਲੀ ਸਿੱਖ ਅਤੇ ਸਿੱਖਾਂ ਤੋਂ ਦੂਰੀ ਬਣਾ ਲਈ ।ਇਹ ਦੂਰੀ ਕੋਈ ਇੱਕ ਦਿਨ ਵਿੱਚ ਨਹੀਂ ਬਣੀ। ਇਸ ਦੂਰੀ ਤੱਕ ਪਹੁੰਚਣ ਲਈ ਇਸ ਮਾਨਸਿਕਤਾ ਨੂੰ ਘੱਟੋ-ਘੱਟ ਪੌਣੀ ਸਦੀ ਲੱਗ ਗਈ। ਹੁਣ ਇਸ ਮਾਨਸਿਕਤਾ ਉੱਤੇ ਪਤਝੜ ਦੇ ਪ੍ਰਛਾਵੇਂ ਹਨ।

ਇਸ ਦੇ ਕਾਰਨ ਜਾਣਨ ਲਈ ਇੱਕ ਵੱਖਰਾ ਲੇਖ ਕਦੇ ਫਿਰ ਤੁਹਾਡੀ ਸੇਵਾ ਚ ਭੇਟ ਕਰਾਂਗੇ। ਖੱਬੇ ਪੱਖੀ -ਮਾਨਸਿਕਤਾ ਦੀਆਂ ਤੰਦਾਂ ਬਹੁਤ ਦੂਰ-ਦੂਰ ਤੱਕ ਫੈਲੀਆਂ ਹੋਈਆਂ ਹਨ। ਇਉਂ ਸਮਝੋ ਕਿ ਇਹ ਬਹੁਤ ਵੱਡਾ ਜਾਲ ਹੈ ਜਿਸ ਵਿੱਚ ਫਸਣ ਵਾਲਿਆਂ ਨੂੰ ਜੋ ਸਵਾਦ ਆਉਂਦਾ ਹੈ, ਉਹ ਕੌੜਾ ਵੀ, ਮਿੱਠਾ ਵੀ ਤੇ



ਕੁਸੈਲਾ ਵੀ ਹੋ ਸਕਦਾ ਹੈ।

ਤੁਸੀਂ ਕਹਿ ਸਕਦੇ ਹੋ ਕਿ ਇਹ ਇੱਕ ਤਰਾਂ ਨਾਲ ਮਿੱਠੀ ਜੇਲ੍ਹ ਹੈ। ਇਸ ਮਿੱਠੀ ਜੇਲ੍ਹ ਦੇ ਕੈਦੀਆਂ ਦੇ ਸੁਭਾਅ , ਉਨ੍ਹਾਂ ਦੀ ਤਰਜ਼ੇ ਜ਼ਿੰਦਗੀ, ਉਨ੍ਹਾਂ ਦੀ ਗੁਫ਼ਤਾਰ ਅਤੇ ਰਫ਼ਤਾਰ- ਸਭ ਕੁਝ ਮਿਲਣ ਨਾਲ ਜੋ ਉਨ੍ਹਾਂ ਦੀ ਸ਼ਖ਼ਸੀਅਤ ਉਸਰਦੀ ਹੈ ,ਉਸ ਵਿੱਚ ਪਦਾਰਥਕ -ਸੱਚ ਦੇ ਜਜ਼ਬੇ, ਭਾਵਨਾਵਾਂ ਅਤੇ ਵਿਚਾਰਧਾਰਾਵਾਂ ਹਾਵੀ ਹੁੰਦੀਆਂ ਹਨ ।ਬਸ ਇੱਥੇ ਹੀ ਰੂਹਾਨੀ-ਸੱਚ ਨਾਲ ਉਨ੍ਹਾਂ ਦਾ ਟਾਕਰਾ ਹੋ ਜਾਂਦਾ ਹੈ।

ਪਦਾਰਥਕ -ਸੱਚ ਹੌਲੀ-ਹੌਲੀ ਰਿਸਦਾ-ਰਿਸਦਾ (percolate ) ਤੁਹਾਡੇ ਜਿਸਮ ਦੇ ਹਰ ਸੈੱਲ ਵਿੱਚ ਆਪਣਾ ਘਰ ਬਣਾ ਲੈਂਦਾ ਹੈ ਅਤੇ ਬਹੁਤੀ ਵਾਰ ਤੁਹਾਨੂੰ ਪਤਾ ਵੀ ਨਹੀਂ ਲੱਗਦਾ ਕਿ ਤੁਸੀਂ ਕੌਣ ਹੋ ?ਕਿੱਥੋਂ ਆਏ ਹੋ ?ਕਿੱਥੇ ਜਾਣਾ ਹੈ ?

ਜਦੋਂ ਵੀ ਸਾਉਣ-ਭਾਦੋਂ ਵਿੱਚ ਨਿੱਕੀ-ਨਿੱਕੀ ਕਣੀ ਦਾ ਮੀਂਹ ਵਸਦਾ ਤਾਂ ਮੇਰੀ ਦਾਦੀ ਫ਼ਿਕਰਾਂ ਵਿੱਚ ਡੁੱਬ ਜਾਂਦੀ। ਜਦੋਂ ਕਾਰਨ ਪੁੱਛਦੇ ਤਾਂ ਕਹਿੰਦੀ ਪੁੱਤਰ ! ਇਹ ਮੀਂਹ ਫਸਲਾਂ ਲਈ ਤਾਂ ਚੰਗਾ ਹੁੰਦਾ ਹੈ ,ਪਰ ਕੱਚੇ ਕੋਠਿਆਂ ਲਈ ਬਹੁਤ ਹੀ ਮਾੜਾ। ਸਾਡੇ ਘਰ ਦੇ ਕੋਠੇ ਕੱਚੇ ਹੀ ਹੁੰਦੇ ਸਨ। ਇਸ ਲਈ ਘਰ ਨੂੰ ਬਚਾਉਣ ਲਈ ਅਸੀਂ ਝੱਟ ਪੱਟ ਭੈਣ ਭਰਾ ਬੱਠਲ ਚੁੱਕ ਕੇ ਛੱਪੜ ਵੱਲ ਭੱਜ ਤੁਰਦੇ ਤੇ ਛੱਤ ਉੱਤੇ ਖੁਰ ਰਹੇ ਕੱਚੇ ਬਨੇਰਿਆਂ ਨੂੰ ਬਚਾਉਣ ਲਈ ਮਿੱਟੀ ਤੇ ਤੂੜੀ ਦਾ ਲੇਪ ਚਾੜ੍ਹਦੇ ਥੱਕ ਜਾਂਦੇ ।

ਦੋਸਤੋ ! ਇਹ ਮਾਰਕਸਵਾਦ ਦੇ ਵੰਨ ਸੁਵੰਨੇ ਰੰਗ ਇੱਕ ਤਰ੍ਹਾਂ ਨਾਲ ਨਿੱਕੀ ਨਿੱਕੀ ਕਣੀ ਦਾ ਮੀਂਹ ਹੀ ਸੀ ਜੋ ਖੱਬੇ ਪੱਖੀ -ਮਾਨਸਿਕਤਾ ਵਿੱਚ ਸਹਿਜੇ ਸਹਿਜੇ ਪੂਰੀ ਤਰ੍ਹਾਂ ਰਚ ਮਿਚ ਗਿਆ ਸੀ।

**ਮਾਰਕਸਵਾਦੀਆਂ ਦਾ ਏਜੰਡਾ** -

ਉਪਰ ਮੈਂ ਲਿਖਿਆ ਸੀ ਕਿ ਖੱਬੇ ਪੱਖੀ- ਮਾਨਸਿਕਤਾ ਦੀਆਂ ਤੰਦਾਂ ਦੂਰ-ਦੂਰ ਤੱਕ ਫੈਲੀਆਂ ਹੋਈਆਂ ਹਨ ।ਸ਼ਾਇਦ ਤੁਸੀਂ ਇਹ ਗੱਲ ਅਜੇ ਨਾ ਮੰਨੋ, ਪਰ ਇਹ ਇਕ ਹਕੀਕਤ ਹੈ ਕਿ ਇਨ੍ਹਾਂ ਤੰਦਾਂ ਵਿੱਚੋਂ ਕਿਸੇ ਨਾ ਕਿਸੇ ਤੰਦ ਨਾਲ ਆਪਾਂ ਸਾਰੇ ਵੀ ਜੁੜੇ ਹੋਏ ਹਾਂ।

ਇਹ ਖੱਬੇ ਪੱਖੀਆਂ ਦੀ ਮਿਹਨਤ ਅਤੇ ਤਿਆਗ ਦਾ ਸਿੱਟਾ ਹੈ ਕਿ ਉਨ੍ਹਾਂ ਨੇ ਨਿੱਕੀ-ਨਿੱਕੀ ਕਣੀ ਦਾ ਮਾਰਕਸਵਾਦੀ-ਮੀਂਹ ਸਾਡੇ ਅੰਦਰ ਕਾਫੀ ਹੱਦ ਤੱਕ ਰਚਾ ਦਿੱਤਾ ਹੈ ,ਜੋ ਦਿਸਦਾ ਵੀ ਹੈ ਅਤੇ ਅਣ ਦਿਸਦਾ ਵੀ ਹੈ ।

ਹੁਣ ਆਪਾਂ ਸਭ ਤੋਂ ਪਹਿਲਾਂ ਇਨ੍ਹਾਂ ਤੰਦਾਂ ਦੇ ਰਾਜਨੀਤਿਕ ਸਰੂਪ ਦੀ ਗੱਲ ਕਰਦੇ ਹਾਂ ਜੋ ਸੀਪੀਆਈ, ਸੀਪੀਐਮ ,ਅਤੇ ਸੀਪੀਆਈ ਐਮਐੱਲ ਦੇ ਰੂਪ ਵਿੱਚ ਫੈਲਿਆ ਹੋਇਆ ਹੈ। ਵੈਸੇ ਸੀਪੀਐੱਮ ਵਿੱਚੋਂ ਹੀ ਪਿੱਛੇ ਜਿਹੇ ਪਾਸਲਾ ਗਰੁੱਪ ਵੱਖਰਾ ਹੋ ਗਿਆ ਸੀ। ਐਮਐਲ ਦੇ ਵੀ ਕਈ ਧੜੇ ਬਣੇ ਹੋਏ ਹਨ। ਐਮਐਲ ਦੇ ਮੈਂਬਰਾਂ ਨੂੰ ਨਕਸਲੀ ਕਹਿ ਕੇ ਵੀ ਜਾਣਿਆ ਜਾਂਦਾ ਹੈ।

ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਜਦੋਂ ਸੱਠਵਿਆਂ ਦੇ ਅਖੀਰ ਵਿੱਚ ਨਕਸਲੀ ਲਹਿਰ ਪੱਛਮੀ ਬੰਗਾਲ ਤੋਂ ਸ਼ੁਰੂ ਹੋਈ ਸੀ ਤਾਂ ਇਸ ਲਹਿਰ ਨੇ ਪੰਜਾਬ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ ਸੀ। ਪੰਜਾਬ ਵਿੱਚ ਸੱਠ ਦੇ ਕਰੀਬ ਨਕਸਲੀ ਨੌਜਵਾਨ ਸ਼ਹੀਦ ਹੋਏ ਸਨ ।ਦੋ ਤਿੰਨ ਨੂੰ ਛੱਡ ਕੇ ਬਾਕੀ ਸਾਰੇ ਸਧਾਰਨ ਸਿੱਖ ਪਰਿਵਾਰਾਂ ਵਿਚੋਂ ਹੀ ਆਏ ਸਨ।

ਇਸ ਦਿਲਚਸਪ ਪਰ ਬਹੁਤ ਹੀ ਮੁਸ਼ਕਲ ਸਵਾਲ ਦਾ ਜਵਾਬ ਮੈਨੂੰ ਅਜੇ ਤੱਕ ਨਹੀਂ ਲੱਭਾ ਕਿ ਪੰਜਾਬ ਦੀਆਂ ਤਮਾਮ ਇਨਕਲਾਬੀ ਲਹਿਰਾਂ ਵਿੱਚ ਸਿੱਖ ਹੀ ਕਿਉਂ ਬਲਦੀ ਦੇ ਬੁੱਤੇ ਆਉਂਦੇ ਹਨ ? ਫਿਰ ਇਸ ਸਵਾਲ ਦਾ ਵੀ ਕੋਈ ਠੋਸ ਜਵਾਬ ਨਹੀਂ ਲੱਭ ਰਿਹਾ ਕਿ ਕੁਰਬਾਨੀਆਂ ਕਰਕੇ ਵੀ ਸਿੱਖ ਘਾਟੇ ਵਿੱਚ ਕਿਉਂ ਰਹਿੰਦੇ ਹਨ ?

ਕੀ ਕਾਰਨ ਹੈ ਕਿ ਕੁਰਬਾਨੀਆਂ ਸਿੱਖ ਕਰਦੇ ਹਨ ,ਸ਼ਹੀਦੀਆਂ ਸਿੱਖ ਦਿੰਦੇ ਹਨ ਪਰ ਮਲਾਈ ਹੋਰ ਲੋਕ ਖਾ ਜਾਂਦੇ ਹਨ ਜਿਨ੍ਹਾਂ ਨੇ ਸੰਘਰਸ਼ ਵਿੱਚ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ ਹੁੰਦਾ। ਸੋਚਿ ? ਅਤੇ ਵਧੀਆ ਜਵਾਬ ਦੇਣਾ ਜਿਸ ਜਵਾਬ ਵਿੱਚ ਦਿਮਾਗ ਵੀ ਹੋਵੇ ਤੇ ਰੂਹ ਵੀ।

ਇਸ ਸਵਾਲ ਦਾ ਜਵਾਬ ਵੀ ਨਹੀਂ ਲੱਭ ਰਿਹਾ ਕਿ ਕਮਿਊਨਿਸਟਾਂ ਦੀਆਂ ਸਾਰੀਆਂ ਪਾਰਟੀਆਂ ਵਿੱਚ 95 ਫੀਸਦ ਦੇ ਕਰੀਬ ਸਿੱਖ ਹੀ ਕਿਉਂ ਹਨ ? ਹਿੰਦੂ ਵੀਰ ਕਿਉਂ ਨਹੀਂ ?ਹਰ ਸੰਕਟ ਦੀ ਘੜੀ ਵਿੱਚ ਇਹ ਸਿੱਖਾਂ ਦੇ ਵਿਰੁੱਧ ਕਿਉਂ ਖਲੋਂਦੇ ਹਨ। ਦਰਬਾਰ ਸਾਹਿਬ ਉੱਤੇ ਹਮਲੇ ਸਮੇਂ ਇਹ ਖ਼ੁਸ਼ੀ ਵਿੱਚ ਮਠਿਆਈਆਂ ਕਿਉਂ ਵੰਡਦੇ ਸਨ ? ਪਰ ਇਹ ਗੱਲ ਵੀ ਅਸੀਂ ਨਹੀਂ ਭੁੱਲਣੀ ਕਿ ਵਿਅਕਤੀਗਤ ਰੂਪ ਵਿੱਚ ਕਈ ਹਿੰਦੂ ਵੀਰ ਸਾਡੇ ਹੱਕ ਵਿੱਚ ਖਲੋਂਦੇ ਹਨ ਅਤੇ ਅਜੇ ਵੀ ਖਲੋਂਦੇ ਹਨ ਪਰ ਉਨ੍ਹਾਂ ਦੀ ਸਮੂਹਿਕ-ਸੋਚ ਅਤੇ ਮਾਨਸਿਕਤਾ ਹਰ ਸੰਕਟ ਦੀ ਘੜੀ ਵਿਚ ਸਾਡੇ ਵਿਰੁੱਧ ਖਲੋਂਦੀ ਹੈ। ਜਿਹੜੇ ਵਿਅਕਤੀਗਤ ਰੂਪ ਵਿੱਚ ਸਾਡੇ ਨਾਲ ਖਲੋਂਦੇ ਹਨ,ਸਿੱਖ ਸਦਾ ਹੀ ਉਨ੍ਹਾਂ ਦੇ ਅਹਿਸਾਨਮੰਦ ਰਹਿਣਗੇ। ਪਰ ਸਿੱਖਾਂ ਉਤੇ ਕਹਿਰ ਦੀ ਹਨੇਰੀ ਜਦੋਂ ਵੀ ਝੁੱਲਦੀ ਹੈ ਉਸ ਸਮੇਂ ਇਹੋ ਲੋਕ ਸਾਡੇ ਗਲਾਂ ਵਿੱਚ ਟਾਇਰ ਪਾ ਕੇ ਸਾਨੂੰ ਸਾੜਦੇ ਹਨ।

ਦੋਸਤੋ ! ਇਨ੍ਹਾਂ ਕਮਿਊਨਿਸਟ ਪਾਰਟੀਆਂ ਨੇ ਮਾਰਕਸਵਾਦ ਨੂੰ ਪੰਜਾਬ ਦੇ ਦਿਲਾਂ ਵਿੱਚ ਰਚਾਉਣ ਤੇ ਵਸਾਉਣ ਲਈ ਸਭ ਤੋਂ ਪਹਿਲਾਂ ਸਾਹਿਤ ਦੀ ਚੋਣ ਕੀਤੀ ਅਤੇ ਸੱਚਮੁੱਚ ਸਾਡੇ ਦਿਲਾਂ ਤੱਕ ਪਹੁੰਚ ਗਏ। ਇਨ੍ਹਾਂ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਸਿੱਖ ਧਰਮ ਸੀ ਜਿਸ ਦਾ ਆਪਣਾ ਸ਼ਾਨਾ ਮੱਤਾ ਤੇ ਕੁਰਬਾਨੀਆਂ ਨਾਲ ਭਰਿਆ ਇਤਿਹਾਸ ਹੈ, ਜਿਸ ਕੋਲ ਗੁਰੂ ਗ੍ਰੰਥ ਸਾਹਿਬ ਹੈ ਅਤੇ ਜਿਹੜੇ ਹਰ ਰੋਜ਼ ਦੋ ਵਾਰ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹਨ।

ਇਸ ਲਈ ਸਿੱਖ ਧਰਮ ਦਾ ਵਿਰੋਧ ਕਰਨਾ ਕਾਫੀ ਮੁਸ਼ਕਿਲ ਸੀ, ਸੋ ਇਨ੍ਹਾਂ ਵੀਰਾਂ ਨੇ ਸਿੱਖ ਧਰਮ ਨੂੰ 'ਅਗਾਂਹ ਵਧੂ' ਧਰਮ ਕਹਿ ਕੇ ਅਤੇ ਗੁਰੂਆਂ ਦੀਆਂ ਕੁਰਬਾਨੀਆਂ ਦੀਆਂ ਸਿਫ਼ਤਾਂ ਕਰ ਕੇ ਸਿੱਖਾਂ ਦੇ ਦਿਲਾਂ ਵਿੱਚ ਆਪਣੀ ਥਾਂ ਵਸਾਉਣੀ ਸ਼ੁਰੂ ਕਰ ਦਿੱਤੀ ਅਤੇ ਕਾਮਯਾਬ ਵੀ ਹੋਣ ਲੱਗੇ ।

ਇੰਜ ਮਾਰਕਸਵਾਦ ਦਾ ਏਜੰਡਾ ਗੁਪਤ ਰੂਪ ਵਿਚ ਵੀ ਅਤੇ ਪਰਤੱਖ ਰੂਪ ਵਿੱਚ ਵੀ ਲਾਗੂ ਹੋਣ ਲਗ ਪਿਆ। ਇਨ੍ਹਾਂ ਨੇ ਸਾਹਿਤ ਦੇ ਵੱਖ-ਵੱਖ ਖੇਤਰਾਂ ਚ ਆਪਣੀ ਥਾਂ ਕਿਵੇਂ ਬਣਾਈ, ਇਹ ਹਰ ਵੀਰ ਲਈ ਜਾਨਣਾ ਬਹੁਤ ਜ਼ਰੂਰੀ ਹੈ। ਇਸ ਲਈ ਜ਼ਰੂਰੀ ਹੈ ਕਿਉਂਕਿ ਸਾਹਿਤ ਹੀ ਇਕ ਰੀੜ ਦੀ ਹੱਡੀ ਹੈ ਜਿਸ ਉਤੇ ਮਾਰਕਸਵਾਦ ਦਾ ਜਿਸਮ ਖਲੋਂਦਾ ਹੈ। ਸਿੱਖਾਂ ਨੂੰ ਇਸ ਮਾਜਰੇ ਦਾ ਵੀ ਕਿਉਂ ਨਹੀਂ ਪਤਾ ਲਗਦਾ ਇਹ ਗੱਲ ਅਤੇ ਹੋਰ ਗੱਲਾਂ ਵੀ ਕਰਨੀਆਂ ਜ਼ਰੂਰੀ ਹਨ।

**ਰੂਸੀ ਸਾਹਿਤ ਦਾ ਵਪਾਰ ਤੇ ਕਲਾ ਦਾ ਪ੍ਰਸ਼ਾਦ** -

ਉਪਰ ਦਿੱਤੇ ਸਾਰੇ ਵਰਣਨ ਵਿਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਖੱਬੇ ਪੱਖੀ- ਮਾਨਸਿਕਤਾ ਕਿਵੇਂ ਤੁਹਾਡੇ ਮਨ ਵਿੱਚ ਰਚਦੀ ਹੈ ,ਕਿਵੇਂ ਰਚਾਈ ਤੇ ਵਸਾਈ ਜਾਂਦੀ ਹੈ ਅਤੇ ਕਿਵੇਂ ਇੱਕ ਘੜੀ ਆਉਂਦੀ ਹੈ ਜਦੋਂ ਤੁਸੀਂ ਖ਼ੁਦ ਹੀ ਕਿਸੇ ਨਾ ਕਿਸੇ ਰੂਪ ਵਿੱਚ ਇਸ ਮਾਨਸਿਕਤਾ ਦੀ ਹਮਾਇਤ ਕਰਦੇ ਹੋ ਅਤੇ ਆਖਰ ਵਿੱਚ ਤੁਸੀਂ ਕਿਵੇਂ ਆਪਣੇ ਹੀ ਕਲਚਰ ,ਧਰਮ ਅਤੇ ਨਿਆਰੀ ਪਛਾਣ ਤੋਂ ਦੂਰ ਹੋ ਜਾਂਦੇ ਹੋ। ਕੇਵਲ ਦੂਰ ਹੀ ਨਹੀਂ ਹੁੰਦੇ ਸਗੋਂ ਚੁਪਕੇ-ਚੁਪਕੇ ਵਿਰੋਧ ਵੀ ਕਰਨਾ ਸ਼ੁਰੂ ਕਰ ਦਿੰਦੇ ਹੋ।

ਖੱਬੇ ਪੱਖੀ ਮਾਨਸਿਕਤਾ ਦੇ ਰਹਿਬਰਾਂ ਨੇ ਇਸ ਮਾਨਸਿਕਤਾ ਦੇ ਪ੍ਰਚਾਰ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਸਾਹਿਤ ਨੂੰ ਆਪਣਾ ਹਥਿਆਰ ਬਣਾਇਆ। ਵੈਸੇ ਸਾਹਿਤ ਇੱਕ ਐਸਾ ਸੰਸਾਰ ਹੈ ,ਇੱਕ ਅਜਿਹਾ ਸਹਿਜ- ਨਸ਼ਾ ਹੈ ਜੋ ਸਾਡੇ ਦਿਲਾਂ ਉੱਤੇ ਹੌਲੀ-ਹੌਲੀ ਰਾਜ ਕਰਨ ਲੱਗ ਜਾਂਦਾ ਹੈ ਪਰ ਕਰਦਾ ਹੌਲੀ-ਹੌਲੀ ਹੈ। ਲੇਕਿਨ ਨਤੀਜੇ ਬੜੇ ਕਾਮਯਾਬ ਹੁੰਦੇ ਹਨ।

ਤੁਸੀਂ ਸਹੇ ਤੇ ਕੱਛੂਕੁੰਮੇ ਦੀ ਕਹਾਣੀ ਸੁਣੀ ਹੈ। ਸਹੇ ਨੂੰ ਬੜੀ ਕਾਹਲੀ ਹੁੰਦੀ ਹੈ। ਸਹਿਆ ਬਿਰਤੀ ਕਿਤਾਬਾਂ ਪੜ੍ਹਦੀ ਹੀ ਨਹੀਂ, ਉਸ ਕੋਲ ਇੰਨਾ ਸਮਾਂ ਵੀ ਨਹੀਂ ਹੁੰਦਾ। ਉਸ ਨੇ ਤਾਂ ਝੱਟਪੱਟ ਮੰਜ਼ਲ ਤੇ ਪਹੁੰਚਣਾ ਹੁੰਦਾ ਹੈ। ਪਰ ਕੱਛੂਕੁੰਮਾ- ਬਿਰਤੀ ਦੀ ਤੋਰ ਹੌਲੀ ਹੁੰਦੀ ਹੈ ਪਰ ਹੁੰਦੀ ਹੈ, ਲਗਾਤਾਰ ਅਤੇ ਨਾਲੇ ਜਿੱਤ ਵੀ ਉਸੇ ਦੀ ਹੁੰਦੀ ਹੈ।

ਕਮਿਊਨਿਸਟ ਭਰਾਵਾਂ ਨੇ ਕੱਛੂ ਕੁੰਮਾਂ- ਬਿਰਤੀ ਨਾਲ ਸੋਵੀਅਤ ਯੂਨੀਅਨ ਤੋਂ ਢੇਰਮ ਢੇਰ, ਪੰਡਾਂ ਦੀਆਂ ਪੰਡਾਂ ਕਿਤਾਬਾਂ, ਰਸਾਲੇ ਤੇ ਪੈਂਫਲੇਟ ਪੰਜਾਬ ਵਿੱਚ ਸੁੱਟਣੇ ਸ਼ੁਰੂ ਕਰ ਦਿੱਤੇ । ਇਹ ਇੱਕ -ਪਾਸੜ ਸਾਹਿਤ ਏਨਾ ਸਸਤਾ ਸੀ, ਇਨ੍ਹਾਂ ਵਧੀਆ ਅਤੇ ਚੰਗਾ ਵੀ ਸੀ ਕਿ ਇੱਕ ਦਿਹਾੜੀਦਾਰ ਮਜ਼ਦੂਰ ਵੀ ਇਸ ਨੂੰ ਮੌਜ ਨਾਲ ਖਰੀਦ ਸਕਦਾ ਸੀ। ਇੰਜ ਰੂਸੀ ਸਾਹਿਤ ਵਪਾਰ ਵੀ ਬਣ ਗਿਆ ਸੀ ਤੇ ਕਲਾ ਦਾ ਪ੍ਰਸ਼ਾਦ ਵੀ ਵਰਤਾ ਰਿਹਾ ਸੀ ।

ਹੋਰ ਸੁਣੋ। ਏਧਰ ਪੰਜਾਬ ਦੀ ਧਰਤੀ ਤੇ ਖੱਬੇ ਪੱਖੀ -ਮਾਨਸਿਕਤਾ ਦਾ ਇਕ ਹੋਰ ਕੇਂਦਰ ਉਸਰ ਰਿਹਾ ਸੀ ਅਤੇ ਉਹ ਸੀ 'ਪ੍ਰੀਤਲੜੀ'। ਇਸ ਅਨੋਖੇ ਤੇ ਨਿਰਾਲੇ ਮੈਗਜ਼ੀਨ ਦੇ ਰੂਹੇ ਰਵਾਂ ਸਨ ; ਸਰਦਾਰ ਗੁਰਬਖਸ਼ ਸਿੰਘ ਪ੍ਰੀਤ ਲੜੀ ਜੋ ਅੰਮ੍ਰਿਤਸਰ ਤੋਂ ਥੋੜ੍ਹੀ ਦੂਰ ਪਾਕਿਸਤਾਨ ਸਰਹੱਦ ਦੇ ਐਨ ਨੇੜੇ ਪ੍ਰੀਤ ਨਗਰ ਤੋਂ ਛਪਦਾ ਸੀ।

ਦੋਸਤੋ ! ਇੱਥੇ ਪ੍ਰੀਤਾਂ ਦਾ ਇੱਕ ਨਿੱਕਾ ਜਿਹਾ ਸ਼ਹਿਰ ਵੀ ਉਸਾਰਿਆ ਗਿਆ ਜੋ ਹੁਣ ਖੰਡਰ ਦੀ ਤਰ੍ਹਾਂ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਬੜੇ ਵਧੀਆ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਸੋਵੀਅਤ ਯੂਨੀਅਨ ਦੇ ਵੀ ਗੁਣ ਗਾਉਂਦੇ ਸਨ, ਹੋਰਨਾਂ ਨੂੰ ਇਸ ਕੰਮ ਲਈ ਹੱਲਾਸ਼ੇਰੀ ਦਿੰਦੇ ਸਨ ਤੇ ਨਾਲ ਹੀ ਪੰਜਾਬ ਦੇ ਕਲਚਰ ਨੂੰ ਵੀ ਨਾਲ-ਨਾਲ ਰੱਖਦੇ ਸਨ ।ਵਿੱਚ-ਵਿੱਚ ਉਹ ਸਿਹਤ, ਸੁਖਾਵੀਂ-ਸੁਧਰੀ ਜ਼ਿੰਦਗੀ, ਸਾਵੀਂ-ਪੱਧਰੀ ਜ਼ਿੰਦਗੀ ਅਤੇ ਗੁਰੂ ਸਾਹਿਬਾਨ ਬਾਰੇ ਵੀ ਇਸ ਅੰਦਾਜ਼ ਵਿੱਚ ਪ੍ਰਵਚਨ ਕਰਦੇ ਰਹਿੰਦੇ ਸਨ ਤਾਂ ਜੋ ਖੱਬੇ ਪੱਖੀ -ਮਾਨਸਿਕਤਾ ਸਹਿੰਦੇ-ਸਹਿੰਦੇ ਰੂਪ ਵਿੱਚ ਲੋਕਾਂ ਵਿੱਚ ਆਪਣਾ ਘਰ ਬਣਾਏ।

ਦੋਸਤੋ ! ਇਹ ਮੈਗਜ਼ੀਨ ਕਿੰਨਾ ਹਰਮਨ ਹੋ ਗਿਆ ਸੀ ਕਿ ਇਸ ਦਾ ਮੈਂ ਇੱਕ ਨਿੱਜੀ ਅਨੁਭਵ ਤੁਹਾਡੇ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ। ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਗਿਆਰਵੀਂ ਕਲਾਸ ਵਿੱਚ ਪੜ੍ਹਦਾ ਸੀ ਤਾਂ ਘੱਟੋ-ਘੱਟ ਪੰਦਰਾਂ-ਵੀਹ ਕਾਲਜ ਦੇ ਵਿਦਿਆਰਥੀ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਹਾਲ ਗੇਟ ਵੱਲ ਵਹੀਰਾਂ ਘੱਤ ਲੈਂਦੇ ਅਤੇ ਉੱਥੇ ਮੈਗਜ਼ੀਨ ਸਟਾਲ ਤੋਂ ਪ੍ਰੀਤਲੜੀ ਬੜੇ ਚਾਅ ਨਾਲ ਖਰੀਦਦੇ ।

ਇੱਥੇ ਹੀ ਬਸ ਨਹੀਂ ਮੈਂ ਇੱਕ ਸਮਾਂ ਉਹ ਵੀ ਵੇਖਿਆ ਜਦੋਂ ਪੰਜਾਬ ਅਸੈਂਬਲੀ ਵਿੱਚ ਵਿਰੋਧੀ ਧਿਰ ਅਕਾਲੀ ਦਲ ਸੀ ਅਤੇ ਜੇ ਮੈਂ ਭੁੱਲਦਾ ਨਹੀਂ ਤਾਂ ਵਿਰੋਧੀ ਧਿਰ ਦੇ ਇਹ ਨੇਤਾ ਫ਼ਰੀਦਕੋਟ ਵਾਲੇ ਪਾਸੇ ਦੇ ਜਸਵਿੰਦਰ ਸਿੰਘ ਸਨ। ਜਦੋਂ ਟ੍ਰਿਬਿਊਨ ਦੇ ਪੱਤਰਕਾਰ ਨੇ ਉਨ੍ਹਾਂ ਨੂੰ ਇੱਕ ਇੰਟਰਵਿਊ ਦੌਰਾਨ ਪੁੱਛਿਆ ਕਿ ਤੁਸੀਂ ਕੀ ਪੜ੍ਹਦੇ ਹੋ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਮੈਂ ਪ੍ਰੀਤਲੜੀ ਮੈਗਜ਼ੀਨ ਪੜਦਾ ਹਾਂ । ਯਾਨੀ ਪ੍ਰੀਤਲੜੀ ਨੇ ਧੁਰ ਉਪਰਲੀ ਅਕਾਲੀ ਕਤਾਰ ਦੇ ਨੇਤਾ ਵਿੱਚ ਵੀ ਆਪਣੀ ਥਾਂ ਬਣਾ ਲਈ ਸੀ ।

ਮੈਂ ਫਿਰ ਉਹ ਦੌਰ ਵੀ ਵੇਖਿਆ ਜਦੋਂ ਸੰਤ ਜਰਨੈਲ ਸਿੰਘ ਪੰਜਾਬ ਦੀ ਧਰਤੀ ਤੇ ਲੋਕਾਂ ਦੇ ਦਿਲਾਂ ਉੱਤੇ ਰਾਜ ਕਰਨ ਲੱਗੇ ਅਤੇ ਕਰੀਬ ਉਸੇ ਦੌਰ ਵਿੱਚ ਮੈਂ ਵੇਖਿਆ ਕਿ ਪ੍ਰੀਤਲੜੀ ਉੱਤੇ ਪੱਤਝੜ ਦੀ ਰੁੱਤ ਦਾ ਪਹਿਰਾ ਲੱਗ ਗਿਆ ਸੀ। ਦੂਜੇ ਸ਼ਬਦਾਂ ਵਿੱਚ ਖੱਬੇ ਪੱਖੀ- ਮਾਨਸਿਕਤਾ ਦੇ ਚਿਹਰਿਆਂ ਉੱਤੇ ਢਲਦੀਆਂ ਸ਼ਾਮਾਂ ਦੇ ਪਰਛਾਵੇਂ ਸਨ।

ਖਾਲਸਾ -ਰੁੱਤ ਦੇ ਮਹਿਮਾਨ ਨਵੀਆਂ ਅੰਗੜਾਈਆਂ ਭਰ ਰਹੇ ਸਨ । ਦੋਸਤੋ ! ਇਤਿਹਾਸ ਦੀ ਚਾਲ-ਢਾਲ ਨੂੰ ਇਸ ਅੰਦਾਜ਼ ਵਿੱਚ ਵੀ ਵੇਖਣ ਲਈ ਸਮਾਂ ਕੱਢਿਆ ਕਰੋ।

ਅੱਗੇ ਆਪਾਂ ਜਸਵੰਤ ਸਿੰਘ ਕੰਵਲ ਦੇ ਖੱਬੇ ਪੱਖੀ ਨਾਵਲ 'ਰਾਤ ਬਾਕੀ ਹੈ' ਦਾ ਜ਼ਿਕਰ ਕਰਾਂਗੇ ਜਿਸ ਨੇ ਉਸ ਦੌਰ ਵਿੱਚ ਕਰੀਬ ਕਰੀਬ ਸਾਰੇ ਨੌਜਵਾਨਾਂ ਨੂੰ ਆਪਣੇ ਵੱਲ ਖਿੱਚ ਲਿਆ ਸੀ। ਇਸ ਨਾਵਲ ਦੇ ਆਉਣ ਨਾਲ ਖੱਬੇ ਪੱਖੀ-ਮਾਨਸਿਕਤਾ ਉਤੇ ਬਸੰਤ ਦੀ ਬਹਾਰ ਚੜ੍ਹ ਕੇ ਆਈ।

**(ਬਾਕੀ ਅਗਲੇ ਅੰਕ 'ਚ)**

# ਸੁਬਰਾਮਨੀਅਮ ਦੇ ਕਰਤਾਰਪੁਰ ਲਾਂਘੇ ਵਿਰੁੱਧ ਬਿਆਨ ਕਾਰਨ ਘਿਰਿਆ ਅਕਾਲੀ ਦਲ

**✪ ਪੰਜਾਬ ਦੀਆਂ ਸਿਆਸੀ ਤੇ ਪੰਥਕ ਜਥੇਬੰਦੀਆਂ ਨੇ ਸੁਆਮੀ ਨੂੰ ਘੇਰਿਆ ✪ ਕਾਂਗਰਸ ਵਲੋਂ ਬਾਦਲ ਦਲ ਉਤੇ ਸੁਆਲਾਂ ਦੀ ਝੜੀ**

**ਚੰਡੀਗੜ੍ਹ/ਏਟੀ ਨਿਊਜ਼ :** ਰਾਜ ਸਭਾ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਸੁਬਰਾਮਨੀਅਮ ਸਵਾਮੀ ਦਾ ਕਰਤਾਰਪੁਰ ਲਾਂਘੇ ਦਾ ਕੰਮ ਬੰਦ ਕਰਵਾਉਣ ਵਾਲਾ ਬਿਆਨ ਆਇਆ ਹੈ। ਬਾਅਦ ਵਿਚ ਭਾਵੇਂ ਸਵਾਮੀ ਨੇ ਕਿਹਾ ਕਿ ਇਹ ਉਸ ਦੇ ਨਿੱਜੀ ਵਿਚਾਰ ਹਨ ਪਰ ਇਹੋ ਜਿਹੇ ਬਿਆਨ ਦੇ ਜੋ ਡੂੰਘੇ ਮਾਇਨੇ ਹੋ ਸਕਦੇ ਹਨ। ਸਵਾਮੀ ਨੇ ਕਿਹਾ ਕਿ ਕਰਤਾਰਪੁਰ ਕਾਰੀਡੋਰ ਦਾ ਨਿਰਮਾਣ ਰੋਕਣਾ ਦੇਸ਼ ਦੇ ਹਿੱਤ ਵਿਚ ਹੈ ਅਤੇ ਪਾਕਿਸਤਾਨ ਨੂੰ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਕਰਨ ਦਾ ਬਹਾਨਾ ਨਹੀਂ ਦੇਣਾ ਚਾਹੀਦਾ। ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਨੂੰ ਹਾਸਲ ਕਰਨ ਦੇ ਵਿਸ਼ੇ ਸੰਬੰਧੀ ਡੀ ਏ ਵੀ ਕਾਲਜ ਚੰਡੀਗੜ੍ਹ ਵਿੱਚ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਂਦਿਆਂ ਸੁਆਮੀ ਨੇ ਕਿਹਾ ਕਿ ਮੁਸਲਿਮ ਤੇ ਈਸਾਈਆਂ ਨੂੰ ਛੱਡ ਕੇ ਸਭ ਸਿੱਖ, ਹਿੰਦੂ, ਬੋਧੀ ਜੈਨੀ ਹਿੰਦੂ ਰਾਸ਼ਟਰ ਹਨ। ਉਨ੍ਹਾ ਕਿਹਾ ਕਿ ਅੱਜ ਦੀ ਸਥਿਤੀ ਵਿੱਚ ਪਾਕਿਸਤਾਨ ਨਾਲ ਕਿਸੇ ਵੀ ਕਿਸਮ ਦੀ ਸਾਂਝ ਨਹੀਂ ਹੋਣੀ ਚਾਹੀਦੀ ਅਤੇ ਉਹ ਸਮਝਦੇ ਹਨ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀ ਕੋਈ ਲੋੜ ਨਹੀਂ ਹੈ। ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਦੀ ਵੰਡ ਪੰਜਾਬ ਦੇ ਇਤਿਹਾਸ ਵਿਚ ਵਾਪਰੀ ਸਭ ਤੋਂ ਦੁਖਦਾਈ ਘਟਨਾ ਹੈ। ਇਸ ਨਾਲ ਪੰਜਾਬੀ ਕੌਮ/ਕੌਮੀਅਤ ਦਾ ਤਸੱਵਰ ਹੀ ਭੰਗ ਨਹੀਂ ਹੋਇਆ, ਸਗੋਂ ਸਦੀਆਂ ਤੋਂ ਬਣੀ ਹੋਈ ਭਾਈਚਾਰਕ ਸਾਂਝ ਵੀ ਟੁੱਟ ਗਈ। ਲਗਭੱਗ 10 ਲੱਖ ਪੰਜਾਬੀ ਮਾਰੇ ਗਏ ਅਤੇ ਕਈ ਲੱਖ ਲੋਕਾਂ ਨੂੰ ਆਪਣੇ ਘਰ ਬਾਰ ਛੱਡ ਕੇ ਪਨਾਹਗੀਰ ਬਣਨਾ ਪਿਆ। ਪੰਜਾਬੀਆਂ ਨੂੰ ਜੋ 1947 ਵਿਚ ਪੰਜਾਬੀਆਂ ਨਾਲ ਵਾਪਰਿਆ ਉਹ ਬਹੁਤ ਵੱਡਾ ਦੁਖਾਂਤ ਹੈ, ਜੋ ਕਿ ਪੰਜਾਬੀ ਲੋਕ-ਮਨ ਨੂੰ ਵਾਰ ਵਾਰ ਪਰੇਸ਼ਾਨ ਕਰਦਾ ਹੈ। ਜਦੋਂ ਵੀ ਦੋਵਾਂ ਪੰਜਾਬਾਂ ਦੇ ਲੋਕਾਂ ਨੂੰ ਆਪਸ ਵਿਚ ਮਿਲਣ ਦਾ ਮੌਕਾ ਮਿਲਦਾ ਹੈ ਤਾਂ ਲੋਕ ਖੁਸ਼ ਵੀ ਹੁੰਦੇ ਹਨ ਤੇ ਭਾਵੁਕ ਵੀ। ਦੇਸ਼ ਦੇ ਬਾਕੀ ਸੂਬਿਆਂ ਦੇ ਲੋਕ ਇਸ ਭਾਵਨਾ ਨੂੰ ਨਹੀਂ ਸਮਝ ਸਕਦੇ। ਇਹੀ ਕਾਰਨ ਹੈ ਕਿ ਸੁਬਰਾਮਨੀਅਮ ਸਵਾਮੀ ਦੇ ਇਸ ਬਿਆਨ ਨੇ ਪੰਜਾਬੀਆਂ ਦੇ ਮਨ ਨੂੰ ਡੂੰਘੀ ਠੇਸ ਪਹੁੰਚਾਈ ਹੈ। ਸਮੁੱਚਾ ਸਿੱਖ ਭਾਈਚਾਰਾ ਇਸ ਸਮੇਂ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਉਤਸਵ ਦੇ ਸਮਾਗਮ ਕਰ ਰਿਹਾ ਹੈ ਤਾਂ ਅਜਿਹਾ ਬਿਆਨ ਛੱਡ ਕੇ ਭਾਜਪਾ ਆਗੂ ਨੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਹੈ ਤੇ ਬੇਗਾਨਗੀ ਦਾ ਅਹਿਸਾਸ ਕਰਵਾਇਆ ਹੈ। ਭਾਜਪਾ ਆਗੂ ਤੇ ਸੰਸਦ ਮੈਂਬਰ ਸੁਬਰਾਮਨੀਅਮ ਸਵਾਮੀ ਵੱਲੋਂ ਕਰਤਾਰਪੁਰ ਲਾਂਘਾ ਨਾ ਖੋਲ੍ਹਣ ਦੀ ਵਕਾਲਤ ਕੀਤੇ ਜਾਣ ਮਗਰੋਂ ਸੂਬੇ ਦੀ ਸਿਆਸਤ ਵਿਚ ਜ਼ੋਰਦਾਰ ਹਲਚਲ ਹੋਈ ਹੈ। ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਇਸ ਬਿਆਨ ਦੀ ਕਰੜੀ ਆਲੋਚਨਾ ਕਰਦਿਆਂ ਇਸ ਨੂੰ ਬੇਲੋੜਾ ਅਤੇ ਸਿੱਖ ਵਿਰੋਧੀ ਦੱਸਿਆ ਹੈ।

**ਸਿੱਖ ਬੁੱਧੀਜੀਵੀਆਂ ਵਲੋਂ ਨਿਖੇਧੀ-** ਸਿੱਖ ਬੁੱਧੀਜੀਵੀਆਂ ਨੇ ਭਾਜਪਾ ਦੇ ਸੰਸਦ ਮੈਂਬਰ ਸੁਬਰਾਮਨੀਅਨ ਸਵਾਮੀ ਵੱਲੋਂ ਕਰਤਾਰਪੁਰ ਸਾਹਿਬ ਦੇ ਚਲਦੇ ਲਾਂਘੇ ਦੇ ਕੰਮ ਨੂੰ ਰੋਕਣ ਸਬੰਧੀ ਦਿੱਤੇ ਗਏ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਹੈ। ਸਿੱਖ ਬੁੱਧੀਜੀਵੀਆਂ ਸਾਬਕਾ ਆਈਏਐੱਸ ਗੁਰਤੇਜ ਸਿੰਘ, ਪ੍ਰੋ. ਗੁਰਦਰਸ਼ਨ ਸਿੰਘ ਢਿੱਲੋਂ, ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਦੇ ਪ੍ਰਧਾਨ ਗੁਰਪ੍ਰੀਤ ਸਿੰਘ, ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ, ਰਾਜਿੰਦਰ ਸਿੰਘ (ਖਾਲਸਾ ਪੰਚਾਇਤ) ਅਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਖੁਸ਼ਹਾਲ ਸਿੰਘ ਨੇ ਕਿਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਾਂਘੇ ਬਾਰੇ ਆਪਣਾ ਪੱਖ ਸਪੱਸ਼ਟ ਕਰਨ ਕਿਉਂਕਿ ਗਾਹੇ-ਬਗਾਹੇ ਦਿੱਤੇ ਅਜਿਹੇ ਬਿਆਨ ਸਿੱਖਾਂ ਵਿੱਚ ਦੁਵਿਧਾ ਪੈਦਾ ਕਰਦੇ ਹਨ। ਸਿੱਖ ਬੁੱਧੀਜੀਵੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਯਾਦ ਕਰਵਾਇਆ ਕਿ ਉਨ੍ਹਾਂ ਪਿਛਲੇ ਸਾਲ 22 ਨਵੰਬਰ ਨੂੰ ਆਪਣੀ ਕੈਬਨਿਟ ਮੀਟਿੰਗ ਵਿਚ ਐਲਾਨ ਕੀਤਾ ਸੀ ਕਿ ਗੁਰੂ ਨਾਨਕ ਸਾਹਿਬ ਦੇ ਆਸ਼ੀਰਵਾਦ ਨਾਲ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹ ਗਿਆ ਹੈ ਜਿਹੜਾ ਦੋਹਾਂ ਮੁਲਕਾਂ ਦਰਮਿਆਨ ਪੁਲ ਦਾ ਕੰਮ ਕਰੇਗਾ। ਉਨ੍ਹਾਂ ਯਾਦ ਕਰਵਾਇਆ ਕਿ ਮੋਦੀ ਨੇ ਕੁਝ ਮਹੀਨੇ ਪਹਿਲਾਂ ਪੰਜਾਬ ਤੇ ਰਾਜਸਥਾਨ ਵਿੱਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਕਾਂਗਰਸੀ ਲੀਡਰਾਂ ਨੂੰ ਨਾ ਤਾਂ ਗੁਰੂ ਨਾਨਕ ਦੇਵ ਦੀ ਮਹੱਤਤਾ ਦਾ ਪਤਾ ਸੀ ਅਤੇ ਨਾ ਹੀ ਸਿੱਖਾਂ ਦੀ ਗੁਰੂਆਂ ਪ੍ਰਤੀ ਸ਼ਰਧਾ ਦਾ ਕੋਈ ਖਿਆਲ ਸੀ, ਨਹੀਂ ਤਾਂ ਕਰਤਾਰਪੁਰ ਸਾਹਿਬ ਉਸ ਸਮੇਂ ਹੀ ਭਾਰਤ ਵਾਲੇ ਪਾਸੇ ਹੋ ਜਾਂਦਾ। ਉਨ੍ਹਾਂ ਕਿਹਾ ਕਿ ਇਹੋ ਜਿਹੀਆਂ ਭਾਵਨਾਵਾਂ ਦਾ ਪ੍ਰਗਟਾਵਾ ਭਾਜਪਾ ਆਗੂ ਰਾਜਨਾਥ ਸਿੰਘ ਅਤੇ ਅਮਿਤ ਸ਼ਾਹ ਨੇ ਵੀ ਆਪਣੀਆਂ ਜਨਤਕ ਰੈਲੀਆਂ ਵਿੱਚ ਕਈ ਵਾਰ ਕੀਤਾ ਹੈ। ਸਿੱਖ ਬੁੱਧੀਜੀਵੀਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਵੀ ਪੁਰਜ਼ੋਰ ਨਿਖੇਧੀ ਕਰਦਿਆਂ ਕਿਹਾ ਕਿ ਉਹ ਵੀ ਲਾਂਘੇ ਬਾਰੇ ਦਿੱਤੇ ਗਲਤ ਬਿਆਨ ਕਰਕੇ ਵੀ ਸਿੱਖਾਂ ਅੰਦਰ ਭਰਮ- ਭੁਲੇਖੇ ਪੈਦਾ ਕਰ ਰਹੇ ਹਨ।

**ਕਾਂਗਰਸ ਨੇ ਬਾਦਲ ਦਲ ਤੋਂ ਮੰਗਿਆ ਜਵਾਬ-** ਕਾਂਗਰਸ ਦੇ 10 ਸੀਨੀਅਰ ਆਗੂਆਂ ਨੇ ਕਿਹਾ ਕਿ ਇਸ ਬਿਆਨ ਨਾਲ ਸਿੱਖ ਭਾਈਚਾਰੇ ਨੂੰ ਠੇਸ ਪੁੱਜੀ ਹੈ। ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਭਾਰਤ ਭੂਸ਼ਣ ਆਸ਼ੂ, ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ, ਕੁਲਜੀਤ ਸਿੰਘ ਨਾਗਰਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਫਤਹਿਜੰਗ ਸਿੰਘ ਬਾਜਵਾ, ਬਰਿੰਦਰਮੀਤ ਸਿੰਘ ਪਾਹੜਾ, ਕੁਲਬੀਰ ਸਿੰਘ ਜ਼ੀਰਾ, ਬਲਵਿੰਦਰ ਸਿੰਘ ਲਾਡੀ ਤੇ ਸੰਤੋਖ ਸਿੰਘ ਭਲਾਈਪੁਰ ਨੇ ਭਾਜਪਾ-ਅਕਾਲੀ ਗੱਠਜੋੜ ਨੂੰ ਇਸ ਮਾਮਲੇ 'ਤੇ ਆਪਣਾ ਰੁਖ਼ ਸਪੱਸ਼ਟ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਭਾਜਪਾ ਦਾ ਭਾਈਵਾਲ ਹੋਣ ਦੇ ਬਾਵਜੂਦ ਗੁਰੂ ਘਰਾਂ ਉੱਤੇ ਲਾਇਆ ਜੀਐੱਸਟੀ ਨਹੀਂ ਰੋਕ ਸਕਿਆ ਤੇ ਹੁਣ ਲਾਂਘੇ ਦਾ ਕੰਮ ਰੋਕਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।

**ਸਵਾਮੀ ਵਿਰੁੱਧ ਡਟੇ ਅਕਾਲੀ-** ਸੁਬਰਾਮਨੀਅਮ ਸਵਾਮੀ ਵੱਲੋਂ ਕਰਤਾਰਪੁਰ ਲਾਂਘੇ ਖ਼ਿਲਾਫ਼ ਦਿੱਤੇ ਬਿਆਨ ਦੀ ਸ਼੍ਰੋਮਣੀ ਅਕਾਲੀ ਦਲ ਨੇ ਨਿਖੇਧੀ ਕੀਤੀ ਹੈ। ਅਕਾਲੀ ਦਲ ਨੇ ਭਾਜਪਾ ਦੇ ਲੀਡਰ ਨੂੰ ਮੁਆਫ਼ੀ ਮੰਗਣ ਲਈ ਵੀ ਕਿਹਾ ਹੈ। ਪੰਜਾਬ ਵਿਧਾਨ ਸਭਾ ਵਿੱਚ ਅਕਾਲੀ ਦਲ ਦੀ ਅਗਵਾਈ ਕਰਨ ਵਾਲੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਇਹ ਵਿਚਾਰ ਸਵਾਮੀ ਦੇ ਨਿੱਜੀ ਹੋ ਸਕਦੇ ਹਨ ਨਾ ਕਿ ਭਾਰਤੀ ਜਨਤਾ ਪਾਰਟੀ ਦੇ।

**'ਆਪ' ਨੇ ਕੀਤੀ ਨਿੰਦਾ-** ਆਪ ਪਾਰਟੀ ਪੰਜਾਬ ਦੇ ਵਿਧਾਇਕਾਂ ਪ੍ਰੋ. ਬਲਜਿੰਦਰ



ਕੌਰ, ਰੁਪਿੰਦਰ ਕੌਰ ਰੂਬੀ, ਮਨਜੀਤ ਸਿੰਘ ਬਿਲਾਸਪੁਰ, ਕੁਲਵੰਤ ਸਿੰਘ ਪੰਡੋਰੀ ਤੇ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਬੀਜੇਪੀ ਦੇ ਸੀਨੀਅਰ ਲੀਡਰ ਤੇ ਰਾਜ ਸਭਾ ਮੈਂਬਰ ਸੁਬਰਮਨੀਅਮ ਸਵਾਮੀ ਵੱਲੋਂ ਆਪਣੇ ਪੰਜਾਬ ਦੌਰੇ ਦੌਰਾਨ ਕਰਤਾਰਪੁਰ ਲਾਂਘੇ ਨੂੰ ਬੰਦ ਕੀਤੇ ਜਾਣ ਸਬੰਧੀ ਬਿਆਨ ਦੀ ਸਖ਼ਤ ਨਿੰਦਾ ਕਰਦਿਆਂ ਬੀਜੇਪੀ ਹਾਈਕਮਾਨ ਨੂੰ ਕਿਹਾ ਹੈ ਕਿ ਜਾਂ ਤਾਂ ਪਾਰਟੀ ਆਪਣੇ ਬੇਲਗ਼ਾਮ ਆਗੂ ਤੋਂ ਬਿਆਨ ਵਾਪਸ ਕਰਵਾ ਕੇ ਮੁਆਫ਼ੀ ਮੰਗਵਾਏ ਜਾਂ ਫਿਰ ਉਨ੍ਹਾਂ ਨੂੰ ਪਾਰਟੀ ਵਿੱਚੋਂ ਤੁਰੰਤ ਪ੍ਰਭਾਵ ਨਾਲ ਬਰਖ਼ਾਸਤ ਕਰਕੇ ਬਾਹਰ ਦਾ ਰਸਤਾ ਦਿਖਾਵੇ।

**ਸੀਪੀਆਈ ਵਲੋਂ ਨਿਖੇਧੀ-** ਸੀਪੀਆਈ (ਪੰਜਾਬ) ਦੇ ਸਕੱਤਰ ਬੰਤ ਸਿੰਘ ਬਰਾੜ ਨੇ ਭਾਜਪਾ ਆਗੂ ਦੇ ਬਿਆਨ 'ਤੇ ਟਿੱਪਣੀ ਕਰਦਿਆਂ ਆਖਿਆ ਹੈ ਕਿ ਭਾਜਪਾ ਆਗੂ ਦਾ ਇਸ ਨੂੰ ਬੰਦ ਕਰਨ ਬਾਰੇ ਬਿਆਨ ਦੇਣਾ ਮੰਦਭਾਗਾ ਅਤੇ ਨਿੰਦਣਯੋਗ ਹੈ।

**ਸਿੱਖ ਜਥੇਬੰਦੀਆਂ ਨੇ ਖੋਲ੍ਹਿਆ ਮੋਰਚਾ-** ਭਾਜਪਾ ਦੇ ਸੀਨੀਅਰ ਆਗੂ ਸੁਬਰਾਮਨੀਅਮ ਸਵਾਮੀ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਨਿਰਮਾਣ ਨੂੰ ਰੋਕਣ ਦੀ ਕੀਤੀ ਵਕਾਲਤ ਦਾ ਸਿੱਖ ਜਥੇਬੰਦੀਆਂ, ਅਕਾਲ ਤਖ਼ਤ ਸਾਹਿਬ, ਦਮਦਮੀ ਟਕਸਾਲ, ਸੰਤ ਸਮਾਜ ਅਤੇ ਦਲ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ ਟਕਸਾਲੀ ਆਦਿ ਸਿੱਖ ਜਥੇਬੰਦੀਆਂ ਨੇ ਸਖ਼ਤ ਵਿਰੋਧ ਕੀਤਾ ਹੈ।

ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਭਾਜਪਾ ਆਗੂ ਦੇ ਬਿਆਨ ਦੀ ਨਿਖੇਧੀ ਕਰਦਿਆਂ ਆਖਿਆ ਕਿ ਅਜਿਹੀ ਬਿਆਨਬਾਜ਼ੀ ਉਚਿਤ ਨਹੀਂ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਆਖਿਆ ਕਿ ਬੇਲੋੜੀ ਬਿਆਨਬਾਜ਼ੀ ਨਾਲ ਸਿੱਖਾਂ ਦੀ ਸਾਖ਼ ਨੂੰ ਢਾਹ ਲਾਉਣ ਦਾ ਯਤਨ ਨਾ ਕੀਤਾ ਜਾਵੇ। ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਆਖਿਆ ਕਿ ਸੁਬਰਾਮਨੀਅਮ ਸਵਾਮੀ ਦਾ ਬਿਆਨ ਗ਼ੈਰ-ਜ਼ਿੰਮੇਵਾਰਾਨਾ ਅਤੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਨਿਰਮਾਣ ਰੋਕਣ ਦਾ ਬਿਆਨ ਤੇ ਗੁਆਂਢੀ ਮੁਲਕ ਪ੍ਰਤੀ ਨਫ਼ਰਤ ਵਾਲੀ ਭਾਸ਼ਾ ਬੇਲੋੜਾ ਤੇ ਅਣਉਚਿਤ ਬਿਆਨ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਵੱਲੋਂ ਕਰਤਾਰਪੁਰ ਲਾਂਘੇ ਦੀ ਉਸਾਰੀ ਰੋਕਣ ਦੀ ਵਕਾਲਤ ਨਾਲ ਅਸਹਿਮਤੀ ਦਾ ਪ੍ਰਗਟਾਵਾ ਕੀਤਾ ਹੈ।

**ਪਾਕਿਸਤਾਨ ਖੁੱਲ੍ਹੇ ਲਾਂਘੇ ਲਈ ਤਿਆਰ-** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਇਕ ਸੀਨੀਅਰ ਸਹਾਇਕ ਨੇ ਕਿਹਾ ਹੈ ਕਿ ਭਾਰਤ ਨਾਲ ਰਿਸ਼ਤਿਆਂ ਵਿਚ ਤਣਾਅ ਦੇ ਬਾਵਜੂਦ ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਪਾਕਿ ਸਿੱਖ ਸ਼ਰਧਾਲੂਆਂ ਲਈ ਕਰਤਾਰਪੁਰ ਲਾਂਘਾ ਯੋਜਨਾ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਭਾਰਤੀ ਕਸਬੇ ਡੇਰਾ ਬਾਬਾ ਨਾਨਕ ਨੂੰ ਕਰਤਾਰਪੁਰ ਸਾਹਿਬ (ਪਾਕਿ) ਨਾਲ ਜੋੜਨ ਵਾਲੇ ਲਾਂਘੇ ਸਬੰਧੀ ਟਵੀਟ ਕਰਦਿਆਂ ਪਾਕਿ ਪ੍ਰਧਾਨ ਮੰਤਰੀ ਦੀ ਸਹਾਇਕ ਫ਼ਿਰਦੌਸ ਆਸ਼ਿਕ ਅਵਾਨ ਨੇ ਕਿਹਾ ਕਿ ਕਰਤਾਰਪੁਰ ਸਿੱਖਾਂ ਲਈ ਪਵਿੱਤਰ ਸਥਾਨ ਹੈ ਧਾਰਮਿਕ ਸਦਭਾਵਨਾ ਦੀ ਉੱਤਮ ਮਿਸਾਲ ਹੈ। ਉਨ੍ਹਾਂ ਇਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਕਿ ਪਾਕਿ ਨੇ ਭਾਰਤ ਨਾਲ ਸਬੰਧਾਂ ਵਿਚ ਤਾਜ਼ਾ ਤਣਾਅ ਕਾਰਨ ਲਾਂਘੇ ਦੇ ਕੰਮ ਰੋਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ-ਪਾਕਿ ਸਬੰਧਾਂ ਵਿਚ ਤਣਾਅ ਦੇ ਬਾਵਜੂਦ ਦਰਬਾਰ ਸਾਹਿਬ ਕਰਤਾਰਪੁਰ ਦੀ ਯਾਤਰਾ ਕਰਨ ਵਾਲੇ ਸਿੱਖ ਸ਼ਰਧਾਲੂਆਂ ਲਈ ਉਨ੍ਹਾਂ ਦੇ ਵਤਨ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ।

**ਪਾਕਿ ਵੱਲੋਂ ਮੁੱਖ ਪੁਲ ਬਣਾਉਣ ਦਾ ਕੰਮ ਸ਼ੁਰੂ-** ਪਹਿਲੀ ਪਾਤਸ਼ਾਹੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਨਵੰਬਰ ਵਿੱਚ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਦੋਵਾਂ ਦੇਸ਼ਾਂ ਵੱਲੋਂ ਨਿਰਮਾਣ ਕਾਰਜ ਹੁਣ ਜੰਗੀ ਪੱਧਰ 'ਤੇ ਕੀਤੇ ਜਾ ਰਹੇ ਹਨ। ਡੇਰਾ ਬਾਬਾ ਨਾਨਕ ਨੇੜੇ ਕੰਡਿਆਲੀ ਤਾਰ ਕੋਲ ਸਥਿਤ ਧੁੱਸੀ ਬੰਨ੍ਹ 'ਤੇ ਭਾਰਤ ਵਾਲੇ ਪਾਸੇ ਜਿੱਥੇ ਨਿਰਮਾਣ ਕੰਪਨੀ ਸੰਗਤਾਂ ਲਈ ਮੁੱਖ ਪੁਲ ਨੂੰ ਜਲਦ ਮੁਕੰਮਲ ਕਰਨ ਲਈ ਵੱਡੇ ਪੱਧਰ 'ਤੇ ਲੱਗੀ ਹੋਈ ਹੈ, ਉਥੇ ਪਾਕਿਸਤਾਨ ਵਾਲੇ ਪਾਸੇ ਵੀ ਇਹੋ ਰਸਤਾ ਬਣਾਉਣ ਲਈ ਨਿਰਮਾਣ ਕਾਰਜ ਕੀਤੇ ਜਾ ਰਹੇ ਹਨ।

ਜਾਣਕਾਰ ਸੂਤਰ ਦੱਸਦੇ ਕਿ ਕਰਤਾਰਪੁਰ ਲਾਂਘੇ ਸਬੰਧੀ ਪਾਕਿਸਤਾਨ ਨੇ ਭਾਰਤ-ਪਾਕਿ ਦੀ ਕੌਮਾਂਤਰੀ ਸਰਹੱਦ 'ਤੇ ਬੀਤੇ ਦਿਨ ਦੋਵਾਂ ਦੇਸ਼ਾਂ ਨੂੰ ਜੋੜਨ ਵਾਲਾ 235 ਮੀਟਰ ਲੰਬਾ ਪੁਲ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਇਸੇ ਪੁਲ ਤੋਂ ਸੰਗਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣਗੀਆਂ। ਇਹ ਕਾਰਜ 31 ਅਕਤੂਬਰ ਤੱਕ ਮੁਕੰਮਲ ਹੋ ਜਾਣਗੇ।

## ਭਾਜਪਾ ਦੀ ਕਦਮ-ਤਾਲ, ਬੇਵਸ ਵਿਰੋਧੀ ਧਿਰ ਅਤੇ ਨਿਰਾਸ਼ ਲੋਕ

**ਗੁਰਮੀਤ ਸਿੰਘ ਪਲਾਹੀ**

ਮੋਦੀ ਸਰਕਾਰ ਦੀ ਦੂਜੀ ਪਾਰੀ ਵਿੱਚ ਮੋਦੀ-ਸ਼ਾਹ ਜੋੜੀ ਨੇ ਜਿਸ ਆਤਮ-ਵਿਸ਼ਵਾਸ ਅਤੇ ਹਮਲਾਵਰ ਰੁਖ ਨਾਲ ਪਹਿਲਾਂ ਤਿੰਨ ਤਲਾਕ ਬਿੱਲ ਕਨੂੰਨ ਬਣਾਇਆ ਅਤੇ ਫਿਰ ਰਾਜ ਸਭਾ ਵਿੱਚ ਭਾਜਪਾ ਦਾ ਬਹੁਮਤ ਨਾ ਹੁੰਦਿਆਂ ਹੋਇਆਂ ਵੀ ਕਸ਼ਮੀਰ ਵਿੱਚੋਂ ਧਾਰਾ 370 ਅਤੇ 35-ਏ ਖ਼ਤਮ ਕਰਨ ਦਾ ਕਨੂੰਨ ਵਿਰੋਧੀ ਧਿਰ ਵਿਚ ਭੰਨ-ਤੋੜ ਕਰਕੇ ਪਾਸ ਕਰਵਾ ਲਿਆ, ਉਹ ਭਾਰਤ ਦੀ ਵਿਰੋਧੀ ਧਿਰ ਲਈ ਸ਼ਰਮਨਾਕ ਸੀ। ਜਾਪਦਾ ਹੈ ਜਿਵੇਂ ਵਿਰੋਧੀ ਧਿਰ ਢਹਿ ਰਹੀ ਹੈ। ਮੋਦੀ-2 ਸਰਕਾਰ, ਅਮਿਤ ਸ਼ਾਹ ਅਤੇ ਉਸਦੀ ਹੋਮ ਮਨਿਸਟਰੀ ਰਾਹੀਂ, ਭਾਜਪਾ ਦੇ ਬੁਨਿਆਦੀ ਏਜੰਡੇ ਨੂੰ ਹਕੀਕਤ ਵਿੱਚ ਬਦਲਣ ਲਈ ਯਤਨਸ਼ੀਲ ਹੈ। ਤਿੰਨ ਤਲਾਕ ਇਸ ਦਿਸ਼ਾ ਵਿੱਚ ਪਹਿਲਾ ਕਦਮ ਸੀ, ਕਸ਼ਮੀਰ ਵਿਚੋਂ ਧਾਰਾ-370 ਅਤੇ 35-ਏ ਖ਼ਤਮ ਕਰਨਾ ਦੂਜਾ ਕਦਮ ਰਿਹਾ। ਤੇ ਹੁਣ ਕੀ ਭਾਜਪਾ ਦੇ ਏਜੰਡੇ ਵਿਚ ਖਾਸ ਥਾਂ ਰੱਖਦੇ ਅਯੁੱਧਿਆ ਵਿੱਚ ਰਾਮ ਮੰਦਰ ਦੇ ਨਿਰਮਾਣ ਨੂੰ ਟਾਲਿਆ ਜਾ ਸਕਦਾ ਹੈ ਜਾਂ ਰੋਕਿਆ ਜਾ ਸਕਦਾ ਹੈ ? ਉਸ ਵੇਲੇ ਜਦੋਂ ਭਾਜਪਾ, ਰਾਜ ਸਭਾ ਵਿੱਚ ਆਪਣੇ ਬਲਬੂਤੇ ਰਾਜ ਸਭਾ ਵਿੱਚ ਬਹੁਮਤ ਹਾਸਲ ਕਰ ਲਵੇਗੀ, ਕੀ ਭਾਜਪਾ ਦੇਸ਼ ਨੂੰ ਸੰਘ ਪਰਿਵਾਰ ਦੇ ਏਜੰਡੇ ਨੂੰ ਲਾਗੂ ਕਰਨ ਲਈ ਹਿੰਦੂ ਰਾਸ਼ਟਰ ਬਨਾਉਣ ਵੱਲ ਕਦਮ ਨਹੀਂ ਪੁੱਟੇਗੀ ? ਕਾਂਗਰਸ ਦਾ ਤਾਂ ਹੁਣ ਬੁਰਾ ਹਾਲ ਹੋ ਰਿਹਾ ਹੈ, ਜਿਹੜੀ 2004 ਅਤੇ 2009 'ਚ ਕਮਜ਼ੋਰ ਤਾਂ ਹੋ ਚੁੱਕੀ ਸੀ, ਪਰ ਰਾਜ ਭਾਗ ਲਈ ਜੋੜ-ਤੋੜ ਕਰਦੀ ਰਹੀ। ਪਰ 2014 ਦੀਆਂ ਚੋਣਾਂ ਵਿਚ ਮਸਾਂ 44 ਲੋਕ ਸਭਾ ਸੀਟਾਂ ਜਿੱਤ ਸਕੀ ਅਤੇ 2019 ਵਿਚ ਵੀ ਉਹ ਚੰਗੀ ਕਾਰਗੁਜ਼ਾਰੀ ਨਾ ਦਿਖਾ ਸਕੀ। ਉੱਤਰੀ ਭਾਰਤ ਵਿੱਚ ਭਾਜਪਾ ਨੇ ਫੰਨ ਫੈਲਾ ਲਿਆ ਹੈ। ਦੱਖਣੀ ਭਾਰਤ ਵਿੱਚ ਉਸਦਾ ਦਬ-ਦਬਾ ਵਧਦਾ ਜਾ ਰਿਹਾ ਹੈ। ਟੀ.ਆਰ.ਐਸ., ਬੀਜਦ, ਅੰਨਾ. ਡੀ.ਐਮ.ਕੇ., ਵਾਈ.ਆਰ..ਐਸ. ਕਾਂਗਰਸ ਪਾਰਟੀਆਂ ਨੂੰ ਭਾਜਪਾ ਆਪਣੀ ਧਿਰ ਨਾਲ ਜੋੜਨ ਵਿਚ ਕਾਮਯਾਬ ਹੋ ਚੁੱਕੀ ਹੈ। ਬਹੁਤੇ ਖੇਤਰੀ ਦਲ, ਕੇਂਦਰ ਸਰਕਾਰ ਦੇ ਨਾਲ ਹੋਕੇ ਇਸ ਲਈ ਤੁਰਨਾ ਚਾਹੁੰਦੇ ਹਨ ਕਿ ਉਹਨਾਂ ਨੂੰ ਆਪਣੀ ਸਰਕਾਰ ਚਲਾਉਣ ਲਈ ਮੋਦੀ-ਸ਼ਾਹ ਜੋੜੀ ਤੋਂ ਧਨ ਮਿਲਦਾ ਰਹੇ। ਉਂਜ ਵੀ ਉਹ ਡਰਦੇ ਹਨ ਕਿ ਉਹਨਾ ਦੇ ਨੇਤਾਵਾਂ ਉਤੇ ਕੇਂਦਰ ਸਰਕਾਰ ਦੀ ਆਈ.ਡੀ., ਸੀ.ਬੀ.ਆਈ., ਆਮਦਨ ਕਰ ਵਿਭਾਗ ਆਪਣਾ ਹੰਟਰ ਲੈਕੇ ਉਹਨਾ ਨੂੰ ਹੈਰਾਨ-ਪ੍ਰੇਸ਼ਾਨ ਨਾ ਕਰੇ। ਭਾਜਪਾ ਦੀ 2014 ਅਤੇ 2019 ਵਿਚ ਲਗਾਤਾਰ ਜਿੱਤ ਅਤੇ ਬਹੁਤੇ ਸੂਬਿਆਂ 'ਚ ਪਸਾਰਾ ਭਾਰਤੀ ਰਾਜਨੀਤੀ ਵਿਚ ਬਦਲਾਅ ਦਾ ਸੰਕੇਤ ਹੈ।

ਭਾਜਪਾ ਦੀ ਚੜ੍ਹਤ, ਭਾਰਤੀ ਰਾਜਨੀਤੀ ਵਿਚ, ਕਾਂਗਰਸ ਦੀ ਸਮੁੱਚੇ ਭਾਰਤ ਵਿਚ ਫੈਲਾਅ ਦੀ ਸਮਾਪਤੀ ਦਰਸਾਉਂਦੀ ਹੈ। ਭਾਰਤ ਦੀ ਰਾਜਨੀਤੀ ਵਿਚ ਖੱਬੇ ਦਲ ਹਾਸ਼ੀਏ 'ਤੇ ਜਾ ਚੁੱਕੇ ਹਨ। ਪੱਛਮੀ ਬੰਗਾਲ ਵਿਚ ਖੱਬੇ ਪੱਖੀ ਰਾਜ ਦੇ ਖ਼ਾਤਮੇ ਨੇ ਖੱਬੇ ਪੱਖੀ ਦਲਾਂ ਦਾ ਦੇਸ਼ ਵਿੱਚ ਪ੍ਰਭਾਵ ਘਟਾਇਆ ਹੈ। ਇੰਜ ਦੇਸ਼ ਅੱਜ ਰਾਸ਼ਟਰਵਾਦੀ ਧਰੁਵੀਕਰਨ ਵੱਲ ਵਧਦਾ ਨਜ਼ਰ ਆ ਰਿਹਾ ਹੈ। ਸੰਸਦ ਵਿੱਚ ਵਿਰੋਧੀ ਧਿਰ ਚਿੱਤ ਹੋ ਰਹੀ ਹੈ, ਭਾਜਪਾ ਵਿਰੋਧੀ ਆਵਾਜ਼ ਨੂੰ ਲਗਾਤਾਰ ਦਬ ਰਹੀ ਹੈ ਅਤੇ ਮਨ ਚਾਹੇ ਬਿੱਲ ਪਾਸ ਕਰਵਾ ਰਹੀ ਹੈ। ਜਿਵੇਂ ਕਿ ਉਸਨੇ ਸੂਚਨਾ ਦਾ ਅਧਿਕਾਰ ਕਾਨੂੰਨ ਵਿਚ ਸੋਧ ਕਰਕੇ, ਇਸ ਨੂੰ ਕਮਜ਼ੋਰ ਕਰਨਾ ਅਤੇ ਐਨ.ਆਈ.ਏ. ਨੂੰ ਲੋੜੋਂ ਵੱਧ ਅਧਿਕਾਰ ਦੇਣਾ ਆਦਿ ਬਿੱਲ ਲੋਕ ਸਭਾ, ਰਾਜ ਸਭਾ ਵਿਚ ਪਾਸ ਕਰਵਾ ਲਏ ਗਏ। ਲੋਕ ਸਭਾ ਵਿਚ ਬਹੁਮਤ ਪ੍ਰਾਪਤ ਕਰਨ ਉਪਰੰਤ, ਰਾਜ ਸਭਾ ਵਿਚ ਬਹੁਮਤ ਪ੍ਰਾਪਤ ਕਰਨ ਲਈ ਭਾਜਪਾ ਵਲੋਂ ਹਰ ਹੀਲਾ ਵਰਤਿਆ ਜਾ ਰਿਹਾ ਹੈ। ਵਿਰੋਧੀ ਧਿਰ ਦੇ ਰਾਜ ਸਭਾ ਮੈਂਬਰਾਂ ਤੋਂ ਅਸਤੀਫ਼ਾ ਦੁਆਕੇ, ਉਹਨਾ ਨੂੰ ਆਪਣੀ ਪਾਰਟੀ ਵਿਚ ਸ਼ਾਮਲ ਕਰਕੇ, ਉਸੇ ਸੀਟ ਉਤੇ ਆਪਣੇ ਸ਼ਾਸ਼ਤ ਸੂਬਿਆਂ ਤੋਂ ਉਮੀਦਵਾਰ ਬਣਾ ਕੇ ਮੁੜ ਆਪਣੀ ਧਿਰ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ।

ਵਿਰੋਧੀ ਧਿਰ ਦੀਆਂ ਸੂਬਿਆਂ ਵਿਚਲੀਆਂ ਸਰਕਾਰਾਂ ਤੋੜਕੇ ਉਹਨਾ ਦੇ ਵਿਧਾਇਕ ਸਾਮ-ਦਾਮ-ਦੰਡ ਦੇ ਫਾਰਮੂਲੇ ਨਾਲ ਭਾਜਪਾ ਵਿਚ ਸ਼ਾਮਲ ਕੀਤੇ ਜਾ ਰਹੇ ਹਨ ਅਤੇ ਆਪਣੀਆਂ ਸਰਕਾਰਾਂ ਉਥੇ ਸਥਾਪਿਤ ਕੀਤੀਆਂ ਜਾ ਰਹੀਆਂ ਹਨ। ਭਾਜਪਾ ਵਲੋਂ ਅਪਣਾਈ 'ਫੁਟ ਪਾਉ ਤੇ ਰਾਜ ਕਰੋ' ਦੀ ਨੀਤੀ ਤਹਿਤ ਕਰਨਾਟਕ ਵਿੱਚ ਕਾਂਗਰਸ ਜੀ.ਡੀ.ਐਸ. ਸਰਕਾਰ, ਵਿਧਾਇਕਾਂ ਦੀ ਤੋੜ-ਫੋੜ ਕਰਕੇ ਡੇਗ ਦਿੱਤੀ ਗਈ। ਭਾਜਪਾ ਸਮੂਹਿਕ ਰੂਪ ਵਿੱਚ ਜਾਂ ਇੱਕਾ-ਦੁਕਾ ਵਿਰੋਧੀ ਵਿਧਾਇਕਾਂ/ ਸਾਂਸਦਾਂ ਨੂੰ ਆਪੋ-ਆਪਣੀਆਂ ਪਾਰਟੀਆਂ ਤੋਂ ਅੱਲਗ ਕਰਨ ਦੇ ਰਸਤੇ 'ਤੇ ਹੈ। ਗੋਆ ਵਿੱਚ ਕਾਂਗਰਸ ਦੇ 15 ਵਿਧਾਇਕਾਂ ਵਿੱਚ 10 ਵਿਧਾਇਕ (ਦੋ ਤਿਹਾਈ) ਭਾਜਪਾ ਵਿਚ ਸ਼ਾਮਲ ਹੋ ਗਏ। ਤ੍ਰਿਮੂਲ ਕਾਂਗਰਸ, ਤੇਲਗੂ ਦੇਸ਼ਮ, ਤੇ ਰਾਸ਼ਟਰਵਾਦੀ ਕਾਂਗਰਸ ਦੇ ਵਿਧਾਇਕ ਭਾਜਪਾ ਦੇ ਖੇਮੇ ਵਿਚ ਚਲੇ ਗਏ। ਸਮਾਜਵਾਦੀ ਪਾਰਟੀ ਦੇ ਨੀਰਜ ਸ਼ੇਖਰ, ਕਾਂਗਰਸ ਦੇ ਸੰਜੇ ਸਿੰਘ, ਰਾਜ ਸਭਾ ਤੋਂ ਅਸਤੀਫ਼ੇ ਦੇ ਗਏ। ਭਾਜਪਾ ਵਿਚ ਸ਼ਾਮਲ ਹੋ ਗਏ। ਉਹ ਦੋਵੇਂ ਭਾਜਪਾ ਟਿਕਟ 'ਤੇ ਲੜਨਗੇ ਅਤੇ ਭਾਜਪਾ ਦੀ ਰਾਜ ਸਭਾ ਵਿਚ ਗਿਣਤੀ ਵਧਾਉਣਗੇ। ਬੰਗਾਲ ਵਿੱਚ ਤ੍ਰਿਮੂਲ ਕਾਂਗਰਸ, ਪੰਜਾਬ, ਰਾਜਸਥਾਨ, ਮੱਧ ਪ੍ਰਦੇਸ਼ ਵਿੱਚੋਂ ਕਾਂਗਰਸ ਦੇ ਰਾਜ ਦਾ ਖ਼ਾਤਮਾ ਤਾਂ ਉਸ ਦੇ ਏਜੰਡੇ ਉਤੇ ਹੈ ਹੀ, ਪਰ ਪੰਜਾਬ ਵਿੱਚ ਆਉਣ ਵਾਲੀ ਚੋਣ ਤੱਕ ਉਹ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲੋਂ ਤੋੜ-ਵਿਛੋੜਾ ਕਰਕੇ, ਚਰਚਾ ਹੈ ਕਿ ਸਿੱਖ ਚਿਹਰਿਆਂ ਨੂੰ ਅਗੇ ਲਿਆਕੇ, ਉਹ ਪੰਜਾਬ 'ਚ ਆਪਣਾ ਮੁੱਖ ਮੰਤਰੀ ਬਣਾਕੇ ਰਾਜ ਕਰਨ ਦੀ ਚਾਹਵਾਨ ਵੀ ਹੈ। ਇਹੋ ਕਾਰਨ ਹੈ ਕਿ ਉਸ ਵਲੋਂ ਪੰਜਾਬ ਵਿਚ ਵੱਡੀ ਪੱਧਰ 'ਤੇ ਮੈਂਬਰਸ਼ਿਪ ਭਰਤੀ ਕੀਤੀ ਜਾ ਰਹੀ ਹੈ ਅਤੇ ਅਕਾਲੀਆਂ ਨਾਲੋਂ ਤੋੜ-ਵਿਛੋੜਾ ਕਰਨ ਲਈ ਹੁਣੇ ਤੋਂ ਹੀ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਅੱਧੀਆਂ ਸੀਟਾਂ ਉਤੇ ਦਾਵੇਦਾਰੀ ਪੇਸ਼ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਇਸੇ ਸਾਲ ਹੋਣ ਵਾਲੀਆਂ ਹਰਿਆਣਾ, ਮਹਾਂਰਾਸ਼ਟਰ ਅਤੇ ਅਗਲੇ ਸਾਲ ਵਿਚ ਸ਼ੁਰੂ ਹੋਣ ਵਾਲੀਆਂ ਝਾਰਖੰਡ ਅਤੇ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਭਾਜਪਾ ਹਰ ਹੀਲੇ ਜਿੱਤਣ ਲਈ ਯਤਨਸ਼ੀਲ਼ ਰਹੇਗੀ।

ਕਿਰਪਾਲ ਸਿੰਘ



# ਸ਼ੇਰੇ ਪੰਜਾਬ ਦੀ ਬਹਾਦਰੀ ਤੋਂ ਅਫਗਾਨਿਸਤਾਨ ਕੰਬਿਆ

ਜਦੋਂ ਅਸੀਂ ਬੀਤੇ ਅਤੇ ਚੱਲ ਰਹੇ ਸਮਿਆਂ ਦੌਰਾਨ ਹੋਣ ਵਾਲੀਆਂ ਘਟਨਾਵਾਂ ਦਰਮਿਆਨ ਕੋਈ ਸਮਾਨਤਾ ਦੇਖਦੇ ਹਾਂ ਤਾਂ ਅਕਸਰ ਅਸੀਂ ਇਹ ਕਹਿ ਦਿੰਦੇ ਹਾਂ ਕਿ ਇਤਿਹਾਸ ਕਦੇ ਨਾ ਕਦੇ ਆਪਣਾ ਆਪ ਜ਼ਰੂਰ ਦੁਹਰਾਉਂਦਾ ਹੈ। ਸਮੇਂ ਦੇ ਫਰਕ ਅਨੁਸਾਰ ਇਤਿਹਾਸਕ ਪਾਤਰ ਅਤੇ ਮੰਜ਼ਰ ਬਦਲ ਜਾਂਦੇ ਹਨ। ਜਿੱਤਣ ਅਤੇ ਹਾਰਨ ਵਾਲੇ ਨਾਇਕ ਵੀ ਹੋਰ ਹੁੰਦੇ ਹਨ। ਅੱਜ ਜਿਨ੍ਹਾਂ ਅਫ਼ਗਾਨ ਅਤੇ ਪਾਕਿਸਤਾਨੀ ਕਬਾਇਲੀ ਇਲਾਕਿਆਂ ਵਿਚ ਅਮਰੀਕੀ ਫ਼ੌਜਾਂ ਵੱਲੋਂ ਤਾਲਿਬਾਨ ਮੁਜਾਹਦੀਨਾਂ ਖਿਲਾਫ ਜੰਗ ਲੜੀ ਜਾ ਰਹੀ ਹੈ, ਉਥੇ ਅੱਜ ਤੋਂ ਤਕਰੀਬਨ ਪੌਣੇ ਦੋ ਸੌ ਸਾਲ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਮੁਸਲਿਮ ਜਿਹਾਦੀ ਕਬਾਇਲੀਆਂ ਵਿਰੁੱਧ ਦਸ ਸਾਲ ਲਗਾਤਾਰ ਲੜਾਈ ਲੜੀ ਸੀ। ਉਦੋਂ ਕਬਾਇਲੀਆਂ ਦਾ ਨਾਇਕ ਸਈਅਦ ਅਹਿਮਦ ਉਰਫ ਮੀਰ ਅਹਿਮਦ ਬਰੇਲਵੀ ਸੀ ਜੋ ਜੰਗ ਦੇ ਮੈਦਾਨ ਵਿਚ ਪੇਸ਼ਾਵਰ ਨੇੜੇ ਆਪਣੀ ਜਾਨ ਦੀ ਬਾਜ਼ੀ ਲਾ ਗਿਆ ਸੀ। ਅੱਜ ਉਸਾਮਾ ਬਿਨ ਲਾਦਿਨ ਹੋਇਆ ਹੈ ਜੋ ਕਿ ਪਿੱਛੇ ਜਿਹੇ ਇਕ ਗੁਪਤ ਅਮਰੀਕਨ ਫ਼ੌਜੀ ਐਕਸ਼ਨ ਵਿਚ ਪਾਕਿਸਤਾਨ ਦੇ ਇਕ ਸ਼ਹਿਰ ਵਿਚ ਬਿਨਾਂ ਲੜਿਆਂ ਹੀ ਮਾਰਿਆ ਗਿਆ। ਅਜੋਕੀ ਇਤਿਹਾਸਕ ਘਟਨਾਵਲੀ ਤਾਂ ਅਸੀਂ ਅੱਖੀਂ ਡਿੱਠੀ ਹੈ, ਆਓ ਤੁਹਾਨੂੰ ਬੀਤੇ ਸਮਿਆਂ ਦੇ ਅਫ਼ਗਾਨ ਕਬਾਇਲੀ ਨਾਇਕ ਬਾਬਤ ਇਤਿਹਾਸ ਦੇ ਪੰਨਿਆਂ ਤੋਂ ਜਾਣੂ ਕਰਵਾਈਏ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗਾਨ ਸ਼ਾਸਤ ਕਸ਼ਮੀਰ, ਪਿਸ਼ਾਵਰ ਅਤੇ ਮੁਲਤਾਨ ਵਿੱਚੋਂ ਉਨ੍ਹਾਂ ਦੀ ਰਾਜ ਸੱਤਾ ਖਤਮ ਕਰਕੇ ਖ਼ਾਲਸਈ ਹਕੂਮਤ ਕਾਇਮ ਕੀਤੀ, ਉਦੋਂ ਸਿੱਖਾਂ ਦੀ ਬਹਾਦਰੀ ਅਤੇ ਚੜ੍ਹਤ ਦੇ ਡੰਕੇ ਸਾਰੇ ਹਿੰਦੁਸਤਾਨ ਵਿਚ ਵੱਜਣ ਲੱਗੇ ਸਨ। ਸਿੱਖਾਂ ਹੱਥੋਂ ਮੁਸਲਿਮ ਸ਼ਾਸਤ ਰਿਆਸਤਾਂ ਦੀਆਂ ਲਗਾਤਾਰ ਲੱਕ-ਤੋੜਵੀਆਂ ਸ਼ਿਕਸਤਾਂ ਨੇ ਰੂੜੀਵਾਦੀ ਮੁਸਲਿਮ ਮਾਨਸਿਕਤਾ ਦੇ ਦਿਲੋ-ਦਿਮਾਗ ਉਪਰ ਗਹਿਰਾ ਅਸਰ ਕੀਤਾ। ਸੈਂਕੜੇ ਸਾਲਾਂ ਤੋਂ ਵਿਚਰ ਰਹੇ ਹਕੂਮਤੀ ਅਤੇ ਹੈਂਕੜਬਾਜ਼ ਕਬੀਲਿਆਂ ਨੂੰ ਹੁਣ ਮਹਾਰਾਜਾ ਰਣਜੀਤ ਸਿੰਘ ਦੇ ਹਲੇਮੀ ਰਾਜ ਦੇ ਮਾਹੌਲ ਵਿਚ ਵੀ ਗੁਲਾਮੀ ਦਾ ਅਹਿਸਾਸ ਹੋਣ ਲੱਗਾ ਸੀ, ਕਿਉਂਕਿ ਹੁਣ ਉਹ ਹਿੰਦੁਸਤਾਨ ਦੀ ਸਿਆਸੀ ਅਲੰਬਰਦਾਰੀ ਤੋਂ ਬਾਹਰ ਹੋ ਚੁੱਕੇ ਸਨ ਅਤੇ ਗੈਰ-ਮੁਸਲਿਮ ਕੌਮਾਂ ਉੱਤੇ ਉਨ੍ਹਾਂ ਦਾ ਦਬਦਬਾ ਖਤਮ ਹੋ ਗਿਆ ਸੀ। ਉਹ ਆਪਣੀ ਹਾਰ ਦਾ ਅਸਲ ਕਾਰਨ ਸਿੱਖਾਂ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਮੰਨਦੇ ਸਨ। ਸਤਲੁਜ ਅਤੇ ਯਮਨਾ ਦਰਿਆਵਾਂ ਦਰਮਿਆਨ ਇਲਾਕਿਆਂ ਨੂੰ ਛੱਡ ਕੇ ਗੰਗਾ ਯਮਨਾ ਦੁਆਬ ਦੇ ਖਿੱਤੇ 'ਚ ਸਾਬਕਾ ਮੁਸਲਿਮ ਸ਼ਾਸਕ ਅਤੇ ਮੁਲਾਣੇ ਤਾਂ ਆਪਣੀ ਰਾਜ-ਸ਼ਕਤੀ ਖੁੱਸਣ ਦਾ ਦੋਸ਼ ਅੰਗਰੇਜ਼ਾਂ ਦੀ ਬਜਾਏ ਸਿੱਖਾਂ ਅਤੇ ਮਹਾਰਾਜਾ ਰਣਜੀਤ ਸਿੰਘ ਉਪਰ ਮੜ੍ਹਦੇ ਸਨ। ਇਸ ਤਰ੍ਹਾਂ ਦੀ ਮਾਨਸਿਕਤਾ ਦੇ ਮਾਹੌਲ ਤੋਂ ਫਾਇਦਾ ਉਠਾਉਂਦਿਆਂ ਬਰੇਲੀ ਦੇ ਇਕ ਵਿਅਕਤੀ ਮੀਰ ਅਹਿਮਦ ਉਰਫ ਸਈਅਦ ਅਹਿਮਦ ਬਰੇਲਵੀ ਨੇ ਸਿੱਖਾਂ ਖਿਲਾਫ ਜਹਾਦ ਦਾ ਨਾਅਰਾ ਮਾਰਦਿਆਂ ਅਤੇ ਉਨ੍ਹਾਂ ਦਾ ਗੁਆਚਾ ਮਾਣ ਸਨਮਾਨ ਅਤੇ ਰਾਜਨੀਤਕ ਰੁਤਬਾ ਅਤੇ ਦਬਦਬਾ ਦੁਬਾਰਾ ਬਹਾਲ ਕਰਨ ਦਾ ਵਾਅਦਾ ਕਰਦਿਆਂ ਖੁਦ ਨੂੰ ਖੁਦਾ ਦਾ ਪੈਗੰਬਰ ਹੋਣ ਦਾ ਐਲਾਨ ਕਰ ਦਿੱਤਾ ਅਤੇ ਕਈ ਚਮਤਕਾਰੀ ਤਾਕਤਾਂ ਰੱਖਣ ਦਾ ਦਾਅਵਾ ਵੀ ਕਰਨ ਲੱਗਾ। ਇਸ ਦੇ ਚਲਦਿਆਂ ਉਸ ਨੇ ਇਕ ਨਵਾਂ ਮੁਸਲਿਮ ਵਹਾਬੀ ਮੱਤ ਸਥਾਪਤ ਕੀਤਾ। ਇਕ ਦੋ ਸਾਲਾਂ ਵਿਚ ਹੀ ਯੂ.ਪੀ. ਅਤੇ ਆਸ-ਪਾਸ ਦੇ ਸੈਂਕੜੇ ਰੂੜੀਵਾਦੀ ਮੁਸਲਮਾਨ ਉਸ ਦੇ ਮਗਰ ਲੱਗ ਗਏ ਅਤੇ ਉਹ ਮਹਾਰਾਜਾ ਰਣਜੀਤ ਸਿੰਘ ਨਾਲ ਦੋ-ਦੋ ਹੱਥ ਕਰਨ ਲਈ ਹਥਿਆਰ ਅਤੇ ਗੋਲਾ-ਬਾਰੂਦ ਇਕੱਠਾ ਕਰਨ ਲੱਗੇ। ਇਹ ਘਟਨਾ 1820-24 ਈ: ਦਰਮਿਆਨ ਦੀ ਹੈ। ਇਸ ਸਮੇਂ ਦੌਰਾਨ ਉਹ ਅਤੇ ਉਸ ਦੇ ਸਾਥੀ ਹੌਲੀ-ਹੌਲੀ ਹਿੰਦੁਸਤਾਨ ਦੇ ਉੱਤਰ-ਪੱਛਮੀ ਅਫ਼ਗਾਨ ਬਹੁਗਿਣਤੀ ਇਲਾਕਿਆਂ ਵਿਚ ਇਕੱਠੇ ਹੁੰਦੇ ਗਏ ਅਤੇ ਉਹ ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਵਿਰੁੱਧ ਜਿਹਾਦ ਦੇ ਨਾਅਰੇ ਥੱਲੇ ਲਾਮਬੰਦ ਕਰਨ ਲੱਗੇ। ਉਸ ਨੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਪਿਸ਼ਾਵਰ ਅਤੇ ਉਸ ਦੇ ਆਲੇ-ਦੁਆਲੇ ਦੇ ਹਜ਼ਾਰਾਂ ਮੁਸਲਿਮ ਜਹਾਦੀਆਂ ਨੂੰ ਆਪਣੇ ਨਾਲ ਗੰਢ ਲਿਆ। ਸਵਾਤ, ਬੰਨੂ, ਬਖਲੀ ਅਤੇ ਤੀਰਾ ਦੇ ਦੂਰ ਦਰਾਜ਼ ਇਲਾਕਿਆਂ ਦੇ ਚਾਰ ਬਰਕਜ਼ਈ ਕਬੀਲਿਆਂ ਦੇ ਸਰਦਾਰ ਵੀ ਸ਼ਾਮਲ ਹੋ ਗਏ। ਪਰ ਉਸ ਦੀ ਇਸ ਮੁਹਿੰਮ ਨੂੰ ਪੰਜਾਬ, ਸਿੰਧ, ਕਸ਼ਮੀਰ ਅਤੇ ਦੂਸਰੇ ਇਲਾਕਿਆਂ ਦੀ ਮੁਸਲਿਮ ਜਨਤਾ ਨੇ ਸਾਥ ਨਹੀਂ ਦਿੱਤਾ। ਜਦੋਂ ਉਸ ਦੀਆਂ ਫ਼ੌਜੀ ਗਤੀਵਿਧੀਆਂ ਅਤੇ ਖਰੂਦ ਬਾਬਤ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਸਰਦਾਰ ਹਰੀ ਸਿੰਘ ਨਲਵੇ ਨੂੰ ਭਾਰੀ ਫ਼ੌਜੀ ਕੁਮਕ ਦੇ ਕੇ ਸਿੰਧ ਦਰਿਆ ਵੱਲ ਮੋਰਚਾਬੰਦੀ ਕਰਨ ਲਈ ਰਵਾਨਾ ਕਰ ਦਿੱਤਾ। ਸਰਦਾਰ ਹਰੀ ਸਿੰਘ ਨਲਵੇ ਨੇ ਖ਼ਾਲਸਾ ਫ਼ੌਜਾਂ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਇਕ ਨੂੰ ਸਿੰਧ ਦਰਿਆ ਦੇ ਪਾਰ ਸ. ਬੁੱਧ ਸਿੰਘ ਸੰਧਾਵਾਲੀਆ ਦੀ ਕਮਾਨ ਹੇਠ ਤਾਇਨਾਤ ਕੀਤਾ ਅਤੇ ਖੁਦ ਦੂਜੀ ਨਾਲ ਸਿੰਧ ਦਰਿਆ ਦੇ ਆਰ ਵਾਲੇ ਪਾਸੇ ਭਾਰੀ ਤੋਪਖਾਨੇ ਨਾਲ ਤਾਇਨਾਤ ਹੋ ਗਿਆ ਸੀ। 1827 ਈ. ਵਿਚ ਸਈਅਦ ਅਹਿਮਦ ਅਟਕ ਦੇ ਕਿਲ੍ਹੇ ਨੂੰ ਘੇਰਾ ਪਾਉਣ ਖਾਤਿਰ ਆਪਣੇ ਲਾਮ ਲਸ਼ਕਰ ਨਾਲ ਨੌਸ਼ਹਿਰੇ ਵਾਲੇ ਪਾਸਿਓਂ ਅੱਗੇ ਵਧਿਆ। ਉਸ ਦੀਆਂ ਜਹਾਦੀ ਫ਼ੌਜਾਂ ਨੂੰ ਸਰਦਾਰ ਬੁੱਧ ਸਿੰਘ ਸੰਧਾਵਾਲੀਏ ਦੀਆਂ ਫ਼ੌਜਾਂ ਨੇ ਜਦੋਂ ਸੈਦੋ ਨਾਮ ਦੇ ਸਥਾਨ 'ਤੇ ਲਲਕਾਰਿਆ ਉਦੋਂ ਸੱਯਦ ਦੀਆਂ ਧਾੜਵੀ ਫ਼ੌਜਾਂ ਨੇ ਖ਼ਾਲਸਾ ਫ਼ੌਜਾਂ ਨੂੰ ਘੇਰੇ ਵਿਚ ਲੈ ਕੇ ਚਾਰੇ ਪਾਸਿਓਂ ਹਮਲਾ ਕਰ ਦਿੱਤਾ, ਜਿਸ ਦੇ ਸਿੱਟੇ ਵਜੋਂ ਖ਼ਾਲਸਾ ਫ਼ੌਜਾਂ ਦਾ ਭਾਰੀ ਜਾਨੀ ਨੁਕਸਾਨ ਹੋਣ ਲੱਗਾ। ਇਸ ਹਾਲਾਤ ਵਿਚ ਸ. ਬੁੱਧ ਸਿੰਘ ਸੰਧਾਵਾਲੀਆ ਨੇ ਢਾਈ ਫੱਟ ਲੜਾਈ ਕਰਨ ਦਾ ਨਿਸ਼ਚਾ ਕੀਤਾ, ਜਿਸ ਦੇ ਸਿੱਟੇ ਵਜੋਂ ਸਿੱਖਾਂ ਅਤੇ ਸਈਅਦ ਦੇ ਜਹਾਦੀਆਂ ਦਰਮਿਆਨ ਇਕ ਭਿਆਨਕ ਖ਼ੂਨੀ ਭੇੜ ਹੋਇਆ, ਜਿਸ ਵਿਚ ਛੇ ਹਜ਼ਾਰ ਗਾਜ਼ੀ ਮਾਰੇ ਗਏ। ਸੱਯਦ ਅਤੇ ਉਸ ਦੇ ਬਚੇ-ਖੁਚੇ ਸਾਥੀ ਯੁਸਫਜ਼ਈ ਇਲਾਕਿਆਂ ਵੱਲ ਭੱਜ ਗਏ। ਕਈ ਇਤਿਹਾਸਕਾਰ ਲਿਖਦੇ ਹਨ ਕਿ ਸੱਯਦ ਹਾਰ ਖਾ ਕੇ ਸੂਰਤ ਵੱਲ ਭੱਜ ਗਿਆ ਸੀ। ਇਸ ਘਟਨਾ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਇਕ ਵਾਰ ਫਿਰ ਪਿਸ਼ਾਵਰ ਉੱਤੇ ਕਬਜ਼ਾ ਕਰਕੇ ਉਥੋਂ ਦੇ ਗਵਰਨਰ ਯਾਰ ਮੁਹੰਮਦ ਨੂੰ ਤਲਬ ਕਰ ਲਿਆ ਕਿਉਂਕਿ ਉਸ ਨੇ ਅੰਦਰਖਾਤੇ ਸਈਅਦ ਅਹਿਮਦ ਦੀ ਮਦਦ ਕੀਤੀ ਸੀ। ਇਸ ਦੇ ਸਿੱਟੇ ਵਜੋਂ ਉਸ ਨੇ ਯਾਰ-ਮੁਹੰਮਦ ਪਾਸੋਂ ਭਾਰੀ ਰਕਮ ਨਜ਼ਰਾਨੇ ਦੇ ਰੂਪ ਵਿਚ ਹਾਸਲ ਕੀਤੀ ਅਤੇ ਉਸ ਨੂੰ ਪਿਸ਼ਾਵਰ ਦਾ ਗਵਰਨਰ ਥਾਪ ਕੇ ਲਾਹੌਰ ਪਰਤ ਆਇਆ।

ਦੂਜੇ ਪਾਸੇ ਸੱਯਦ ਅਹਿਮਦ ਜੋ ਕਿ ਪਿਸ਼ਾਵਰ ਦੇ ਆਸ-ਪਾਸ ਹੀ ਕਿਤੇ ਲੁਕਿਆ ਹੋਇਆ ਸੀ, ਇਕ ਵਾਰ ਫਿਰ ਆਸ-ਪਾਸ ਦੇ ਕਬਾਇਲੀ ਲੋਕਾਂ ਨੂੰ ਯਾਰ ਮੁਹੰਮਦ ਦੇ ਖਿਲਾਫ ਭੜਕਾਉਣ ਲੱਗ ਪਿਆ ਕਿ ਉਹ ਮਹਾਰਾਜਾ ਰਣਜੀਤ ਸਿੰਘ ਦਾ ਗੁਲਾਮ ਅਤੇ ਮੁਸਲਿਮ ਕਬੀਲਿਆਂ ਦਾ ਦੁਸ਼ਮਣ ਸੀ। ਉਸ ਨੇ 1929 ਈ: ਵਿਚ ਵੱਡੀ ਗਿਣਤੀ ਵਿਚ ਗਾਜ਼ੀ ਇਕੱਤਰ ਕਰਕੇ ਪਿਸ਼ਾਵਰ ਉੱਪਰ ਹਮਲਾ ਕਰ ਦਿੱਤਾ। ਇਕ ਝੜਪ ਦੌਰਾਨ ਯਾਰ ਮੁਹੰਮਦ ਸਖ਼ਤ ਜ਼ਖਮੀ ਹੋ ਕੇ ਮਾਰਿਆ ਗਿਆ ਅਤੇ ਮੈਦਾਨ ਸੱਯਦ ਅਹਿਮਦ ਦੇ ਹੱਥ ਆ ਗਿਆ। ਉਸ ਨੇ ਪਿਸ਼ਾਵਰ ਦੀ ਖ਼ੂਬ ਲੁੱਟਮਾਰ ਕੀਤੀ ਅਤੇ ਉਥੇ ਆਪਣੀ ਬਣਾਈ ਸ਼ਰਾ ਲਾਗੂ ਕਰ ਦਿੱਤੀ। ਇਨ੍ਹੀਂ ਦਿਨੀ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦਾ ਇਕ ਕਮਾਂਡਰ ਜਨਰਲ ਵੈਨਤੁਰਾ ਆਪਣੀ ਇਕ ਅਨੁਸ਼ਾਸਿਤ ਫ਼ੌਜੀ ਟੁਕੜੀ ਨਾਲ ਪਿਸ਼ਾਵਰ ਵੱਲ ਲੈਲੀ ਨਾਮ ਦੀ ਇਕ ਘੋੜੀ ਨੂੰ ਲਿਆਉਣ ਗਿਆ ਹੋਇਆ ਸੀ। ਉਥੇ ਸਈਅਦ ਅਹਿਮਦ ਦੀ ਜਿਹਾਦੀ ਫ਼ੌਜ ਅਤੇ ਜਨਰਲ ਵੈਨਤੁਰਾ ਦੀ ਅਨੁਸ਼ਾਸਿਤ ਖ਼ਾਲਸਾ ਫ਼ੌਜੀ ਟੁਕੜੀ ਦਰਮਿਆਨ ਇਕ ਸਖ਼ਤ ਝੜਪ ਹੋਈ, ਜਿਸ ਵਿਚ ਜਹਾਦੀ ਫ਼ੌਜ ਹਾਰ ਗਈ ਅਤੇ ਸਈਅਦ ਅਹਿਮਦ ਜਾਨ ਬਚਾ ਕੇ ਫਿਰ ਭੱਜ ਗਿਆ। ਜਨਰਲ ਵੈਨਤੁਰਾ ਨੇ ਮਹਾਰਾਜਾ ਰਣਜੀਤ ਸਿੰਘ ਦੀ ਹਦਾਇਤ ਮੁਤਾਬਕ ਇਸ ਵਾਰ ਪਿਸ਼ਾਵਰ ਦਾ ਗਵਰਨਰ ਮਰਹੂਮ ਯਾਰ ਮੁਹੰਮਦ ਦੇ ਭਰਾ ਸੁਲਤਾਨ ਮੁਹੰਮਦ ਨੂੰ ਥਾਪ ਦਿੱਤਾ।

ਜਿਉਂ ਹੀ ਜਨਰਲ ਵੈਨਤੁਰਾ ਆਪਣੀ ਖ਼ਾਲਸਾ ਫ਼ੌਜ ਸਮੇਤ ਵਾਪਸ ਲਾਹੌਰ ਪਰਤਿਆ, ਉਦੋਂ ਫਿਰ ਸੱਯਦ ਅਹਿਮਦ ਨੇ ਪੇਸ਼ਾਵਰ ਉੱਤੇ ਹਮਲਾ ਕਰ ਦਿੱਤਾ ਅਤੇ ਕਤਲੋਗਾਰਤ ਕੀਤੀ। ਸੁਲਤਾਨ ਮੁਹੰਮਦ ਉਸ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਭੱਜ ਗਿਆ। ਇਸ ਵਾਰ ਪਿਸ਼ਾਵਰ ਫਿਰ ਤੋਂ ਸੱਯਦ ਦੇ ਕਬਜ਼ੇ ਹੇਠ ਆ ਗਿਆ। 1830 ਈ: ਵਿਚ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਕਮਾਨ ਹੇਠ ਭਾਰੀ ਫ਼ੌਜ ਨਾਲ ਪਿਸ਼ਾਵਰ ਉੱਤੇ ਹਮਲਾ ਕੀਤਾ ਪਰ ਸੱਯਦ ਲੜਾਈ ਕਰਨ ਤੋਂ ਪਹਿਲਾਂ ਹੀ ਡਰਦਾ ਭੱਜ ਗਿਆ। ਮਹਾਰਾਜਾ ਪੇਸ਼ਾਵਰ ਦੀ ਵਾਗਡੋਰ ਸੁਲਤਾਨ ਮੁਹੰਮਦ ਦੇ ਹੱਥ ਸੌਂਪ ਕੇ ਵਾਪਸ ਪਰਤ ਆਇਆ ਪਰ ਸਈਅਦ ਅਹਿਮਦ ਨੇ ਫਿਰ ਆ ਕੇ ਖਰੂਦ ਮਚਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਇਸ ਵਾਰ ਪਿਸ਼ਾਵਰ ਉੱਤੇ ਕਬਜ਼ਾ ਤਾਂ ਨਾ ਕੀਤਾ ਪਰ ਉੱਥੋਂ ਦੇ ਵਸਨੀਕਾਂ ਉੱਪਰ ਆਪਣੀ ਬਣਾਈ ਸ਼ਰਾ ਲਾਗੂ ਕਰ ਦਿੱਤੀ ਅਤੇ ਸੁਲਤਾਨ ਮੁਹੰਮਦ ਨੂੰ ਧਮਕਾ ਕੇ ਉਸ ਪਾਸੋਂ ਤਿੰਨ ਹਜ਼ਾਰ ਰੁਪਇਆ ਮਹੀਨਾ ਟੈਕਸ ਵਸੂਲਣਾ ਸ਼ੁਰੂ ਕਰ ਦਿੱਤਾ। ਹੁਣ ਉਸ ਨੇ ਆਪਣੇ ਵੱਲੋਂ ਮੌਲਵੀ ਅਤੇ ਕਾਜ਼ੀ ਵੀ ਨਿਯੁਕਤ ਕਰ ਦਿੱਤੇ ਅਤੇ ਸਥਾਨਕ ਮੁਸਲਿਮ ਲੋਕਾਂ ਨੂੰ ਆਪਣੇ ਵੱਲੋਂ ਸ਼ੁਰੂ ਕੀਤੇ ਵਹਾਬੀ ਮੱਤ 'ਤੇ ਚੱਲਣ ਲਈ ਮਜਬੂਰ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਇਕ ਫ਼ਤਵੇ ਰਾਹੀਂ ਹਰ ਵਿਧਵਾ ਮੁਸਲਿਮ ਔਰਤ ਨੂੰ ਤਿੰਨ ਦਿਨਾਂ ਦੇ ਅੰਦਰ ਸ਼ਾਦੀ ਕਰਵਾਉਣ ਦਾ ਹੁਕਮ ਦਿੱਤਾ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਸਬੰਧਤਾਂ ਦੇ ਘਰ-ਬਾਰ ਸਾੜਨ ਅਤੇ ਹੋਰ ਭਿਆਨਕ ਸਰੀਰਕ ਤਸੀਹੇ ਦੇਣ ਦੀਆਂ ਧਮਕੀਆਂ ਦਿੱਤੀਆਂ। ਇਸੇ ਤਰ੍ਹਾਂ ਦੇ ਇਕ ਹੋਰ ਧਾਰਮਿਕ ਫਤਵੇ ਰਾਹੀਂ ਸਭ ਕੁਆਰੀਆ ਮੁਸਲਿਮ ਲੜਕੀਆਂ ਨੂੰ ਬਾਰਾਂ ਦਿਨਾਂ ਦੇ ਅੰਦਰ-ਅੰਦਰ ਨਿਕਾਹ ਕਰਵਾ ਲੈਣ ਦਾ ਹੁਕਮ ਕੀਤਾ ਅਤੇ ਇਸ ਦੀ ਪ੍ਰਵਾਹ ਨਾ ਕਰਨ ਵਾਲੀਆਂ ਨੂੰ ਗਾਜ਼ੀਆਂ ਦੇ ਹਵਾਲੇ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਅਜਿਹੇ ਪੁੱਠੇ ਸਿੱਧੇ ਧਾਰਮਿਕ ਫੁਰਮਾਨਾਂ ਨੂੰ ਉੱਥੋਂ ਦੇ ਕਬਾਇਲੀ ਲੋਕ ਸਹਿਨ ਨਾ ਕਰ ਸਕੇ ਅਤੇ ਉਨ੍ਹਾਂ ਨੇ ਸਈਅਦ ਦੇ ਖਿਲਾਫ ਬਗਾਵਤ ਕਰ ਦਿੱਤੀ। ਸਥਾਨਕ ਕਬਾਇਲੀਆਂ ਅਤੇ ਸਈਅਦ ਦੇ ਯੂ.ਪੀ. ਦੇ ਜਿਹਾਦੀਆਂ ਦਰਮਿਆਨ ਖ਼ੂਨੀ ਝੜਪਾਂ ਹੋਣ ਲੱਗ ਪਈਆਂ, ਜਿਨ੍ਹਾਂ ਵਿਚ ਬਹੁਤ ਸਾਰੇ ਜਿਹਾਦੀ ਮਾਰੇ ਗਏ। ਇਕ ਵਾਰ ਕਬਾਇਲੀ ਲੋਕਾਂ ਨੇ ਇਕੱਠੇ ਹੋ ਕੇ ਸਈਅਦ ਅਹਿਮਦ ਉਪਰ ਵੀ ਹਮਲਾ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਫਿਰ ਭਾਰੀ ਗਿਣਤੀ ਵਿਚ ਯੂ.ਪੀ. ਦੇ ਮੁਸਲਿਮ ਖਰੂਦੀ ਮਾਰੇ ਗਏ ਅਤੇ ਸੱਯਦ ਅਟਕ ਦਰਿਆ ਦੇ ਕਿਨਾਰੇ ਵਾਲੇ ਪੱਖਲੀ ਅਤੇ ਧੰਧੋੜ ਦੇ ਪਹਾੜੀ ਇਲਾਕਿਆਂ ਵੱਲ ਜਾਨ ਬਚਾ ਕੇ ਭੱਜ ਗਿਆ। ਸਈਅਦ ਅਤੇ ਸਥਾਨਕ ਕਬਾਇਲੀ ਲੋਕਾਂ ਦਰਮਿਆਨ ਹੋਏ ਖ਼ੂਨੀ ਸੰਘਰਸ਼ਾਂ ਬਾਬਤ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਵਿਖੇ ਖਬਰ ਮਿਲੀ, ਉਦੋਂ ਉਸ ਨੇ ਉਨ੍ਹਾਂ ਇਲਾਕਿਆਂ ਵਿਚ ਖਰੂਦੀ ਸਈਅਦ ਅਤੇ ਉਸ ਦੇ ਸਾਥੀਆਂ ਨਾਲ ਨਜਿੱਠਣ ਲਈ 1831 ਈ. ਵਿਚ ਕੰਵਰ ਸ਼ੇਰ ਸਿੰਘ ਦੀ ਅਗਵਾਈ ਵਿਚ ਅਨੁਸ਼ਾਸਤ ਫ਼ੌਜ ਨੂੰ ਪਿਸ਼ਾਵਰ ਵੱਲ ਰਵਾਨਾ ਕੀਤਾ। ਇਹ ਫ਼ੌਜ ਪੂਰਾ ਇਕ ਸਾਲ ਸੱਯਦ ਅਤੇ ਉਸ ਦੇ ਸਾਥੀਆਂ ਨੂੰ ਦੁਰਗਮ ਪਹਾੜੀ ਇਲਾਕਿਆਂ ਵਿਚ ਲੱਭਦੀ ਰਹੀ। ਕੰਵਰ ਸ਼ੇਰ ਸਿੰਘ ਦੀ ਫ਼ੌਜ ਦੀ ਅਗਲੀ ਕਤਾਰ ਵਿਚ ਤਲਵਾਰਾਂ ਨਾਲ ਸੀਨਾ ਬ ਸੀਨਾ ਲੜਾਈ ਕਰਨ ਵਾਲੇ ਜਾਂਬਾਜ਼ ਅਕਾਲੀ ਸਿੰਘਾਂ ਦਾ ਇਕ ਜਥਾ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦਾ ਸੀ, ਜਿਨ੍ਹਾਂ ਦਾ ਲੜਾਈ ਦੇ ਮੈਦਾਨ ਵਿਚ ਕੋਈ ਸਾਨੀ ਨਹੀਂ ਸੀ। ਇਕ ਦਿਨ ਇਸ ਜਥੇ ਅਤੇ ਸਈਅਦ ਅਹਿਮਦ ਦਰਮਿਆਨ ਆਹਮੋ-ਸਾਹਮਣੇ ਹੱਥੋ-ਹੱਥ ਮੁਕਾਬਲਾ ਹੋ ਗਿਆ। ਇਸ ਮੁਕਾਬਲੇ ਨੂੰ ਅੱਖੀਂ ਵੇਖਣ ਵਾਲਾ ਸਈਅਦ ਅਹਿਮਦ ਦੀ ਫ਼ੌਜ ਦਾ ਅਮਰੀਕਨ ਨਿਸ਼ਾਨੇਬਾਜ਼ ਅਲੈਗਜ਼ੈਂਡਰ ਗਾਰਡਨਰ ਵੀ ਸੀ, ਜੋ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਕਰਨਲ ਦੇ ਅਹਿਮ ਅਹੁਦੇ 'ਤੇ ਤਾਇਨਾਤ ਰਿਹਾ ਸੀ, ਉਹ ਆਪਣੇ ਦੁਆਰਾ ਅੰਗਰੇਜ਼ੀ ਵਿਚ ਲਿਖਤ ਇਕ ਸਫਰਨਾਮਾ ਦੇ ਪੰਨਿਆਂ 166-73 ਵਿਚ ਲਿਖਦਾ ਹੈ ਕਿ ਹਿੰਦੁਸਤਾਨ ਵੱਲ ਹਿਜਰਤ ਕਰਦਿਆਂ ਸਫਰ ਦੌਰਾਨ ਉਹ ਪਿਸ਼ਾਵਰ ਦੇ ਆਸ-ਪਾਸ ਦੇ ਪਹਾੜੀ ਇਲਾਕਿਆਂ ਵਿੱਚੋਂ ਜਦੋਂ ਗੁਜ਼ਰ ਰਿਹਾ ਸੀ, ਉਦੋਂ ਸਈਅਦ ਅਹਿਮਦ ਦੁਆਰਾ ਪ੍ਰੇਰੇ ਜਾਣ 'ਤੇ ਉਹ ਉਸ ਦੀ ਇਕ ਜਿਹਾਦੀ ਹਥਿਆਰਬੰਦ ਟੋਲੀ ਦਾ ਕਮਾਂਡਰ ਬਣ ਗਿਆ ਸੀ ਅਤੇ ਜਦੋਂ ਸਿੱਖਾਂ ਨਾਲ ਮੁਕਾਬਲਾ ਹੋਇਆ ਉਦੋਂ ਉਸ ਨੇ ਕੁਝ ਸੌ ਗਜ਼ਾਂ ਦੀ ਦੂਰੀ ਤੋਂ ਸਈਅਦ ਨੂੰ ਸਿੱਖ ਫ਼ੌਜ ਨਾਲ ਹੱਥੋ-ਹੱਥੀ ਲੜਾਈ ਕਰਦੇ ਵੇਖਿਆ ਸੀ। ਸਈਅਦ ਅਤੇ ਉਸ ਦਾ ਇਕ ਮੌਲਵੀ ਸਾਥੀ ਹਥਿਆਰਾਂ ਦੀਆਂ ਸੈਂਕੜੇ ਸੱਟਾਂ ਨਾਲ ਵਿੰਨ੍ਹੇ ਡਿੱਗੇ ਪਏ ਸਨ। ਉਨ੍ਹਾਂ ਨਾਲ ਜੋ ਵੀ ਸਾਥੀ ਸਨ ਉਹ ਮਾਰੇ ਗਏ ਅਤੇ ਮੁੱਖ ਟੋਲੀ ਜਿਧਰ ਰਾਹ ਲੱਭਾ ਉਧਰ ਹੀ ਭੱਜ ਗਈ। ਸਈਅਦ ਦੇ ਮਾਰੇ ਜਾਣ ਮਗਰੋਂ ਉਸ ਦੇ ਚੇਲਿਆਂ (ਖੈਬਰੀ ਅਤੇ ਯੂਸਫ਼ਜ਼ਈ ਪਠਾਣਾਂ) ਨੇ ਹਿੰਦੋਸਤਾਨੀ (ਯੂ.) ਦੇ ਜਿਹਾਦੀਆਂ ਨੂੰ ਕਤਲ ਕਰ ਦਿੱਤਾ ਅਤੇ ਉਨ੍ਹਾਂ ਪਾਸੋਂ ਲੁੱਟਮਾਰ ਦੀ ਸਾਰੀ ਧਨ-ਦੌਲਤ ਖੋਹ ਲਈ। ਸਮਕਾਲੀ ਇਤਿਹਾਸਕਾਰ ਅਮਰਨਾਥ ਆਪਣੀ ਲਿਖਤ ਜ਼ਫਰਨਾਮਾ ਵਿਚ ਲਿਖਦਾ ਹੈ, ਕਿ ਕੰਵਰ ਸ਼ੇਰ ਸਿੰਘ ਨੇ ਇਕ ਚਿਤਰਕਾਰ ਮੰਗਵਾ ਕੇ ਉਸ (ਸਈਅਦ) ਦੀ ਤਸਵੀਰ ਬਣਵਾਈ ਸੀ ਤਾਂ ਕਿ ਇਸ ਅਖੌਤੀ ਦਵਰੇਸ਼ ਦੀ ਨਕਲੀ ਸ਼ਕਲ ਅਤੇ ਉਸ ਦੇ ਅਸਲੀ ਕੰਮਾਂ ਤੋਂ ਜਨਤਾ ਨੂੰ ਜਾਣੂ ਕਰਵਾਇਆ ਜਾ ਸਕੇ। ਇਕ ਹੋਰ ਸਮਕਾਲੀ ਇਤਿਹਾਸਕਾਰ ਪੰਡਤ ਦੇਬੀ ਪ੍ਰਸਾਦ ਆਪਣੀ ਲਿਖਤ 'ਗੁਲਸ਼ਨੇ ਪੰਜਾਬ' ਵਿਚ ਲਿਖਦਾ ਹੈ ਕਿ ਸੱਯਦ ਦਾ ਸਿਰ ਕੱਟ ਕੇ ਸ਼ਨਾਖਤ ਲਈ ਲਾਹੌਰ ਭੇਜਿਆ ਗਿਆ ਸੀ। ਇਕ ਅੰਗਰੇਜ਼ ਲਿਖਾਰੀ ਕੈਪਟਨ ਵੇਡ ਲਿਖਦਾ ਹੈ ਕਿ ਸਈਅਦ ਬਾਲਾਕੋਟ ਦੇ ਸਥਾਨ 'ਤੇ ਹੋਈ ਇਕ ਝੜਪ ਵਿਚ ਕੰਵਰ ਸ਼ੇਰ ਸਿੰਘ ਹੱਥੋਂ ਮਾਰਿਆ ਗਿਆ ਸੀ। ਇਸ ਘਟਨਾ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਉਸ ਇਲਾਕੇ ਦੀ ਫ਼ੌਜੀ ਕਮਾਨ ਸਰਦਾਰ ਹਰੀ ਸਿੰਘ ਨਲਵੇ ਹੱਥ ਦੇ ਦਿੱਤੀ ਸੀ।




# ਪਾਠਕਾਂ ਦਾ ਨਜ਼ਰੀਆ

## ਬੁਰੀ ਤਰ੍ਹਾਂ ਤੜਪ ਰਿਹਾ ਪੰਜਾਬ

ਪੰਜਾਬ, ਉਹ ਧਰਤੀ, ਜਿਸ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ ਦਾ ਸਾਹਮਣਾ ਕਰਨਾ ਪਿਆ ਤੇ ਇਹ ਸਿਲਸਿਲਾ ਅਜੇ ਵੀ ਕਿਤੇ ਰੁਕਣ ਦਾ ਨਾਮ ਨਹੀਂ ਲੈ ਰਿਹਾ। ਪੰਜਾਬ, ਜੋ ਕਦੀ ਬਾਹਰੀ ਹਮਲਾਵਰਾਂ ਦੀ ਲੁੱਟ ਦਾ ਸ਼ਿਕਾਰ ਹੋਇਆ, ਜਿਸ ਨੇ ਆਪਣੇ ਪਿੰਡੇ 'ਤੇ ਕਦੇ ਖ਼ੂਨੀ ਹਨੇਰੀਆਂ ਹੰਢਾਈਆਂ, ਵੰਡ ਦੀਆਂ ਲਕੀਰਾਂ ਦਾ ਕਹਿਰ ਝੱਲਿਆ, ਸੱਭਿਆਚਾਰਕ ਉਜਾੜਾ ਹੰਢਾਇਆ, ਇਸ ਦੇ ਪਾਣੀਆਂ ਦੀ ਲੁੱਟ ਹੋਈ, ਇਸ ਦੀ ਬੋਲੀ ਅਤੇ ਸੱਭਿਆਚਾਰ ਦਾ ਗਲਾ ਘੁੱਟਿਆ ਗਿਆ, ਹਰੇ ਅਤੇ ਚਿੱਟੇ ਇਨਕਲਾਬ ਦੇ ਨਾਂ 'ਤੇ ਇਸ ਦੀ ਉਪਜਾਊ ਧਰਤ ਨੂੰ ਬਾਂਝ ਬਣਾਉਣ ਦੀ ਸ਼ਾਜਿਸ਼ ਕੀਤੀ ਗਈ, ਨੌਜਵਾਨੀ ਨੂੰ ਚਿੱਟੇ/ਪੀਲੇ ਅਤੇ ਹੋਰ ਕਈ ਰੰਗ ਬਿਰੰਗੇ ਨਸ਼ਿਆਂ ਦੀ ਜ਼ਹਿਰ ਦਾ ਟੀਕਾ ਲਗਾਇਆ ਗਿਆ, ਉਹ ਪੰਜਾਬ ਹੁਣ ਵਾਰ ਵਾਰ ਹੜ੍ਹਾਂ ਨਾਲ ਉੱਜੜਦਾ ਜਾਂ ਇੰਜ ਕਹਿ ਲਓ ਕਿ ਬਹੁਤ ਹੀ ਵਿਉਂਤਬੱਧ ਢੰਗ ਨਾਲ ਉਜਾੜਿਆ ਜਾ ਰਿਹਾ ਹੈ। ਵਰਤਮਾਨ ਹੜ੍ਹ ਤੋਂ ਪਹਿਲਾਂ ਸੰਨ 1958 ਤੇ ਸੰਨ 1988 ਵਿਚ ਵੀ ਡੈਮਾਂ ਦੇ ਫੱਟੇ ਚੁੱਕ ਕੇ ਇਸ ਨੂੰ ਪਾਣੀ ਵਿੱਚ ਡੋਬਿਆ ਗਿਆ। ਅੱਜ ਵਾਂਗ ਉਦੋਂ ਵੀ ਰਾਤੋ ਰਾਤ ਪੰਜਾਬ ਵਾਸੀ ਲੱਖੋਂ ਕੱਖਾਂ ਦੇ ਹੋਏ ਸਨ। ਉਦੋਂ ਵੀ ਨੇਤਾਵਾਂ ਦੇ ਦੌਰੇ ਅਤੇ ਨੁਕਸਾਨ ਦੀਆਂ ਗਿਰਦਾਵਰੀਆਂ ਹੋਈਆਂ ਸਨ। ਉਦੋਂ ਵੀ ਕਿਸੇ ਦੇ ਹੱਥ ਸਰਕਾਰਾਂ ਵੱਲੋਂ ਫੁੱਟੀ ਕੌਡੀ ਤੱਕ ਨਹੀਂ ਧਰੀ ਗਈ ਤੇ ਹੋਣਾ ਓੜਕ ਨੂੰ ਹੁਣ ਵੀ ਇਹੀ ਹੈ। ਹੈਲੀਕਾਪਟਰਾਂ ਅਤੇ ਹੂਟਰ ਵਾਲੀਆਂ ਕਾਰਾਂ ਦੇ ਦੌਰੇ ਤਾਂ ਮੰਤਰੀਆਂ ਦੀ ਫੰਡ ਅਤੇ ਭੱਤੇ ਹਜ਼ਮ ਕਰਨ ਦੀ ਜੁਗਤ ਹੈ, ਉਂਜ ਇਹਨਾਂ ਦਾ ਹੜ੍ਹ ਪੀੜਤਾਂ ਨਾਲ ਕੋਈ ਦੂਰ ਦਾ ਵੀ ਲਾਗਾ ਦੇਗਾ ਜਾਂ ਵਾਹ ਵਾਸਤਾ ਨਹੀਂ ਹੈ।

ਉੱਤੋ ਬੇਰੁਜ਼ਗਾਰੀ ਦੇ ਭੰਨੇ ਇਸ ਖਿੱਤੇ ਦੇ ਨੌਜਵਾਨ ਵਧੀਆ ਅਤੇ ਉਜਵਲ ਭਵਿੱਖ ਦਾ ਸੁਪਨਾ ਸੰਜੋਅ ਕੇ ਜਿੱਥੇ ਜਿਵੇਂ ਕਿਵੇਂ ਵਿਦੇਸਾਂ ਵੱਲ ਵਹੀਰਾਂ ਘੱਤ ਰਹੇ ਹਨ ਉੱਥੇ ਕਿਰਤੀ ਕਿਸਾਨ ਮਿਹਨਤ ਦਾ ਮੁੱਲ ਨਾ ਮਿਲਣ ਕਰਕੇ ਨਿਰੰਤਰ ਵਧ ਰਹੇ ਕਰਜ਼ੇ ਦੇ ਬੋਝ ਤੋਂ ਨਿਜਾਤ ਪਾਉਣ ਵਾਸਤੇ ਆਤਮ ਹੱਤਿਆਵਾਂ ਦਾ ਰਾਹ ਅਪਣਾ ਰਹੇ ਹਨ।ਹਰ ਪਾਸੇ ਲੁੱਟਤੰਤਰ ਹੈ, ਸਰਕਾਰ ਮੂਕ ਦਰਸ਼ਕ ਬਣਕੇ ਬੈਠੀ ਹੈ। ਪੰਜਾਬ ਦੇ ਮੌਜੂਦਾ ਹਾਲਾਤ ਇਨਬਿਨ ਇਹ ਹਨ ਕਿ ਰੋਮ ਜਲ ਰਿਹਾ ਹੈ ਤੇ ਨੀਰੂ ਬੰਸਰੀ ਵਜਾ ਰਿਹਾ ਹੈ। ਪੰਜਾਬ ਵਿੱਚ ਵਿਰੋਧੀ ਧਿਰ ਦਾ ਲੱਕ ਟੁੱਟ ਚੁੱਕਾ ਹੈ ਜਾਂ ਤੋੜਿਆ ਜਾ ਚੁੱਕਾ ਹੈ। ਜੋ ਢਾਈ ਟੋਟਰੂ ਵਿਰੋਧੀ ਧਿਰ ਦੇ ਹਨ, ਉਹਨਾਂ ਦਾ ਬਹੁਤਾ ਸਮਾਂ ਇੱਕ ਦੂਸਰੇ ਨੂੰ ਤਾਹਨੇ ਮਿਹਣੇ ਮਾਰਨ ਵਿੱਚ ਹੀ ਬੀਤਦਾ ਹੈ, ਪੰਜਾਬ ਦੇ ਮੁੱਦਿਆਂ ਦੀ ਗੱਲ ਸਿਰਫ ਅਤੇ ਸਿਰਫ ਚੋਣਾਂ ਵੇਲੇ ਵੋਟਾਂ ਇਕੱਠੀਆਂ ਕਰਨ ਦੇ ਮਨੋਰਥ ਨਾਲ ਕੀਤੀ ਜਾਂਦੀ ਹੈ। ਇਸ ਵੇਲੇ ਪੰਜਾਬ ਜਿਸ ਗ਼ੁਰਬਤ ਵਿੱਚੋਂ ਵਿਚਰ ਰਿਹਾ ਹੈ, ਉਸ ਨੂੰ ਦੇਖ ਕੇ ਇੰਜ ਲਗਦਾ ਹੈ ਕਿ ਅਰਬਾਂ ਦੇ ਕਰਜੇ ਹੇਠ ਦੱਬਿਆ ਜਾ ਚੁੱਕਾ ਇਹ ਸੂਬਾ ਆਉਣ ਵਾਲੇ ਇੱਕ ਦਹਾਕੇ ਵਿੱਚ ਬੰਜਰ ਅਤੇ ਵੈਰਾਨ ਹੋ ਜਾਵੇਗਾ। ਇਸ ਖ਼ਿੱਤੇ ਵਿੱਚ ਉੱਪਰਲਾ ਪਾਣੀ ਪੀਣ ਯੋਗ ਨਹੀਂ ਤੇ ਹੇਠਲਾ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ, ਇਸਦੇ ਨਾਲ ਹੀ ਹਰ ਵਰ੍ਹੇ ਛਿਮਾਹੀ ਡੈਮਾਂ ਦੇ ਫਲੱਡ ਗੇਟ ਖੋਲ੍ਹਕੇ ਜਲ ਥਲ ਇੱਕ ਕਰਕੇ ਬਰਬਾਦ ਕੀਤਾ ਜਾ ਰਿਹਾ ਹੈ। ਇੱਥੋਂ ਦਾ ਨੌਜਵਾਨ ਇੱਥੇ ਰਹਿ ਕੇ ਹੀ ਖੁਸ਼ ਨਹੀਂ। ਭ੍ਰਿਸ਼ਟਾਚਾਰ ਦਾ ਤਾਂਡਵ ਹੈ, ਚੋਰਾਂ ਦੀਆਂ ਲਾਠੀਆਂ ਦੇ ਗਜ਼ ਬਣੇ ਹੋਏ ਹਨ ਤੇ ਡਾਢੇ ਦਾ ਸੱਤੀਂ ਵੀਹੀ ਸੌ ਗਿਣਿਆ ਜਾ ਰਿਹਾ ਹੈ। ਸੂਬੇ ਦੇ ਲੋਕਾਂ ਨੂੰ ਸਮਝ ਨਹੀ ਆ ਰਹੀ ਕਿ ਉਹ ਕੀ ਕਰਨ। ਵੱਡੇ ਲਾਰਿਆਂ ਦੇ ਭਰਮਾਏ ਹਰ ਵਾਰ ਚੋਣਾਂ ਮੌਕੇ ਜਿਸ ਨੂੰ ਚੁਣਦੇ ਹਨ, ਫ਼ੌਰਨ ਬਾਦ ਲੁੱਟੇ ਪੁੱਟੇ ਤੇ ਠੱਗੇ ਹੋਏ ਮਹਿਸੂਸ ਕਰਦੇ ਹਨ। ਹਰ ਪੰਜ ਸਾਲ ਬਾਅਦ ਧੋਖਾ ਖਾਂਦੇ ਹਨ ਕੇ ਫਿਰ ਪੰਜ ਸਾਲਾਂ ਵਾਸਤੇ ਲੁੱਟ ਤੇ ਕੁੱਟ ਦਾ ਸ਼ਿਕਾਰ ਹੁੰਦੇ ਹਨ। ਸਿਆਸਤ ਇੱਥੋਂ ਦੀ ਗੰਦੀ ਖੇਡ ਬਣ ਚੁੱਕੀ ਹੈ। ਲੋਕ ਭਲਾਈ ਦੀ ਬਜਾਏ ਲੋਕਾਂ ਦੇ ਪੈਸੇ ਦੀ ਲੁੱਟ ਕਰਕੇ ਐਸ਼-ਅਯਾਸ਼ੀ ਕਰਨੀ ਨੇਤਾ ਲੋਕਾਂ ਦਾ ਮੁੱਖ ਮਨੋਰਥ ਬਣ ਚੁੱਕਾ ਹੈ। ਜੋ ਕੁਰਸੀ 'ਤੇ ਕਾਬਜ਼ ਹੁੰਦਾ ਹੈ ਉਸ ਦੀ ਪਹਿਲ ਆਪਣੀਆਂ ਸੱਤ ਪੀੜ੍ਹੀਆਂ ਵਾਸਤੇ ਧਨ ਇਕੱਤਰ ਕਰਨ ਦੀ ਹੁੰਦੀ ਹੈ ਤੇ ਆਪਣੇ ਦੋਸਤਾਂ ਮਿੱਤਰਾਂ ਦੇ ਸਵਾਰਥ ਪੂਰੇ ਕਰਨ ਦੀ।

ਇਸ ਖ਼ਿੱਤੇ ਦੇ ਵਾਤਾਵਰਨ ਦਾ ਪੂਰੀ ਤਰ੍ਹਾਂ ਸੱਤਿਆਨਾਸ ਕਰ ਦਿੱਤਾ ਗਿਆ ਹੈ। ਪੁਰੇ ਦੀ ਹਵਾ ਹੁਣ ਤਾਜ਼ੀ ਹਵੇ ਦੇ ਬੁੱਲੇ ਨਹੀਂ ਸਗੋਂ ਕੀਟਨਾਸ਼ਕ ਦਵਾਈ ਦੀ ਜ਼ਹਿਰ ਦੇ ਫਨੀਅਰ ਫੁੰਕਾਰੇ ਹਨ। ਪਾਣੀਆਂ ਵਿੱਚ ਗੰਦਗੀ ਅਤੇ ਰਸਾਇਣਾਂ ਦੀ ਜ਼ਹਿਰ ਸ਼ਰੇਆਮ ਦਿਨ ਦਿਹਾੜੇ ਘੋਲੀ ਦਾ ਰਹੀ ਹੈ। ਲਾਇਲਾਜ ਜਾਨ ਲੇਵਾ ਬੀਮਾਰੀਆਂ ਨਾਲ ਨਿੱਤ ਮੌਤਾਂ ਹੋ ਰਹੀਆਂ ਹਨ ਤੇ ਰਹਿੰਦੀ ਖੂੰਹਦੀ ਕਸਰ ਆਰਥਿਕ ਤੰਗੀ ਕਾਰਨ ਹੋ ਰਹੀਆਂ ਖ਼ੁਦਕੁਸ਼ੀਆਂ ਅਤੇ ਬੇਲਗਾਮ ਸੜਕੀ ਯਾਤਾਯਾਤ ਵਿੱਚ ਹੁੰਦੇ ਹਾਦਸਿਆਂ ਨਾਲ ਪੂਰੀ ਹੋ ਰਹੀ ਹੈ। ਜੇ ਇਹ ਕਹਿ ਲਈਏ ਕਿ ਅੱਜ ਦਾ ਪੰਜਾਬ ਬਿਮਾਰ, ਲੁੱਟਿਆ ਪੁੱਟਿਆ, ਠੱਗਿਆ, ਕੁੱਟਿਆ ਤੇ ਸਾਜ਼ਿਸ਼ਾਂ ਦਾ ਸ਼ਿਕਾਰ, ਹਰ ਤਰ੍ਹਾਂ ਪਛੜਿਆ ਹੋਇਆ, ਬੁਰੀ ਤਰ੍ਹਾਂ ਤੜਪ ਰਿਹਾ ਹੈ, ਜਿਸਦਾ ਆਉਣ ਵਾਲੇ ਸਮੇਂ ਵਿੱਚ ਦੂਰ ਦੂਰ ਤੱਕ ਇਸ ਵੇਲੇ ਅਜੇ ਕੋਈ ਵੀ ਇਲਾਜ ਕਰਨ ਵਾਲਾ ਨਜ਼ਰ ਨਹੀਂ ਆ ਰਿਹਾ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਫਿਰ ਵੀ ਕਾਮਨਾ ਹੈ ਪੰਜਾਬ ਦੇ ਚੰਗੇਰੇ ਭਵਿੱਖ ਦੀ, ਵਿਸ਼ਵਾਸ ਹੈ ਕਿ ਉਹ ਸਮਾਂ ਜਲਦੀ ਆਵੇਗਾ ਜਦ ਪੰਜਾਬ, ਸਚਮੁੱਚ ਇੱਕ ਵਾਰ ਫਿਰ ਪੰਜਾਬ ਬਣੇਗਾ!! ਪੰਜਾਬੀ, ਉਕਾਬ ਬਣਨਗੇ ਤੇ ਇਸ ਉੱਤੇ ਝੁੱਲਦੇ ਝੱਖੜਾਂ ਦਾ ਮੁਕਾਬਲਾ ਕਰਨਗੇ, ਪੰਜਾਬ ਕਾਲੀ ਬੋਲੀ ਰਾਤ ਵਿੱਚੋਂ ਬਾਹਰ ਨਿਕਲਕੇ ਚਿੱਟੇ ਦੁੱਧ ਰੂਪੀ ਚਾਨਣ ਦੀ ਫ਼ਿਜ਼ਾ ਦਾ ਆਨੰਦ ਮਾਣੇਗਾ।

**-ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ**

## ਬਰਸਾਤ ਦੀ ਰੁੱਤ-''ਵਿਹੜੇ ਆਈ ਜੰਞ ਤੇ ਵਿੰਨ੍ਹੋ ਕੁੜੀ ਦੇ ਕੰਨ''

ਭਾਖੜਾ ਬਣ ਦੇ ਦੋ ਫਲੱਡ ਗੇਟ ਖੋਲ੍ਹ ਕੇ 2.4 ਲੱਖ ਕਿਉਸਕ ਪਾਣੀ ਛੱਡਿਆ ਗਿਆ ਜਿਸਨੇ ਰੋਪੜ ਦੇ ਪਿੰਡਾਂ ਵਿਚ ਹੜ੍ਹ ਵਰਗੀ ਸਥਿਤੀ ਬਣਾ ਦਿੱਤੀ। ਹਿਮਾਚਲ ਦੇ ਪੰਡੋਹ ਡੈਮ ਤੋਂ ਵੀ ਪਾਣੀ ਛੱਡਣ ਨਾਲ ਦਰਿਆ ਬਿਆਸ ਦੇ ਆਲੇ ਦੁਆਲੇ ਵੀ ਹੜ੍ਹ ਵਰਗੀ ਸਥਿਤੀ ਬਣ ਗਈ ਹੈ। ਹਿਮਾਚਲ ਪ੍ਰਦੇਸ਼ ਦੇ ਨੈਣਾ ਦੇਵੀ ਖੇਤਰ ਵਿੱਚ 360 ਮਿਲੀਮੀਟਰ ਵਰਖਾ ਹੋਣ ਦੀਆਂ ਖਬਰਾਂ ਹਨ। ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਦਰਿਆ ਨਾਲ ਲਗਦੇ ਮਹਿਤਪੁਰ ਨਕੋਦਰ ਅਤੇ ਫਿਲੌਰ ਏਰੀਏ ਦੇ 81 ਪਿੰਡ ਖਾਲੀ ਕਰਨ ਲਈ ਪ੍ਰਸ਼ਾਸਨ ਨੇ ਲੋਕਾਂ ਨੂੰ ਕਿਹਾ ਹੈ। ਮੌਸਮ ਵਿਭਾਗ ਵੱਲੋਂ ਸਾਰੇ ਭਾਰਤ ਵਿਚ ਵਾਰਨਿੰਗ ਬੁਲੇਟਿਨ ਜਾਰੀ ਕਰਕੇ ਉਤਰਾਖੰਡ, ਝਾਰਖੰਡ, ਉੜੀਸਾ, ਤਾਮਲ ਨਾਡੂ, ਪੁਡੂਚੇਰੀ, ਮੱਧ ਪ੍ਰਦੇਸ਼, ਸ਼ਤੀਸ਼ਗੜ੍ਹ, ਅਸਾਮ, ਮੇਘਾਲਿਆ ਅਤੇ ਸਬ ਹਿਮਾਲੀਅਨ ਬੰਗਾਲ ਖੇਤਰ ਵਿਚ ਭਾਰੀ ਬਾਰਸ਼ ਦੀ ਚਿਤਾਵਨੀ ਵੀ ਦਿੱਤੀ ਗਈ ਹੈ।

ਉੱਤਰ ਪ੍ਰਦੇਸ਼ ਦੇ ਤਿੰਨ ਡੈਮਾਂ ਵਿਚ ਪਾਣੀ ਦਾ ਪੱਧਰ ਵਧਣ ਕਾਰਨ ਫਲੱਡ ਗੇਟ ਖੋਲ੍ਹਣੇ ਪਏ ਹਨ ਜਿਸ ਨਾਲ ਪਿੰਡਾਂ ਤੇ ਖੇਤਾਂ ਵਿੱਚ ਪਾਣੀ ਫੈਲਣ ਨਾਲ ਅਫਰਾ ਤਫਰੀ ਫੈਲ ਗਈ ਹੈ। ਰਾਜਸਥਾਨ ਵਿੱਚ ਵੀ ਕਈ ਥਾਂਵਾਂ ਉੱਤੇ ਜਾਨੀ ਮਾਲੀ ਨੁਕਸਾਨ ਹੋਣ ਦੀਆਂ ਖਬਰਾਂ ਹਨ। ਬਿਹਾਰ ਵਿੱਚ ਸਥਿਤੀ ਪਹਿਲਾਂ ਹੀ ਚਿੰਤਾਜਨਕ ਬਣੀ ਹੋਈ ਸੀ। ਕੁੱਲ ਮਿਲਾ ਕੇ ਇੰਦਰ ਦੇਵਤਾ ਨੇ ਸਾਰੇ ਭਾਰਤ ਵਿੱਚ ਜਲਥਲ ਕਰਕੇ ਮੌਸਮ ਵਿਭਾਗ ਦੀਆਂ ਪਹਿਲੀਆਂ ਭਵਿੱਖਬਾਣੀਆਂ, ਜਿਨ੍ਹਾਂ ਨਾਲ ਘੱਟ ਬਾਰਸ਼ ਦਾ ਖਦਸ਼ਾ ਪ੍ਰਗਟਾਇਆ ਸੀ, ਝੁਠਲਾ ਦਿੱਤੀਆਂ ਹਨ। ਪੰਜਾਬ ਦਾ ਅੱਧਾ ਹਿੱਸਾ ਤਾਂ ਤਲਾਬ ਬਣ ਗਿਆ ਹੈ। ਨਵਾਂਸ਼ਹਿਰ, ਅਨੰਦਪੁਰ ਸਾਹਿਬ ਤੇ ਰੋਪੜ ਦੇ ਹਲਕੇ ਦੇ ਲੋਕ ਪਾਣੀ ਵਿੱਚ ਘਿਰੇ ਹੋਏ ਹਨ। ਕਿਸਾਨਾਂ ਦੀਆਂ ਫਸਲਾਂ ਲਈ ਵਰ ਬਣਨ ਵਾਲੀ ਵਰਖਾ ਇਨ੍ਹਾਂ ਪਿੰਡਾਂ ਲਈ ਸਰਾਪ ਬਣ ਗਈ ਹੈ। ਫਸਲਾਂ ਤੇ ਪਸ਼ੂ ਵੀ ਰੁੜ੍ਹ ਗਏ ਹਨ ਜਿਸਦਾ ਅੰਦਾਜ਼ਾ ਮੌਸਮ ਸਾਫ ਹੋਣ ਉੱਤੇ ਹੀ ਲੱਗੇਗਾ।

ਇਨ੍ਹਾਂ ਸਮਿਆਂ ਦੀ ਸਹੀ ਤਰ੍ਹਾਂ ਸਿਲਸਲੇਵਾਰ ਸਮੀਖਿਆ ਅਤੇ ਸੁਚੱਜੀ ਸੁਰੱਖਿਆ ਹੀ ਤਾਂ ਸਰਕਾਰ ਦਾ ਕੰਮ ਹੁੰਦਾ ਹੈ। ਪਰ ਜੇ ਵੇਲੇ ਸਿਰ ਸਾਧਨ ਜੁਟਾਉਣ ਦੀ ਥਾਂ ਸਰਕਾਰਾਂ 'ਵਿਹੜੇ ਆਈ ਜੰਞ ਤੇ ਵਿੰਨ੍ਹੋ ਕੁੜੀ ਦੇ ਕੰਨ' ਵਾਲੀ ਧਾਰਨਾ ਉੱਤੇ ਨਿਰਭਰ ਹੋਣ ਲੱਗ ਪੈਣ ਤਾਂ ਲੋਕਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੀ ਹੋਵੇਗਾ। ਜਦੋਂ ਪਤਾ ਹੈ ਕਿ ਹਰ ਸਾਲ ਜੂਨ ਦੇ ਅੱਧ ਤੋਂ ਬਾਦ ਬਰਸਾਤ ਦੀ ਰੁੱਤ ਸ਼ੁਰੂ ਹੋਣੀ ਹੈ ਤਾਂ ਸੀਵਰੇਜ, ਨਾਲੇ ਤੇ ਨਹਿਰਾਂ ਮਈ ਮਹੀਨੇ ਤੱਕ ਸਾਫ ਕਿਉਂ ਨਹੀਂ ਕਰਵਾਏ ਜਾਂਦੇ? ਸਾਨੂੰ ਇਸ ਗੱਲ ਉੱਤੇ ਨਹੀਂ ਬੈਠੇ ਰਹਿਣਾ ਚਾਹੀਦਾ ਕਿ ਜੇ ਨੁਕਸਾਨ ਹੋਵੇਗਾ ਤਾਂ ਵੇਖ ਲਿਆ ਜਾਵੇਗਾ।ਸਥਾਨਕ ਸਰਕਾਰਾਂ ਅਤੇ ਪ੍ਰਸ਼ਾਸਨ ਦੇ ਹੋਰ ਵਿੰਗ ਕੀ ਕੇਵਲ ਮੀਟਿੰਗਾਂ ਕਰਨ ਅਤੇ ਬਜਟ ਬਣਾਉਣ ਅਤੇ ਖਰਚਣ ਲਈ ਹੀ ਹਨ। ਅਬਾਦੀ ਦੇ ਵਧਣ ਨਾਲ ਲੋਕਾਂ ਦਾ ਸ਼ਹਿਰਾਂ ਵੱਲ ਝੁਕਾਅ ਵਧਣ ਲੱਗ ਪਿਆ ਹੈ। ਸਰਕਾਰਾਂ ਰੋਡ ਟੈਕਸ ਅਤੇ ਟੋਲ ਟੈਕਸ ਦੋਹਰੇ ਦੋਹਰੇ ਕਰ ਤਾਂ ਉਗਰਾਹੁਣਾ ਜਾਣਦੀਆਂ ਹਨ ਪਰ ਸੀਵਰੇਜ ਅਤੇ ਗਲੀਆਂ, ਨਾਲੀਆਂ ਸਮੇਂ ਸਿਰ ਨਾ ਬਣਾਏ ਜਾਂਦੇ ਹਨ ਤੇ ਨਾ ਹੀ ਸਾਫ ਕਰਵਾਏ ਜਾਂਦੇ ਹਨ। ਜੇ ਸੀਵਰੇਜ ਦੇ ਪਾਈਪ ਸਮਰੱਥਾ ਅਨੁਸਾਰ ਖੁੱਲ੍ਹੇ ਹੋਣ ਤਾਂ ਥੋੜ੍ਹੀ ਕੀਤੇ ਮੀਂਹ ਦਾ ਪਾਣੀ ਸੜਕਾਂ ਵਿੱਚ ਦਾਖਲ ਨਹੀਂ ਹੁੰਦਾ ਅਤੇ ਸੜਕਾਂ ਵੀ ਟੁੱਟਣੋ ਬਚ ਜਾਂਦੀਆਂ ਹਨ। ਪਰ ਅਜਿਹਾ ਹੁੰਦਾ ਨਹੀਂ। ਮੀਂਹ ਅਜੇ ਦਿੱਲੀ ਹੋਵੇ ਜਲੰਧਰ ਦੇ ਸੀਵਰੇਜ ਪਹਿਲਾਂ ਬਲਾਕ ਹੋ ਜਾਂਦੇ ਹਨ। ਇਹ ਹੈ ਸਾਡੀ ਤਰੱਕੀ ਦੀ ਦਾਸਤਾਨ। 72 ਸਾਲ ਹੋ ਗਏ ਹਨ ਦੇਸ਼ ਨੂੰ ਅਜਾਦ ਹੋਏ ਨੂੰ, ਅਜੇ ਤੱਕ ਗਲੀਆਂ, ਨਾਲੀਆਂ ਅਤੇ ਨਜਾਇਜ਼ ਕਲੋਨੀਆਂ ਦੀ ਸਮੱਸਿਆਂ ਹੀ ਹੱਲ ਨਹੀਂ ਹੋਈ ਤੇ ਮੀਂਹ ਦਾ ਪਾਣੀ ਕਿਵੇਂ ਕੰਟਰੋਲ ਹੋਵੇ?

ਸਰਕਾਰਾਂ ਭਲੀਭਾਂਤ ਜਾਣਦੀਆਂ ਹਨ ਕਿ ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਵਰਤੋਂ ਨੇ ਪਾਣੀ ਨੂੰ ਖਾਤਮੇ ਦੀ ਕਗਾਰ ਤੇ ਲਿਆ ਦਿੱਤਾ ਹੈ। ਫਿਰ ਇਹ ਬਰਸਾਤ ਦਾ ਵਾਧੂ ਪਾਣੀ ਜੋ ਜਾਨ ਅਤੇ ਮਾਲ ਦਾ ਖੌਅ ਬਣਦਾ ਹੈ ਤੇ ਨੁਕਸਾਨ ਕਰਦਾ ਹੋਇਆ ਜਾ ਸਮੁੰਦਰ ਦੀ ਸ਼ਰਨ ਲੈਂਦਾ ਹੈ, ਇਸ ਪਾਣੀ ਨੂੰ ਧਰਤੀ ਹੇਠ ਪੁਚਾਉਣ ਦੇ ਉਪਰਾਲੇ ਕਿਉਂ ਨਹੀਂ ਕੀਤੇ ਜਾਂਦੇ? ਇਹ ਉਪਰਾਲੇ ਤਾਂ ਸਰਕਾਰ ਨੂੰ ਹੀ ਪ੍ਰੋਜੈਕਟ ਬਣਾ ਕੇ ਸਿਰੇ ਚਾੜ੍ਹਨੇ ਪੈਣੇ ਹਨ, ਕਿਸੇ ਇਕੱਲੇ ਕਾਰੇ ਮਨੁੱਖ ਦੇ ਵੱਸ ਦਾ ਰੋਗ ਨਹੀਂ ਹਨ। ਪਰ ਸਰਕਾਰਾਂ ਅਜਿਹਾ ਕਦ ਸੋਚਦੀਆਂ ਹਨ। ਉਹਨਾਂ ਨੂੰ ਤਾਂ ਆਪਣੀ ਹੋਂਦ ਅਤੇ ਵੋਟ ਬੈਂਕ ਦੀ ਚਿੰਤਾ ਸਤਾਉਂਦੀ ਰਹਿੰਦੀ ਹੈ। ਅੱਜ ਏ ਕੱਲ੍ਹ ਬੀ ਤੇ ਫਿਰ ਸੀ ਸਾਰੀਆਂ ਪਾਰਟੀਆਂ ਨੇ ਇੱਕੋ ਹੀ ਰਾਹ ਫੜਿਆ ਹੋਇਆ ਹੈ। ਹਰ ਪੰਜ ਸਾਲ ਬਾਦ ਚੋਣਾਂ ਹੁੰਦੀਆਂ ਹਨ। ਨਵੇਂ ਨਵੇਂ ਸਬਜ਼ਬਾਗ ਤੇ ਨਾਅਰੇ ਜਨਮ ਲੈਂਦੇ ਹਨ ਪਰ ਪ੍ਰਨਾਲਾ ਉੱਥੇ ਦਾ ਉੱਥੇ ਹੀ ਰਹਿੰਦਾ ਹੈ। ਅੰਨ੍ਹੇ ਨੂੰ ਬੋਲਾ ਘੜੀਸੀ ਫਿਰਦਾ ਹੈ। ਸਰਕਾਰ ਬਦਲਣ ਤੇ ਲੋਕ ਬੜੇ ਖੁਸ਼ ਹੁੰਦੇ ਹਨ ਕਿ ਹੁਣ ਕਿਸਮਤ ਬਦਲੀ ਵੇਖੋ। ਗਰੀਬੀ ਗਈ ਕਿ ਗਈ। ਪਰ ਨਾ ਕਿਸਮਤ ਬਦਲਦੀ ਹੈ ਨਾ ਗਰੀਬੀ ਖਤਮ ਹੁੰਦੀ ਹੈ।

ਘੁੰਮ ਘੁਮਾ ਕੇ ਜਦੋਂ ਫਿਰ ਵਰਖਾ ਰੁੱਤ ਦੇ ਦੀਦਾਰ ਹੁੰਦੇ ਹਨ, ਪਹਿਲੇ ਮੀਂਹ ਨਾਲ ਹੀ ਪ੍ਰਸ਼ਾਸਨ ਦੇ ਕੀਤੇ ਸੁਧਾਰਾਂ ਦੇ ਪੋਲ ਖੁੱਲ੍ਹ ਜਾਂਦੇ ਹਨ ਜਦੋਂ ਸੜਕਾਂ ਨਹਿਰਾਂ ਬਣ ਜਾਂਦੀਆਂ ਹਨ ਤੇ ਲੋਕ ਵਾਹਨਾਂ ਸਮੇਤ ਉਹਨਾਂ ਵਿੱਚ ਤਾਰੀਆਂ ਲਗਾਉਂਦੇ ਨਜ਼ਰੀਂ ਪੈਂਦੇ ਹਨ। ਅੱਜਕੱਲ ਦੀ ਬਰਸਾਤ ਵਿਚ ਅਮ੍ਰਿਤਸਰ, ਜਲੰਧਰ, ਲੁਧਿਆਣਾ, ਬਠਿੰਡਾ ਤੇ ਫਿਲੌਰ ਦੇ ਝੀਲਾਂ ਵਰਗੇ ਨਜਾਰੇ ਇਸ ਪ੍ਰਗਤੀ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੇ ਹਨ।

**-ਦਰਸ਼ਨ ਸਿੰਘ ਰਿਆੜ**

## ਭਾਰਤ ਦਾ ਲੋਕ ਰਾਜ ਇੱਕ ਮੁਖੌਟਾ ਹੈ

ਜਦ ਭਾਰਤ ਅਜ਼ਾਦ ਹੋਇਆ ਸੀ, ਨਾ ਤਾਂ ਧਰਮਾਂ ਅਤੇ ਨਾ ਹੀ ਜਾਤਾਂ-ਪਾਤਾਂ ਦਾ ਇੰਨਾ ਰੌਲਾ ਸੀ। ਉਸ ਸਮੇਂ ਅਗਾਂਹ ਵਧੂ ਉਮੀਦਵਾਰਾਂ ਦੀ ਕਾਫੀ ਗਿਣਤੀ ਹੁੰਦੀ ਸੀ। ਜਿਉਂ ਜਿਉਂ ਧਾਰਮਾਂ, ਫਿਰਕਿਆਂ ਅਤੇ ਜਾਤ-ਪਾਤਾਂ ਦੇ ਆਧਾਰ 'ਤੇ ਉਮੀਦਵਾਰ ਵਧਦੇ ਗਏ, ਅਗਾਂਹ ਵਧੂਆਂ ਦੀ ਗਿਣਤੀ ਘਟਦੀ ਗਈ। ਵਿਕਸਿਤ ਦੇਸ਼ਾਂ ਵਿੱਚ ਲੋਕ ਰਾਜ ਇਸ ਲਈ ਹੈ ਕਿ ਇਨ੍ਹਾਂ ਦੇਸ਼ਾਂ ਵਿੱਚ ਧਰਮ ਸਿਆਸਤ ਉੱਤੇ ਭਾਰੂ ਨਹੀਂ ਹੈ ਅਤੇ ਜਾਤ-ਪਾਤ ਦਾ ਤਾਂ ਨਾਮ ਹੀ ਨਹੀਂ। ਨਹਿਰੂ ਦੇ ਸਮੇਂ ਕਾਂਗਰਸ ਧਰਮ ਨਿਰਪੇਖ ਪਾਰਟੀ ਸੀ ਅਤੇ ਬੀਤੇ ਦਿਨੀਂ ਕਾਂਗਰਸ ਪਾਰਟੀ ਦਾ ਮੁਖੀ ਰਾਹਲ ਗਾਂਧੀ, ਨਹਿਰੂ ਦਾ ਵਾਰਸ, ਵੋਟਾਂ ਲਈ ਹਿੰਦੂ ਬਣਨ ਦੀ ਦੌੜ ਵਿੱਚ ਲੱਗਾ ਰਹਾ।

ਸੱਚ ਇਹ ਹੈ ਕਿ ਵਰਤਮਾਨ ਸਮੇਂ ਭਾਰਤ ਦੀ ਚੋਣਾਂ ਦਿਆਂ ਚੋਣ ਨਤੀਜਿਆਂ ਜਿੱਤਣ ਵਾਲੇ ਉਮੀਦਵਾਰ ਜ਼ਿਆਦਾਤਰ, ਧਰਮ, ਜਾਤ-ਪਾਤ ਅਤੇ ਫ਼ਿਰਕਾਪ੍ਰਸਤੀ ਵਾਲੇ ਹੀ ਹੋਣਗੇ ਅਤੇ ਜਿੱਤਣ ਵਾਲਿਆਂ ਵਿੱਚ ਅਮੀਰ ਅਤੇ ਜੁਰਮ ਪੇਸ਼ਾਂ ਲੋਕਾਂ ਦੀ ਘਾਟ ਨਹੀਂ ਹੋਵੇਗੀ। ਬੀ.ਜੇ.ਪੀ. ਦੇ ਵਿਰੋਧੀ ਪਾਰਟੀਆਂ ਧਰਮਾਂ, ਜਾਤ ਪਾਤਾਂ ਅਤੇ ਫ਼ਿਰਕਾਪ੍ਰਸਤੀਆਂ ਦੇ ਗ੍ਰਹਿਣ ਵਿੱਚ ਹੋਣ ਕਰਕੇ, ਭਾਰਤ ਦਾ ਕੁਝ ਨਹੀਂ ਸੁਧਾਰ ਸਕਦੀਆਂ। ਪਿੱਛੇ ਜਿਹੇ ਹੋਈਆਂ ਚੋਣਾਂ ਵਿੱਚ ਆਸ ਇਹ ਸੀ ਕਿ ਜੇ ਬੀ.ਜੇ.ਪੀ. ਹਾਰ ਜਾਵੇ, ਤਦ ਲੋਕਾਂ ਨੂੰ ਕੱਟੜ ਹਿੰਦੂ ਵਿਚਾਰਧਾਰਾ ਤੋਂ ਸ਼ਾਇਦ ਰਾਹਤ ਮਿਲ ਜਾਂਦੀ। ਵਿਕਸਿਤ ਦੇਸ਼ਾਂ ਵਿੱਚ ਨਾ ਤਾਂ ਕੋਈ ਅਮੀਰ ਅਤੇ ਨਾ ਹੀ ਜੁਰਮ ਪੇਸ਼ਾ ਉਮੀਦਵਾਰ ਲੋਕ ਚੋਣਾਂ ਵਿੱਚ ਹਿੱਸਾ ਲੈਂਦੇ ਹਨ ਕਿਉਂਕਿ ਇਨ੍ਹਾਂ ਨੂੰ ਲੋਕ ਵੋਟ ਹੀ ਨਹੀਂ ਪਾਉਂਦੇ। ਲੋਕਾਂ ਤੋਂ ਡਰਦੀਆਂ ਪਾਰਟੀਆਂ ਵੀ ਨਾ ਤਾਂ ਅਮੀਰਾਂ ਅਤੇ ਨਾ ਹੀ ਜੁਰਮ ਪੇਸ਼ ਲੋਕਾਂ ਨੂੰ ਆਪਣਾ ਉਮੀਦਵਾਰ ਚੁਣਦੀਆਂ ਹਨ।

ਔਕਸਫਾਮ ਅਨੁਸਾਰ 1% ਲੋਕਾਂ ਪਾਸ ਭਾਰਤ ਦੇ ਸਰਮਾਏ ਦਾ 51.5% ਹਿੱਸਾ ਹੈ। ਇਹ ਵੀ ਕਿ ਅਮੀਰ ਅਤੇ ਗ਼ਰੀਬ ਦਾ ਪਾੜਾ ਭਾਰਤ ਵਿੱਚ ਸਭ ਤੋਂ ਵੱਧ ਹੈ ਅਤੇ ਇਹ ਹਰ ਸਾਲ ਵਧਦਾ ਹੀ ਜਾ ਰਿਹਾ ਹੈ। ਲਾਇਵ ਮਿੰਟ ਮੁਤਾਬਕ ਭਾਰਤ ਦੇ 10% ਅਮੀਰਾਂ ਕੋਲ ਭਾਰਤ ਦੇ ਸਰਮਾਏ 77.4 % ਹਿੱਸਾ ਹੈ। ਗ਼ਰੀਬੀ ਦੀ ਪੱਧਰ ਤੋਂ ਹੇਠਾਂ ਜੀਂਦੇ ਲੋਕ, ਭੁੱਖੇ ਮਰਦੇ, ਵੋਟ ਦੀ ਕੀਮਤ ਕੀ ਜਾਨਣ। ਜੋ ਕੋਈ ਉਮੀਦਵਾਰ ਧਰਮ, ਜਾਤ ਪਾਤ, ਫ਼ਿਰਕਾਪ੍ਰਸਤੀ ਹੈ ਅਤੇ ਵੱਢੀ ਦੀ ਕਮਾਈ ਵਰਤ ਕੇ ਜਿੱਤਦਾ ਹੈ, ਉਹ ਆਪਣੇ ਭੰਡਾਰ ਭਰੇਗਾ ਆਪਣੇ ਭਾਈਚਾਰੇ ਦੀ ਹੀ ਪ੍ਰਤਿਨਿਧਤਾ ਕਰੇਗਾ ਨਾ ਕਿ ਆਪਣੇ ਚੋਣ ਹਲਕੇ ਦੇ ਲੋਕਾਂ ਦੀ। ਇਸ ਤਰ੍ਹਾਂ ਭਾਰਤ ਦੀ ਸਰਕਾਰ ਲੋਕਾਂ ਦੀ ਸਰਕਾਰ ਨਹੀਂ ਹੈ।

ਕੀ ਭਾਰਤ ਦੀ ਸਰਕਾਰ ਲੋਕਾਂ ਵਾਸਤੇ ਹੈ? ਲੋਕਾਂ ਵਾਸਤੇ ਸਰਕਾਰ ਦਾ ਇਹ ਕੰਮ ਹੁੰਦਾ ਕਿ ਉਹ ਜ਼ੋਰਾਵਰ ਨੂੰ ਮਾੜੇ/ਗ਼ਰੀਬਾਂ ਦੀ ਲੁੱਟ ਨਾ ਕਰਨ ਦੇਵੇ। ਪਰ ਭਾਰਤ ਵਿੱਚ ਅੰਗਰੇਜ਼ਾਂ ਤੋਂ ਅਜ਼ਾਦੀ ਲੈਣ ਤੋਂ ਬਾਅਦ ਅਮੀਰ ਨੂੰ ਮਜ਼ਦੂਰ ਦੀ ਲੁੱਟ ਕਰਨ ਦੀ ਪੂਰਨ ਅਜ਼ਾਦੀ ਹੈ। ਮੋਦੀ ਸਰਕਾਰ ਤਾਂ ਕਾਂਗਰਸ ਨਾਲੋਂ ਵੀ ਅੱਗੇ ਲੰਘ ਗਈ ਜਦ ਉਸ ਨੇ ਅੰਗਰੇਜ਼ਾਂ ਦਾ 1925 ਦਾ ਟਰੇਡ ਐਕਟ, ਜਿਸ ਵਿੱਚ ਮਜ਼ਦੂਰਾਂ ਦੇ ਕੁਝ ਹੱਕ ਸਨ, ਨੂੰ ਵੀ ਖ਼ਤਮ ਕਰ ਦਿੱਤਾ ਹੈ। ਔਕਸਫਾਮ ਅਨੁਸਾਰ ਇੱਕ ਵਪਾਰਕ ਕੰਪਨੀ ਦਾ ਮੁਖੀ 17.5 ਦਿਨਾਂ ਵਿੱਚ ਇੰਨਾ ਧਨ ਕਮਾ ਲੈਂਦਾ ਹੈ ਜਿੰਨਾ ਇੱਕ ਮਜ਼ਦੂਰ ਨੂੰ ਕਮਾਉਣ ਲਈ ਘੱਟੋ ਘੱਟ 50 ਸਾਲ ਲਗਦੇ ਹਨ। ਵਿਕਸਿਤ ਦੇਸ਼ਾਂ ਵਿੱਚ ਇਹ ਪਾੜਾ ਬਹੁਤ ਘੱਟ ਹੈ। ਭਾਰਤ ਵਿੱਚ ਮਜ਼ਦੂਰ ਦਿਹਾੜੀ ਕਰਕੇ ਆਪਣਾ ਅਤੇ ਆਪਣੇ ਪ੍ਰਵਾਰ ਦਾ ਢਿੱਡ ਨਹੀਂ ਭਰ ਸਕਦਾ। ਭਾਰਤ ਵਿੱਚ 75% ਲੋਕ ਗ਼ਰੀਬੀ ਦੀ ਪੱਧਰ ਤੋਂ ਹੇਠਾਂ ਵਿੱਚ ਜੀਅ ਰਹੇ ਹਨ। ਭਾਰਤ ਵਿੱਚ ਅਮੀਰਾਂ ਦੀ ਗਿਣਤੀ ਦਾ ਤੇਜ਼ੀ ਨਾਲ ਵਾਧਾ ਦੱਸਦਾ ਹੈ ਕਿ ਸਰਕਾਰ ਲੋਕਾਂ ਦੀ ਨਹੀਂ, ਅਮੀਰਾਂ ਦੀ ਹੈ। ਭਾਰਤ ਵਿੱਚ ਮਜ਼ਦੂਰਾਂ ਦੀ ਲੁੱਟ ਦੀ ਭਰਮਾਰ ਹੈ। ਉੱਚੀ ਜਾਤ ਦੇ ਲੋਕਾਂ ਨੂੰ ਦਲਿਤਾਂ ਨੂੰ ਕੁੱਟਣ ਮਾਰਨ ਦੀ ਖੁੱਲ੍ਹ ਹੈ, ਸਰਕਾਰੀ ਕਰਮਚਾਰੀਆਂ ਉੱਤੇ ਵੱਢੀ ਲੈਣ ਦੀ ਕੋਈ ਰੋਕ ਨਹੀਂ ਅਤੇ ਕਾਨੂੰਨ ਅਤੇ ਇਨਸਾਫ਼ ਅਮੀਰ ਦੀ ਇਜਾਰੇਦਾਰੀ ਹੈ, ਇਹ ਹੀ ਆਧੁਨਿਕ ਭਾਰਤ ਹੈ।

ਸ਼ਹੀਦਾਂ ਨੇ ਅਥਾਹ ਕੁਰਬਾਨੀਆਂ ਦੇ ਕੇ ਭਾਰਤ ਨੂੰ ਅਜ਼ਾਦ ਕਰਾਇਆ ਸੀ।, ਜੇ ਉਨ੍ਹਾਂ ਨੂੰ ਪਤਾ ਹੁੰਦਾ ਕਿ ਅਜ਼ਾਦੀ ਦਾ ਅਰਥ ਇਹ ਹੋਵੇਗਾ, ਉਹ ਕੁਰਬਾਨੀਆਂ ਦੇਣ ਤੋਂ ਪਹਿਲਾਂ ਸੌ ਵਾਰ ਸੋਚਦੇ। ਸ਼ਹੀਦ ਭਗਤ ਸਿੰਘ ਇਸ ਬਾਬਤ ਜਾਣਦਾ ਸੀ। ਇਸੇ ਲਈ ਉਸ ਨੇ ਕਿਹਾ ਸੀ ਕਿ ਉਸ ਨੂੰ ਯਕੀਨ ਹੈ ਭਾਰਤ ਇੱਕ ਦਿਨ ਅਜ਼ਾਦ ਹੋ ਜਾਵੇਗਾ ਪਰ ਉਸ ਨੂੰ ਡਰ ਸੀ ਕਿ ਕਾਲੇ ਬਾਬੂ ਅੰਗਰੇਜ਼ਾਂ ਵਾਲੀਆਂ ਕੁਰਸੀਆਂ ਉੱਤੇ ਬੈਠ ਜਾਣਗੇ ਅਤੇ ਅੰਗਰੇਜ਼ਾਂ ਨਾਲੋਂ ਵੀ ਜ਼ਿਆਦਾ ਭੈੜੇ ਹੋਣਗੇ। ਸ਼ਹੀਦ ਭਗਤ ਸਿੰਘ ਦਾ ਡਰ ਸੱਚ ਹੀ ਤਾਂ ਸਾਬਤ ਹੋਇਆ ਹੈ।

**-ਜਗਤਾਰ ਸਹੋਤਾ**

## ਸਾਨੂੰ ਮਾਣ ਐ ਰਵੀ ਸਿੰਘ ਉੱਤੇ

ਰਵੀ ਸਿੰਘ ਨੇ ਪੰਜਾਬ ਭਾਖੜਾ ਪੀੜਤਾਂ ਲਈ ਪਹਿਲੋਂ ਡੇਢ ਲੱਖ ਫੇਰ ਢਾਈ ਲੱਖ ਪੌਂਡ ਦੇਣ ਦਾ ਐਲਾਨ ਕੀਤਾ
ਪਹਿਲੋਂ ਤਾਂ ਸਾਡੇ ਵਿਦਵਾਨਾਂ ਸੁਸਰੀ ਵਾਂਗ ਬੈਠੇ ਰਹੇ
ਹੁਣ ਹੋਰ ਕੁਝ ਨਹੀਂ ਮਿਲਿਆ ਤਾਂ ਕਹਿ ਰਹੇ ਨੇ ਰਵੀ ਸਿੰਘ "ਸਿੱਖ" ਹੋਣ ਦੇ ਨਾਤੇ ਨਹੀਂ ਇਨਸਾਨੀਅਤ ਦੇ ਨਾਤੇ ਸੇਵਾ ਕਰ ਰਿਹਾ,



ਓਹਨੂੰ ਸਿੱਖੀ ਦੀ ਧਰਮ ਦੀ ਰੰਗਤ ਨਾ ਚਾੜ੍ਹੋ।
ਕਾਫੀ ਵਿਦਵਾਨਾਂ ਦੀਆਂ ਪੋਸਟਾ ਘੁੰਮ ਰਹੀਆਂ ਨੇ।
ਕਮਾਲ ਕਰਦੇ ਹੋ ਵਿਦਵਾਨ ਜੀ....
ਜਿਥੇ ਪਾਣੀ ਲਗਾਤਾਰ ਡਿੱਗਦਾ ਰਹਿੰਦਾ ਉਸ ਪੱਥਰ ਤੇ ਵੀ ਡੂੰਘ ਪਾ ਜਾਂਦਾ, ਪਾਣੀ ਦੇ ਵੇਗ ਨਾਲ ਪੱਥਰਾਂ ਦੇ ਆਕਾਰ ਬਦਲਦੇ ਨੇ।
ਓ ਭਾਈ 550 ਸਾਲਾਂ ਤੋਂ ਗੁਰੂਆਂ ਸੂਰਬੀਰਾਂ ਯੋਧਿਆਂ ਨੇ ਆਪਣੇ ਖ਼ੂਨ ਪਸੀਨੇ ਨਾਲ ਸਿੰਝਿਆ ਇਸ ਧਰਤਿ ਨੂੰ,
ਫੇਰ ਇਥੋਂ ਦੇ ਬਸ਼ਿੰਦਿਆ ਦੇ ਵਿਵਹਾਰ 'ਚ ਕਿਉਂ ਨਾ ਬਦਲਾਅ ਆਵੇਗਾ.....।
ਜਦ ਕੇਦਾਰਨਾਥ ਮੀਹਾਂ ਨੇ ਤਬਾਹੀ ਮਚਾਈ ਸੀ ਤਾਂ ਓਥੇ ਦੇ ਲੋਕਾਂ ਨੇ ਰੱਜ ਕੇ ਲੁੱਟਿਆ ਸੀ ਰਾਹਗੀਰਾਂ ਨੂੰ,
100-100 ਦੀ ਬੋਤਲ ਵੇਚੀ ਸੀ ਪਾਣੀ ਦੀ,
ਲਾਸ਼ਾਂ ਦੀਆਂ ਜੇਬਾਂ 'ਚੋਂ ਪੈਸੇ ਮੋਬਾਈਲ ਚੋਰੀ ਕੀਤੇ ਸੀ,
ਅੰਗ ਵੱਢ ਕੇ ਗਹਿਣੇ ਉਤਾਰੇ ਸਨ......।
ਤੇ ਏਧਰ ਪੰਜਾਬ 'ਚ ਰੱਬ ਕਿਵੇਂ ਵਰਤ ਰਿਹਾ, ਖ਼ੁਦ ਵੇਖ ਸਕਦੇ ਓ।
ਹਰ ਇਕ ਸਿੱਖ ਬਾਬੇ ਨਾਨਕ ਦੇ ਹੁਕਮ "ਵੰਡ ਛਕੋ" 'ਤੇ ਪਹਿਰਾ ਦੇ ਰਿਹਾ,
ਨੱਕ ਤੱਕ ਭਰੇ ਪਾਣੀ 'ਚ ਤਨੋ ਮਨੋ ਧਨੋ ਸੇਵਾ ਕਰ ਰਿਹਾ।
ਰਹੀ ਗੱਲ ਰਵੀ ਸਿੰਘ ਦੀ, ਤਾਂ ਭਾਈ ਉਹ ਸਿੱਖ ਆ,
ਸਿੱਖੀ ਸਿਧਾਂਤ 'ਤੇ ਪਹਿਰਾ ਦੇ ਰਿਹਾ ਉਹ ਵੀ।
ਸਿੱਖ ਧਰਮ ਦੇ ਫਲਸਫੇ ਤੇ ਸਿਧਾਂਤ ਵਿਚੋਂ ਇੱਕ ਇਹ ਵੀ ਆ ਕੇ ਨਿਤਾਣੇ, ਨਿਸਹਾਰੇ, ਲੋੜਵੰਦ ਨਾਲ ਬਿਨਾਂ ਕਿਸੇ ਵਿਤਕਰੇ ਨਾਲ ਖੜ੍ਹਨਾ।
ਰਵੀ ਸਿੰਘ 20 ਸਾਲਾਂ ਤੋਂ ਠੋਕ ਵਜਾ ਕੇ ਸਿੱਖੀ ਸਿਧਾਂਤ ਦੇ ਰਾਹ 'ਤੇ ਤੁਰਿਆ ਜਾ ਰਿਹਾ ਹੈ।
ਸੇਵਾ ਕਰਨ ਦਾ ਬਲ ਓਹਨੂੰ ਪਿੱਠ ਪਿੱਛੇ ਖੜਾ 550 ਸਾਲਾਂ ਦਾ ਇਤਿਹਾਸ ਦੇ ਰਿਹਾ ਤੇ ਤੁਸੀਂ ਕਮੀਨਗੀ ਵੱਸ ਉਂਦੇ ਕਿਰਦਾਰ 'ਚੋਂ ਸਿੱਖੀ ਮਨਫ਼ੀ ਕਰਨ ਚ ਲੱਗੇ ਹੋਏ ਓ.....।
ਰਹੀ ਗੱਲ ਖਾਲਿਸਤਾਨ ਦੀ, ਤਾਂ ਰਵੀ ਸਿੰਘ ਹਿੱਕ ਥਾਪੜ ਕੇ ਖਾਲਸਾ ਰਾਜ ਦਾ ਸਮਰਥਨ ਕਰਦਾ ਤੇ ਤੁਹਾਡੀ ਭਾਰਤ ਮਾਤਾ ਉਦ੍ਹੇ ਜੁੱਤੀ ਦੇ ਯਾਦ ਨਹੀਂ.....।
ਸਾਨੂੰ ਮਾਣ ਆ ਰਵੀ ਸਿੰਘ ਉੱਤੇ ਅਤੇ ਉਸ ਦੇ ਸਿੱਖ ਹੋਣ ਉੱਤੇ.....।
ਗੁਰੂਆਂ ਦਾ ਜੀਵਨ ਪੜ੍ਹੋ, ਸਿੱਖ ਸਿਧਾਂਤ ਫਲਸਫਾ ਪੜ੍ਹੋ ਤੇ ਸਮਝਣ ਦੀ ਕੋਸ਼ਿਸ਼ ਕਰੋ ਕਿ ਕਿਉਂ ਪੰਜਾਬ ਦੇ ਲੋਕ ਨਿਤਾਣਿਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹ ਜਾਂਦੇ ਨੇ ਤੇ ਬਾਕੀ ਭਾਰਤੀ ਲੁੱਟਣ ਲਈ....।
ਬਾਕੀ ਜਿੰਨੀ ਕੁ ਤੁਹਾਡੀ ਸਮਝ ਆ ਸਮਝੀ ਚੱਲੋ.....।
ਨਾਲੇ ਜਿਸ ਸੰਸਥਾ ਦਾ ਨਾਂ ਹੀ "ਖਾਲਸਾ" ਤੋਂ ਸ਼ੁਰੂ ਹੁੰਦਾ, ਓਹਨੂੰ ਕਿਉਂ ਨਾ ਦੇਈਏ ਰੰਗਤ ਧਰਮ ਦੀ.....?

**-ਅਵਤਾਰ ਸਿੰਘ ਔਲਖ**

# Sir Speedy Tustin
Printers to the Community

## Outdoor 3'x11' Promo Flag
Only $29/-
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
Only $69/-

## Receipt Books
Customized with your information and design. 2 part carbonless with numbering and perforation.
Call for Price

## Retractable 33"x 80" Banner
Includes stand and carry bag. Hi-res imaging, durable and Brilliant colors!
Only $225/-

## All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4

## 11" Printed Balloons
Printed with your logo and info. One color, one location. Min. qty 1000
19¢ each

## Your Printed T-Shirts
White T-Shirts, 1 color screen printing in 1 position. Min Qty. 100
Only $4.99

## Your Printed Caps
1 color in 1 position. Min Qty. 100
Only $4.99

## Trip Envelopes Qty 1000
Only $199/-

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਨਵਾਂ ਵਿਸ਼ਵ ਸਿਰਜਣ ਲਈ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਤੇ ਸਿੱਖ ਜ਼ਿੰਮੇਵਾਰੀ

**ਭਾਈ ਹਰਿਸਿਮਰਨ ਸਿੰਘ**



ਵਿਸ਼ਵ ਪੱਧਰ 'ਤੇ ਸਿੱਖ ਸੱਭਿਆਚਾਰ ਅਤੇ ਪੰਥ ਦਾ ਵਿਸ਼ੇਸ਼ ਸਥਾਨ ਹੈ। ਇਸ ਦਾ ਕਾਰਨ ਇਹ ਹੈ ਕਿ ਸਿੱਖ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ, ਸਮੁੱਚੀ ਸਿੱਖ ਵਿਚਾਰਧਾਰਾ ਅਤੇ ਰੌਸ਼ਨ ਸਿੱਖ ਪਰੰਪਰਾਵਾਂ ਦੇ ਸੁਚੇਤ ਵਾਰਿਸ ਹਨ। ਸਿੱਖ ਮੁਢਲੇ ਤੌਰ 'ਤੇ ਗਤੀਸ਼ੀਲ, ਸਾਹਸਿਕ ਬਿਰਤੀ ਅਤੇ ਹਮੇਸ਼ਾਂ ਫੈਲਾਅ ਵਾਲੀ ਸਥਿਤੀ ਵਿੱਚ ਰਹਿਣ ਵਾਲੇ ਲੋਕ ਹਨ। ਪਿਛਲੀਆਂ ਪੰਜ ਸਦੀਆਂ ਤੋਂ ਵਧੇਰੇ ਇਤਿਹਾਸ ਦੇ ਅਨੇਕਾਂ ਉਤਰਾਵਾਂ ਚੜ੍ਹਾਵਾਂ ਦੇ ਨਤੀਜੇ ਵਜੋਂ ਉਹ ਵਰਤਮਾਨ ਤਕ ਪਹੁੰਚਦਿਆਂ ਆਪਣਾ ਵਿਸ਼ਵ ਫੈਲਾਅ ਵੀ ਕਰ ਚੁੱਕੇ ਹਨ। ਨਤੀਜਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ, ਗੁਰਦੁਆਰੇ, ਸਿੱਖ ਧਰਮ ਸੰਸਥਾਵਾਂ, ਸਿੱਖੀ ਦੇ ਮਹਾਨ ਆਦਰਸ਼ ਅਤੇ ਉਨ੍ਹਾਂ ਦੀ ਹੋਂਦ ਦੇ ਮੁਢਲੇ ਆਧਾਰ ਵਿਸ਼ਵ ਚੇਤਨਾ ਦਾ ਹਿੱਸਾ ਬਣ ਚੁੱਕੇ ਹਨ। 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਦੇ ਵਾਰਿਸ ਜਿੱਥੇ ਸਿੱਖੀ ਸਿਧਾਂਤਾਂ ਦੀ ਸ਼ੁੱਧਤਾ ਕਾਇਮ ਰੱਖਣ ਅਤੇ ਇਸ ਦੀ ਵਿਸ਼ਵ ਪ੍ਰਵਾਨਤਾ ਲਈ ਯਤਨਸ਼ੀਲ ਰਹਿੰਦੇ ਹਨ, ਉੱਥੇ ਉਹ ਆਪਣੇ ਮੂਲ ਆਦਰਸ਼ਾਂ ਅਨੁਸਾਰ ਵਿਸ਼ਵ ਮਾਨਵਤਾ ਦੀਆਂ ਸਮੱਸਿਆਵਾਂ, ਦੁੱਖਾਂ ਅਤੇ ਹੋਰ ਚੁਣੌਤੀਆਂ ਦਾ ਨਿਵਾਰਣ ਕਰਨ ਲਈ ਵੀ ਹਮੇਸ਼ਾਂ ਯਤਨਸ਼ੀਲ ਰਹਿਣੇ ਲੋੜੀਂਦੇ ਹਨ, ਪਰ ਫਿਰ ਵੀ ਇਨ੍ਹਾਂ ਪੂਰਕ ਵਿਚਾਰਾਂ ਅਤੇ ਯਤਨਾਂ ਸਬੰਧੀ ਉਨ੍ਹਾਂ ਨੇ ਅਜੇ ਹੋਰ ਸਪਸ਼ਟ ਅਤੇ ਭਵਿੱਖਮੁਖੀ ਹੋਣਾ ਹੈ।

ਸੰਨ 1947 ਤੋਂ ਬਾਅਦ ਦੀ ਸਥਿਤੀ ਵਿਚ ਉਹ ਸਿੱਧੇ ਤੌਰ 'ਤੇ ਰੱਖਿਆਤਮਕ ਪਹੁੰਚ ਅਪਨਾਉਣ ਲਈ ਮਜਬੂਰ ਹਨ। ਇਸ ਸਥਿਤੀ ਦਾ ਇੱਕ ਵੱਡਾ ਨੁਕਸਾਨ ਉਨ੍ਹਾਂ ਦੀ ਗਤੀਸ਼ੀਲਤਾ, ਸਿਰਜਣਾਤਮਿਕਤਾ ਦੇ ਕਮਜ਼ੋਰ ਪੈ ਜਾਣ ਅਤੇ ਵੱਡੇ ਆਦਰਸ਼ਾਂ ਪ੍ਰਤੀ ਭਵਿੱਖਮੁਖੀ ਦ੍ਰਿਸ਼ਟੀਕੋਣ ਨਾ ਅਪਨਾਉਣ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਉਹ ਆਪਣੀ ਸ਼ੁੱਧਤਾ ਕਾਇਮ ਰੱਖਣ ਅਤੇ ਸਿੱਖ ਰਹਿਤ ਨੂੰ ਬਣਾਈ ਰੱਖਣ ਦਾ ਆਦਰਸ਼ ਪਿਛਲੇ ਕਾਫ਼ੀ ਸਾਲਾਂ ਤੋਂ ਮਿਥੀ ਬੈਠੇ ਹਨ। ਆਪਣੇ ਸੱਭਿਆਚਾਰ ਨੂੰ ਬਚਾਉਣ ਲਈ ਇਹ ਸਿੱਧੀ ਰੱਖਿਆਤਮਕ ਪਹੁੰਚ ਹੈ ਜਿਸ ਵਿੱਚ ਉਹ ਇੱਕੋ ਸਮੇਂ ਸਫ਼ਲ ਵੀ ਹੋਏ ਹਨ ਅਤੇ ਅਸਫ਼ਲ ਵੀ ਹੋ ਰਹੇ ਹਨ।

ਜ਼ਾਹਿਰ ਹੈ ਕਿ ਸਿੱਖ ਪੰਥ ਆਪਣੇ ਕੁਝ ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਮਹਾਨ ਵਿਸ਼ਵ ਆਦਰਸ਼ਾਂ ਨੂੰ ਅਮਲੀ ਰੂਪ ਦੇਣ ਲਈ ਰੱਖਿਆਤਮਕ ਪਹੁੰਚ ਉੱਤੇ ਚਲਦਿਆਂ ਆਪਣੇ ਉਨ੍ਹਾਂ ਵੱਡੇ ਸੁਪਨਿਆਂ ਨੂੰ ਮਿਥ ਹੀ ਨਹੀਂ ਸਕਿਆ, ਜਿਨ੍ਹਾਂ ਦਾ ਸਿੱਖ ਵਿਚਾਰਧਾਰਾ ਦਮ ਭਰਦੀ ਹੈ। ਇਸ ਵਿਚਾਰ ਵਿੱਚ ਕੋਈ ਸ਼ੱਕ ਨਹੀਂ ਕਿ ਵਰਤਮਾਨ ਦਾ ਭਾਰਤੀ ਪੰਜਾਬ ਉਨ੍ਹਾਂ ਦੇ ਕੌਮੀ ਘਰ ਅਥਵਾ ਇੱਕ ਭੂਗੋਲਿਕ ਇਕਾਈ ਵਜੋਂ ਸਥਾਪਿਤ ਹੋ ਚੁੱਕਾ ਹੈ। ਇਸ ਵਿੱਚ ਉਨ੍ਹਾਂ ਦੀ ਧਰਮ ਤੇ ਰਾਜਨੀਤੀ ਸਮੇਤ ਸਾਰੀਆਂ ਸੰਸਥਾਵਾਂ ਦੀ ਸ਼ਕਤੀ ਬਣੀ ਰਹਿਣੀ ਜ਼ਰੂਰੀ ਹੈ। ਪੰਜਾਬ ਵਿੱਚ ਪ੍ਰਚਲਿਤ ਭਾਰਤੀ ਪ੍ਰਬੰਧ ਦੀਆਂ ਪੇਸ਼ਕਦਮੀਆਂ ਅਨੁਸਾਰ ਰਾਜ ਕਰਦਿਆਂ ਇਸ ਦੇ ਨਾਲ-ਨਾਲ ਉਨ੍ਹਾਂ ਲਈ ਸਿੱਖ ਵਿਚਾਰਧਾਰਾ ਦੇ ਮੌਲਿਕ ਕੁਦਰਤ-ਮੁਖੀ ਸਮਾਜ ਰਾਜ ਮਾਡਲ ਅਨੁਸਾਰ ਰਾਜ ਦੀਆਂ ਨੀਤੀਆਂ ਬਣਾ ਕੇ ਇੱਥੋਂ ਦੇ ਲੋਕਾਂ ਨੂੰ ਸਫ਼ਲ ਰਾਜ ਵਿਵਸਥਾ ਦੇਣ ਵਿੱਚ ਕੋਈ ਰੁਕਾਵਟ ਨਹੀਂ ਹੈ। ਦੂਜੇ ਸ਼ਬਦਾਂ ਵਿੱਚ ਪੰਜਾਬ ਉਨ੍ਹਾਂ ਦੇ ਮੌਲਿਕ ਸਿੱਖ ਮਾਡਲ ਨੂੰ ਸਫ਼ਲ ਕਰਨ ਵਾਲੀ ਇੱਕ ਪ੍ਰਯੋਗਸ਼ਾਲਾ ਬਣਨੀ ਜ਼ਰੂਰੀ ਹੈ, ਜਿਸ ਲਈ ਸਿੱਖ ਵਿਦਵਾਨਾਂ ਨੂੰ ਵਿਸ਼ੇਸ਼ ਉੱਦਮ ਕਰਨੇ ਹੋਣਗੇ। ਪੰਜਾਬ ਵਿੱਚ ਸਿੱਖ ਵਿਚਾਰਧਾਰਾ ਅਨੁਸਾਰ ਸਿੱਖ ਕ੍ਰਾਂਤੀ ਲਿਆਉਣ ਪ੍ਰਥਾਇ ਜੇਕਰ ਸਿੱਖ ਪੰਥ ਆਪਣੀਆਂ ਸਾਰੀਆਂ ਸੰਸਥਾਵਾਂ ਨੂੰ ਸ਼ਕਤੀਸ਼ਾਲੀ ਅਤੇ ਸਪਸ਼ਟ ਕਰ ਲਵੇ ਤਾਂ ਉਹ ਘੱਟੋ-ਘੱਟ ਉਨ੍ਹਾਂ ਨੌਜਵਾਨਾਂ ਅਤੇ ਸਿੱਖ ਮਾਨਸਿਕਤਾ ਨੂੰ ਹੋਰ ਸ਼ਕਤੀਸ਼ਾਲੀ ਅਤੇ ਆਦਰਸ਼ਵਾਦੀ ਬਣਾ ਦੇਵੇਗਾ, ਜੋ ਸਿੱਖੀ ਰੂਪ-ਸਰੂਪ ਅਤੇ ਚੇਤਨਾ ਨੂੰ ਪ੍ਰਣਾਏ ਹੋਏ ਹਨ। ਮਹਿਸੂਸ ਕੀਤਾ ਜਾ ਸਕਦਾ ਹੈ ਕਿ ਸਿੱਖੀ ਰੂਪ-ਸਰੂਪ ਨੂੰ ਕਾਇਮ ਕਰਨ ਵਾਲੇ ਯਤਨ ਉਨ੍ਹਾਂ ਸਿੱਖਾਂ ਉੱਤੇ ਕੇਂਦਰਿਤ ਹਨ ਜੋ ਸਿੱਖ ਰਹਿਣੀ-ਬਹਿਣੀ ਤੋਂ ਦੂਰ ਜਾ ਚੁੱਕੇ ਹਨ। ਸਪਸ਼ਟ ਹੈ ਕਿ ਸਿੱਖ ਪੰਥ ਭਵਿੱਖ ਵਿੱਚ ਸਿੱਖਾਂ ਦੀ ਵਿਅਕਤੀਗਤ ਜੀਵਨ ਦੀ ਤਿਆਰੀ ਨੂੰ ਕੇਵਲ ਉਨ੍ਹਾਂ ਦੇ ਬਾਹਰੀ ਰੂਪ-ਸਰੂਪ ਕਾਇਮ ਰੱਖਣ, ਨਸ਼ੇ ਤਿਆਗਣ ਅਤੇ ਭਰੂਣ ਹੱਤਿਆ ਦਾ ਵਿਰੋਧ ਕਰਨ ਅਤੇ ਪੰਜਾਬ ਵਿੱਚ ਅਕਾਲੀ ਦਲ ਵੱਲੋਂ ਵਿਚਾਰਧਾਰਕ ਰਾਜਨੀਤੀ ਨਾ ਕਰਕੇ ਸਗੋਂ ਦਾਅ-ਪੇਚ ਖੇਡ ਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਦੇ ਸੀਮਿਤ ਆਦਰਸ਼ਾਂ ਦੇ ਆਧਾਰ 'ਤੇ ਨਾ ਪੰਜਾਬ ਵਿੱਚ ਅਤੇ ਨਾ ਹੀ ਵਿਸ਼ਵ ਵਿੱਚ ਕੋਈ ਵੱਡੀ ਦੂਰ-ਦ੍ਰਿਸ਼ਟੀ ਵਾਲੀ ਪ੍ਰਾਪਤੀ ਕਰ ਸਕੇਗਾ। ਪੰਥ ਦੇ ਸਿਆਣਿਆਂ ਲਈ ਇਸ ਬਾਰੇ ਸੰਜੀਦਾ ਸੋਚ ਅਤੇ ਪਹੁੰਚ ਅਪਣਾਉਣ ਦੀ ਲੋੜ ਹੈ। ਸਿੱਖ ਪੰਥ ਵਿਸ਼ਵ ਦੇ ਸਾਰੇ ਹਿੱਸਿਆਂ ਵਿੱਚ ਸਵੇਰੇ ਸ਼ਾਮ ਜਿੱਥੇ ਸਿੱਖ ਪੰਥ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦਾ ਗੁਰੂ ਅੱਗੇ ਆਪਣੇ ਆਪ ਨੂੰ ਵਚਨਬੱਧ ਕਰਦਾ ਹੈ, ਉੱਥੇ ਉਹ ਸਾਰੇ ਲੋਕਾਂ ਦਾ ਭਲਾ ਵੀ ਮੰਗਦਾ ਹੈ। ਜਦੋਂ ਵੀ ਵਿਸ਼ਵ ਦੇ ਕਿਸੇ ਹਿੱਸੇ ਵਿੱਚ ਲੋਕਾਂ ਨੂੰ ਭੂਚਾਲ, ਹੜ੍ਹਾਂ ਅਤੇ ਸੋਕੇ ਆਦਿ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਸਿੱਖ ਵਧ ਚੜ੍ਹ ਕੇ ਉਨ੍ਹਾਂ ਲੋਕਾਂ ਦੀ ਮਦਦ ਲਈ ਪਹੁੰਚਦੇ ਹਨ। ਸੁਆਲ ਇਹ ਪੈਦਾ ਹੁੰਦਾ ਹੈ ਕਿ 'ਸਰਬੱਤ ਦੇ ਭਲੇ' ਦੇ ਵਿਚਾਰ ਅਧੀਨ ਅਕਾਲ ਤਖ਼ਤ ਸਾਹਿਬ ਸਮੇਤ ਸਮੁੱਚੀਆਂ ਸਿੱਖ ਸੰਸਥਾਵਾਂ, ਆਗੂਆਂ, ਵਿਦਵਾਨਾਂ ਅਤੇ ਆਮ ਸਿੱਖਾਂ ਕੋਲ ਵਿਸ਼ਵ ਦੇ ਭਲੇ ਲਈ ਪਹਿਲਕਦਮੀ ਵਾਲੇ ਕਿਹੜੇ ਆਦਰਸ਼ ਹਨ? ਅੱਜ ਵਿਸ਼ਵ ਵਿੱਚ ਜੋ ਹਾਲਾਤ ਹਨ ਅਤੇ ਜਿਸ ਤਰ੍ਹਾਂ ਦੁਨੀਆਂ ਦਾ ਵੱਡਾ ਵਰਗ ਵੱਡੀਆਂ ਸ਼ਕਤੀਆਂ ਦੀਆਂ ਨੀਤੀਆਂ ਕਾਰਨ ਅਨੇਕਾਂ ਪ੍ਰਕਾਰ ਦੇ ਕਸ਼ਟ ਝੱਲ ਰਿਹਾ ਹੈ, ਕੀ ਉਸੇ ਪੱਧਰ 'ਤੇ ਲੋਕਾਂ ਦੀ ਰਾਹਤ ਲਈ ਸਿੱਖ ਪੰਥ ਕੋਲ ਵੱਡੀ ਪਹਿਲਕਦਮੀ ਕਰਨ ਵਾਲਾ ਕੋਈ ਵਿਚਾਰਧਾਰਕ ਅਤੇ ਵਿਵਹਾਰਿਕ ਪ੍ਰੋਗਰਾਮ ਹੈ? ਜ਼ਾਹਿਰ ਹੈ ਕਿ 'ਸਰਬੱਤ ਦਾ ਭਲਾ' ਮੰਗਣ ਦਾ ਵਿਚਾਰ ਮਹਿਜ਼ ਅਰਦਾਸਾਂ ਕਰਨ ਜਾਂ ਸੀਮਤ ਕਾਰਜਾਂ ਲਈ ਲੋਕ ਭਲਾਈ ਦੇ ਕੰਮਾਂ ਤਕ ਸੀਮਤ ਨਹੀਂ ਹੈ।

ਮਹਿਸੂਸ ਕੀਤਾ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਦੇ ਮਨੁੱਖ ਆਦਰਸ਼ਕ ਸਮਾਜ ਅਤੇ ਆਦਰਸ਼ਕ ਰਾਜ ਵਿਵਸਥਾ ਆਦਿ ਲਈ ਸਿੱਖ ਸਿਧਾਂਤ ਦਿਸ਼ਾ ਦਿੰਦੇ ਹਨ, ਸਿੱਖ ਪੰਥ ਨੂੰ ਅਜਿਹੇ ਵੱਡੇ ਆਦਰਸ਼ਾਂ ਦੀ ਪ੍ਰਾਪਤੀ ਲਈ ਪੰਜਾਬ ਤੋਂ ਲੈ ਕੇ ਵਿਸ਼ਵ ਪੱਧਰ ਤਕ ਕੋਈ ਵੱਡੀ ਭੂਮਿਕਾ ਨਿਭਾਉਣੀ ਹੋਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ ਅਤੇ ਸਮੁੱਚੀ ਸਿੱਖ ਵਿਚਾਰਧਾਰਾ ਆਪਣੇ ਆਪ ਵਿੱਚ ਨਿਵੇਕਲੇ ਸਿਧਾਂਤ ਹਨ। ਅਜਿਹਾ ਨਿਵੇਕਲਾਪਣ ਸਿੱਖ ਪੰਥ ਅਤੇ ਇਸ ਦੇ ਆਗੂਆਂ ਅਤੇ ਵਿਦਵਾਨਾਂ ਤੋਂ ਨਿਵੇਕਲੇ ਯਤਨਾਂ ਦੀ ਮੰਗ ਕਰਦਾ ਹੈ। ਜਦੋਂ ਸੁਪਨੇ ਵੱਡੇ ਹੋ ਜਾਂਦੇ ਹਨ ਤਾਂ ਉਸ ਅਨੁਸਾਰ ਕੀਤੇ ਜਾਣ ਵਾਲੇ ਯਤਨ ਵੀ ਵੱਡੀ ਭੂਮਿਕਾ ਦੀ ਮੰਗ ਕਰਦੇ ਹਨ। ਜਿਸ ਮੁਕਾਮ 'ਤੇ ਅੱਜ ਸਾਰਾ ਵਿਸ਼ਵ ਪਹੁੰਚ ਚੁੱਕਾ ਹੈ, ਉਸ ਵਿੱਚ ਭਾਵੇਂ ਵੱਖ-ਵੱਖ ਦੇਸ਼ਾਂ ਵਿਸ਼ੇਸ਼ ਕਰਕੇ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਨੇ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਛੂਹ ਲਈਆਂ ਹਨ ਅਤੇ ਤਕਨਾਲੋਜੀ ਨੇ ਨਵਾਂ ਜੀਵਨ ਦਿੱਤਾ ਹੈ, ਪਰ ਕੀ ਇੱਕ ਚੰਗਾ ਆਦਰਸ਼ ਮਨੁੱਖੀ ਸਮਾਜ ਸਿਰਜਿਆ ਜਾ ਰਿਹਾ ਹੈ? ਵਿਸ਼ਵ ਦੇ ਛੋਟੇ ਸੱਭਿਆਚਾਰ ਜਿੱਥੇ ਆਪਣੀ ਹੋਂਦ ਬਚਾਉਣ ਦੀ ਵੱਡੀ ਲੜਾਈ ਲੜ ਰਹੇ ਹਨ, ਉੱਥੇ ਪੱਛਮੀ ਤੇ ਅਮਰੀਕੀ ਸ਼ਕਤੀਆਂ ਅਤੇ ਇਸਲਾਮ ਦਾ ਵੱਡਾ ਵਰਗ ਆਪਸੀ ਟਕਰਾਉ ਕਾਰਨ ਵਿਸ਼ਵ ਮਾਨਵਤਾ ਲਈ ਕਈ ਤਰ੍ਹਾਂ ਦੇ ਖਤਰੇ ਖੜ੍ਹੇ ਕਰ ਰਿਹਾ ਹੈ। ਹੁਣ ਜਦੋਂ ਨੇਸ਼ਨ-ਸਟੇਟ ਦਾ ਮਾਡਲ ਵੀ ਫੇਲ੍ਹ ਹੋ ਰਿਹਾ ਹੈ ਅਤੇ 1989-90 ਤੋਂ ਬਾਅਦ ਵਿਸ਼ਵ ਦੀ ਇੱਕ-ਧਰੁਵੀ ਅਗਵਾਈ ਅਮਰੀਕਾ ਦੇ ਹੱਥ ਆ ਗਈ ਹੈ ਤਾਂ ਸਮਾਜਵਾਦੀ ਅਤੇ ਸਾਮਵਾਦੀ ਸਿਧਾਂਤ ਪੂੰਜੀਵਾਦ ਅੱਗੇ ਕਮਜ਼ੋਰ ਪੈ ਗਏ ਹਨ। ਨਵ-ਵਿਸ਼ਵੀਕਰਨ ਦੇ ਨਾਂ ਹੇਠ ਪੱਛਮ ਦਾ ਸੱਭਿਆਚਾਰਕ ਸਾਮਰਾਜਵਾਦ ਆਪਣਾ ਫੈਲਾਅ ਕਰ ਚੁੱਕਾ ਹੈ। ਅਜਿਹੇ ਹਾਲਾਤ ਦੇ ਵਿਰੋਧ ਵਿੱਚ ਕੁਝ ਇਸਲਾਮਿਕ ਸ਼ਕਤੀਆਂ ਨੇ ਆਪਣਾ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ, ਪਰ ਉਹ ਵਿਸ਼ਵ ਨੂੰ ਪੂੰਜੀਵਾਦ ਤੋਂ ਬਦਲਵਾਂ ਸਰਵਪ੍ਰਵਾਨਿਤ ਬਦਲ ਦੇਣ ਦੀ ਬਜਾਇ ਸਾਰੇ ਵਿਸ਼ਵ ਨੂੰ 'ਸ਼ਰੀਅਤ ਇਕਸਾਰਵਾਦ' ਦੇ ਵਿਚਾਰ ਅਧੀਨ ਇਕਸਾਰ ਕਰਨ ਦੇ ਰਾਹ ਪੈ ਗਏ ਹਨ। ਪੱਛਮ ਦਾ ਸੱਭਿਆਚਾਰਕ ਸਾਮਰਾਜਵਾਦ ਵਿਸ਼ਵ ਦੇ ਕੁਝ ਲੋਕਾਂ ਦਾ ਹੀ ਫਾਇਦਾ ਕਰ ਰਿਹਾ ਹੈ। ਇਹ ਵਿਸ਼ਵ ਦੇ ਛੋਟੇ ਸੱਭਿਆਚਾਰਾਂ ਦੀ ਹੋਂਦ ਲਈ ਖ਼ਤਰਾ ਬਣਦਾ ਜਾ ਰਿਹਾ ਹੈ। ਦੂਜੇ ਪਾਸੇ ਸ਼ਰੀਅਤ ਇਕਸਾਰਵਾਦ ਨਵਾਂ ਸਹਿਣਸ਼ੀਲ, ਆਪਸੀ ਸਹਿਯੋਗ ਵਾਲਾ ਅਤੇ ਸਰਬੱਤ ਦੇ ਵਿਕਾਸ-ਵਿਗਾਸ ਵਾਲਾ ਵਿਸ਼ਵ ਸਿਰਜਣ ਦੀ ਬਜਾਇ ਸਾਰੇ ਵਿਸ਼ਵ ਸੱਭਿਆਚਾਰਾਂ ਨੂੰ ਇਕਸਾਰ ਕਰਨ ਦੇ ਰਾਹ ਪੈ ਗਿਆ ਹੈ। ਅਜਿਹੇ ਹਾਲਾਤ ਨਵੇਂ ਸਰਵਪ੍ਰਵਾਨਿਤ ਵਿਸ਼ਵ ਬਦਲ ਦੀ ਮੰਗ ਕਰ ਰਹੇ ਹਨ। ਜਦੋਂ ਮਾਨਵ ਜਾਤੀ ਦਾ ਭਵਿੱਖ ਹੀ ਖਤਰੇ ਵਿੱਚ ਪੈ ਗਿਆ ਹੋਵੇ ਤਾਂ ਹਾਲਾਤ 'ਸਰਬੱਤ ਦਾ ਭਲਾ' ਮੰਗਣ ਵਾਲਿਆਂ ਤੋਂ ਨਵੀਂ ਭੂਮਿਕਾ ਅਤੇ ਵਿਸ਼ਵ ਪੱਧਰ ਦੀ ਵੱਡੀ ਪਹਿਲਕਦਮੀ ਦੀ ਮੰਗ ਕਰਦੇ ਹਨ।

ਸਿੱਖ ਪੰਥ ਸਾਹਮਣੇ ਇੱਕ ਨਵਾਂ ਸੁਰੱਖਿਅਤ ਵਿਸ਼ਵ ਸਿਰਜਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਨਵਾਂ ਵਿਸਮਾਦੀ ਅਤੇ ਅਨੰਦਦਾਇਕ ਜੀਵਨ ਦੇਣ ਵਾਲਾ ਤੀਸਰਾ ਬਦਲ ਸਾਹਮਣੇ ਲਿਆਉਣ ਦੀ ਚੁਣੌਤੀ ਹੈ। ਵਿਸਮਾਦ ਮਨੁੱਖ ਜਾਤੀ ਨੂੰ ਆਪਸ ਵਿੱਚ ਜੋੜਨ, ਸਮਾਜਿਕ ਰਿਸ਼ਤਿਆਂ ਅਤੇ ਸਮਾਜਿਕ ਪ੍ਰਬੰਧ ਦਾ ਮਜ਼ਬੂਤ ਆਧਾਰ ਬਣਨ ਅਤੇ ਕੁਦਰਤ-ਮੁਖੀ ਸਮਾਜਿਕ ਪ੍ਰਬੰਧ ਸਿਰਜਣ ਲਈ ਪ੍ਰੇਰਨਾ ਸਰੋਤ ਹੈ।.

# ਧੰਨ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਗ਼ੈਰ ਸਿੱਖਾਂ ਦੇ ਵਿਚਾਰ

**ਇਕਵਾਕ ਸਿੰਘ ਪੱਟੀ**

ਪੰਚਮ ਪਿਤਾ, ਗੁਰੂ ਅਰਜਨ ਸਾਹਿਬ ਜੀ ਵੱਲੋਂ 'ਆਦਿ ਗ੍ਰੰਥ' ਦੀ ਸੰਪਾਦਨਾ ਇੱਕ ਮਹਾਨ ਕਾਰਜ ਹੈ। ਜਗਤ ਗੁਰੂ, ਗੁਰੂ ਨਾਨਕ ਸਾਹਿਬ ਜੀ ਵੱਲੋਂ ਸਮੁੱਚੀ ਮਨੁੱਖਤਾ ਨੂੰ ਸਰਬ ਸਾਂਝਾ ਉਪਦੇਸ਼ ਦਿੰਦੀ ਹੋਈ ਜੋ ਬਾਣੀ ਉਚਾਰਣ ਕੀਤੀ ਗਈ ਆਪ ਉਸਨੂੰ ਪੋਥੀ ਵਿੱਚ ਲਿਖ ਲੈਂਦੇ ਅਤੇ ਇਸ ਦੇ ਨਾਲ ਹੀ ਉਦਾਸੀਆਂ ਦੌਰਾਨ ਥਾਂ-ਪੁਰ-ਥਾਂ ਜਾ ਕੇ, ਉਹ ਭਗਤ ਜਿਨ੍ਹਾਂ ਨੇ ਡਟ ਕੇ ਕਰਮਕਾਂਡਾਂ, ਅੰਧਵਿਸ਼ਵਾਸ਼ਾਂ ਜਾਂ ਅਨੇਕਤਾ ਦੀ ਪੂਜਾ ਤੋਂ ਲੋਕਾਂ ਨੂੰ ਹਟਾਉਣ ਦਾ ਜਤਨ ਕੀਤਾ ਅਤੇ ਇੱਕ ਪ੍ਰਮਾਤਮਾ ਦੀ ਗੱਲ ਕੀਤੀ, ਉਹਨਾਂ ਦੀ ਬਾਣੀ ਨੂੰ ਵੀ ਆਪ ਜੀ ਨੇ ਇਕੱਤਰ ਕੀਤਾ। ਇਹ ਉਚਾਰਣ ਅਤੇ ਇਕੱਤਰ ਕੀਤੀ ਗਈ ਬਾਣੀ ਦੀ ਪੋਥੀ ਗੁਰਗੱਦੀ ਵੇਲੇ ਦੂਜੇ ਪਾਤਸ਼ਾਹ ਗੁਰੂ ਅੰਗਦ ਸਾਹਿਬ ਨੂੰ ਸੌਂਪ ਦਿੱਤੀ ਗਈ ਅਤੇ ਅੱਗੋਂ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਕੋਲ, ਫਿਰ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਕੋਲ ਹੁੰਦੇ ਹੋਏ, ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਕੋਲ ਪੁੱਜੀ। ਗੁਰੂ ਅਰਜਨ ਸਾਹਿਬ ਜੀ ਨੇ ਇਸ ਧੁਰ ਕੀ ਬਾਣੀ ਨੂੰ ਇੱਕ ਥਾਂ ਇਕੱਤਰ ਕਰਕੇ, ਸੁਹਣੇ ਢੰਗ ਨਾਲ ਸਮੁੱਚੀ ਬਾਣੀ ਨੂੰ ਰਾਗ ਬੱਧ ਕਰਦਿਆਂ ਹੋਇਆਂ, ਗੁਰੂ ਬਾਣੀ, ਭਗਤ ਬਾਣੀ ਅਤੇ ਭੱਟ ਸਾਹਿਬਾਨਾਂ ਦੀ ਬਾਣੀ ਨੂੰ ਤਰਤੀਬਵਾਰ ਦਰਜ ਕੀਤਾ। ਸਮੁੱਚੀ ਬਾਣੀ ਨੂੰ ਬਿਨ੍ਹਾਂ ਕਿਸੇ ਭੇਦਭਾਵ, ਰੰਗ-ਨਸਲ, ਜਾਤ-ਪਾਤ ਆਦਿ ਦੇ ਵਿਤਕਰੇ ਤੋਂ ਇੱਕ ਥਾਂ ਇੱਕਤਰ ਕਰਨਾ ਇੱਕ ਬਹੁਤ ਵੱਡਾ ਅਤੇ ਚਣੌਤੀ ਭਰਪੂਰ ਕੰਮ ਸੀ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਕੀਤੀ ਗਈ ਬਾਣੀ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿੱਚ ਲੈਣ ਦੇ ਸਮਰੱਥ ਹੈ। ਸਮੁੱਚੀ ਮਾਨਵਤਾ ਦੇ ਭਲੇ ਦੀ ਗੱਲ ਕਰਦੀ ਹੋਈ ਆਤਮਿਕ ਜੀਵਣ ਦੀਆਂ ਔਕੜਾਂ ਨੂੰ ਪਾਰ ਕਰਨ ਦੀ ਜਾਂਚ ਤਾਂ ਸਿਖਾਉਂਦੀ ਹੀ ਹੈ, ਉੱਥੇ ਇਸੇ ਜਨਮ ਵਿੱਚ ਮੁਕਤ ਕਿਵੇਂ ਹੋਣਾ ਹੈ ਅਤੇ ਜੀਵਣ ਨੂੰ ਸਫਲਾ ਕਿਵੇਂ ਕਰਨਾ ਹੈ, ਦਾ ਭੇਦ ਵੀ ਬਾਖੂਬੀ ਸਮਝਾ ਦਿੰਦੀ ਹੈ।

ਸਿੱਖ ਸੰਗਤਾਂ ਵਾਸਤੇ ਇਹ ਕੇਵਲ ਇੱਕ ਧਰਮ ਗ੍ਰੰਥ ਹੀ ਨਹੀਂ, ਬਲਕਿ ਦਸਾਂ ਪਾਤਸ਼ਾਹੀਆਂ ਦੀ ਜੋਤ, ਜਾਗਤ ਜੋਤ ਅਤੇ ਪ੍ਰਗਟ ਗੁਰਾਂ ਕੇ ਦੇਹ ਵੀ ਹੈ। ਇਸ ਗ੍ਰੰਥ ਵਿੱਚੋਂ ਕੇਵਲ ਰੂਹਾਨੀਅਤ ਜਾਂ ਅਧਿਆਤਮਕ ਹੀ ਨਹੀਂ ਬਲਕਿ ਰਾਜਨੀਤਿਕ, ਸੱਭਿਆਚਾਰਕ, ਸਮਾਜਿਕ ਅਤੇ ਆਰਥਿਕ ਪੱਖ ਤੋਂ ਵੀ ਜ਼ਰੂਰੀ ਦਿਸ਼ਾ ਨਿਰਦੇਸ਼ ਪ੍ਰਾਪਤ ਹੁੰਦੇ ਹਨ। ਸ਼ਾਇਦ ਇਹੀ ਕਾਰਣ ਹੈ ਕਿ ਦੇਸ਼ ਦੁਨੀਆਂ ਦੇ ਵਿਦਵਾਨਾਂ/ਬੁੱਧੀਜੀਵੀਆਂ ਜਾਂ ਜਗਿਆਸੂਆਂ ਨੇ ਜਦੋਂ ਇਸ ਦਾ ਅਧਿਐਨ ਕੀਤਾ ਤਾਂ ਆਪ ਮੁਹਾਰੇ ਉਹਨਾਂ ਦੀ ਕਲਮ ਵੱਲੋਂ ਇਸ ਗ੍ਰੰਥ ਨੂੰ ਸਰਬੋਤਮ ਗ੍ਰੰਥ ਵੱਜੋਂ ਮਾਨਤਾ ਦੇਣ ਲਈ ਮਜਬੂਰ ਹੋਣਾ ਪਿਆ। ਅਮਰੀਕਾ ਦੇ ਧਰਮ ਚਿੰਤਕ ਐੱਚ.ਐੱਲ. ਬ੍ਰਾਡਸ਼ਾਹ ਲਿਖਦਾ ਹੈ ਕਿ, 'ਸਿੱਖੀ ਇੱਕ ਸਰਬ-ਵਿਆਪਕ ਅਥਵਾ ਸੰਪੂਰਨ ਵਿਸ਼ਵ ਧਰਮ ਹੈ ਅਤੇ ਮਨੁੱਖ ਮਾਤਰ ਨੂੰ ਸਮਾਨ ਸੰਦੇਸ਼ ਦਿੰਦਾ ਹੈ। ਇਸ ਗੱਲ ਦੀ ਗੁਰਬਾਣੀ ਵਿੱਚ ਭਰਪੂਰ ਵਿਆਖਿਆ ਕੀਤਾ ਗਈ ਹੈ।' ਇਸੇ ਤਰ੍ਹਾਂ ਗੁਰੂਬਾਣੀ ਵਿੱਚ ਦਰਜ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਈ, ਸਾਹਿਤ ਵਿੱਚ ਨੋਬਲ ਪੁਰਸਕਾਰ ਜੇਤੂ ਮਿੱਸ ਪਰਲ ਐੱਸ.ਬੱਕ ਲਿਖਦੀ ਹੈ ਕਿ, 'ਮੈਂ ਹੋਰ ਵੀ ਧਰਮਾਂ ਦੇ ਗ੍ਰੰਥ ਪੜ੍ਹੇ ਹਨ, ਪਰ ਮੈਨੂੰ ਹੋਰ ਕਿਧਰੇ ਵੀ ਮਨ ਤੇ ਦਿਲ ਨੂੰ ਟੁੰਬਣ ਵਾਲੀ ਉਹ ਸ਼ਕਤੀ ਨਹੀਂ ਮਿਲੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਪ੍ਰਾਪਤ ਹੋਈ ਹੈ। ਆਕਾਰ ਦਾ ਵੱਡਾ ਹੋਣਾ ਦੇ ਬਾਵਜੂਦ ਵੀ ਇਹ ਗ੍ਰੰਥ ਇੱਕ ਬੱਝਵਾਂ ਪ੍ਰਭਾਵ ਪਾਉਂਦਾ ਹੈ। ਇਸ ਵਿੱਚ ਮਨੁੱਖੀ ਮਨ ਦੀ ਅਥਾਹ ਪਕੜ ਵਾਲੀਆਂ ਗੱਲਾਂ ਦਾ ਭੇਦ ਉਜਾਗਰ ਕੀਤਾ ਹੋਇਆ ਹੈ। ਪ੍ਰਮਾਤਮਾ ਦੇ ਪਵਿੱਤਰ ਵਿਚਾਰ ਤੋਂ ਲੈ ਕੇ ਮਨੁੱਖੀ ਸਰੀਰ ਜਿਨ੍ਹਾਂ ਆਮ ਚੀਜ਼ਾਂ ਨੂੰ ਮੰਨਦਾ ਅਤੇ ਹੱਲ ਕਰਦਾ ਹੈ, ਉਹਨਾਂ ਸਭਨਾ ਦਾ ਵਰਨਣ ਅਤੇ ਪ੍ਰਗਟਾਅ ਇਸ ਵਿੱਚ ਹੈ। ਇਸ ਗ੍ਰੰਥ ਵਿੱਚ ਇੱਕ ਅਸਚਰਜ ਅਧੁਨਿਕਤਾ ਹੈ।' ਇਸ ਤੋਂ ਵੀ ਅੱਗੇ ਉਹ ਲਿਖਦੀ ਹੈ ਕਿ, 'ਕੋਈ ਮਨੁੱਖ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਵੇ, ਜਾਂ ਨਾਸਤਕ ਹੀ ਕਿਉਂ ਨਾ ਹੋਵੇ, ਇਹ ਬਾਣੀ ਸਭ ਨੂੰ ਇੱਕੋ ਤਰ੍ਹਾਂ ਸੰਬੋਧਨ ਕਰਦੀ ਹੈ, ਕਿਉਂਕਿ ਇਸ ਦੀ ਆਵਾਜ਼ ਮਨੁੱਖੀ ਦਿਲ ਅਤੇ ਕੁਝ ਲੱਭ ਰਹੇ ਮਨਾਂ ਲਈ ਹੈ।'

ਪ੍ਰਸਿੱਧ ਵਿਦਵਾਨ ਅਤੇ ਇਤਿਹਾਸਕਾਰ ਡਾ. ਆਰਨਲ ਟਾਇਨਬੀ, ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਬਾਰੇ ਲਿਖਦਾ ਹੈ ਕਿ, 'ਮਨੁੱਖਤਾ ਦਾ ਧਾਰਮਿਕ ਭਵਿੱਖ ਭਾਵੇਂ ਧੁੰਦਲਾ ਹੋਵੇ, ਪਰ ਇੱਕ ਚੀਜ਼ ਘੱਟੋ ਘੱਟ ਦੇਖੀ ਜਾ ਸਕਦੀ ਹੈ। ਉਹ ਇਹ ਕਿ ਵੱਡੇ ਜੀਵਤ ਧਰਮ ਇੱਕ ਦੂਜੇ ਉੱਤੇ ਪਹਿਲਾਂ ਨਾਲੋਂ ਵੀ ਵਧੇਰੇ ਅਸਰ ਪਾਉਣਗੇ, ਕਿਉਂਕਿ ਧਰਤੀ ਦੇ ਵੱਖ ਵੱਖ ਇਲਾਕਿਆਂ ਅਤੇ ਮਨੁੱਖੀ ਨਸਲ ਦੀਆਂ ਵੱਖ ਵੱਖ ਸ਼ਾਖਾਵਾਂ ਵਿਚਕਾਰ ਸਬੰਧ ਵਧ ਰਹੇ ਹਨ। ਇਸ ਹੋਣ ਵਾਲੇ ਵਾਦ-ਵਿਵਾਦ ਵਿੱਚ ਸਿੱਖਾਂ ਦੀ ਧਾਰਮਿਕ ਪੁਸਤਕ 'ਆਦਿ ਗ੍ਰੰਥ' ਕੋਲ ਸੰਸਾਰ ਦੇ ਧਰਮਾਂ ਨੂੰ ਕਹਿਣ ਲਈ ਜੋ ਕੁੱਝ ਹੈ, ਉਸ ਦੀ ਖਾਸ ਮਹੱਤਤਾ ਅਤੇ ਕੀਮਤ ਹੈ।' ਲੇਖ ਲੰਮੇਰਾ ਨਾ ਹੋਵੇ ਇਸ ਤੋਂ ਬਿਨਾ ਹੋਰ ਵਿਦਵਾਨਾਂ ਦੇ ਨਾਮ ਲਵਾਂ ਤਾਂ ਸੀ.ਐੱਚ.ਪੇਨ, ਡੰਕਨ ਗ੍ਰੀਨਲਿਜ, ਧਾਰਮਿਕ ਵਿਦਵਾਨ ਡਾਕਟਰ ਰਾਧਾ ਕ੍ਰਿਸ਼ਨਨ, ਸਰ ਜਾਨ ਮੈਲਕਮ, ਜੇ.ਡੀ ਕਨਿੰਘਮ, ਐੱਚ.ਐੱਲ ਵਿਲਸਨ, ਮੈਕਸ ਮਯੂਲਰ, ਮਿੱਸ ਡਾਰੋਥੀ ਫੀਲਡ, ਵਿਡਗਰੀ, ਮੈਕਨੀਕੋਲ, ਬਲੂਮ ਫੀਲਡ ਸਮੇਤ ਸੈਂਕੜੇ ਉੱਚ ਕੋਟੀ ਦੇ ਸੰਸਾਰ ਪ੍ਰਸਿੱਧ ਵਿਦਵਾਨਾਂ ਸਮੇਤ ਲੱਖਾਂ/ਕਰੋੜਾ ਲੋਕਾਂ ਵਿੱਚੋਂ ਜਿਸ ਨੇ ਵੀ ਨਿਰਪੱਖ ਹੋ ਕੇ ਗੁਰੂਬਾਣੀ ਦਾ ਅਧਿਐਨ ਕੀਤਾ ਉਹ ਬਾਣੀ ਦੀ ਸਰਬਪੱਖੀ, ਸਾਂਝੀ, ਵਿਗਿਆਨਕ, ਅਧਿਆਤਮਕ, ਦੂਰਅੰਦੇਸ਼ੀ ਅਤੇ ਮਨੁੱਖੀ ਮਨ ਨੂੰ ਉਤਸ਼ਾਹ ਦੇਣ ਵਾਲੀ ਵਿਚਾਰਧਾਰਾ ਤੋਂ ਕਾਇਲ ਹੋ ਕੇ ਰਹਿ ਗਿਆ।

ਇਹ ਗੱਲ ਤਾਂ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਗੁਰਬਾਣੀ ਸਾਡੇ ਜੀਵਣ ਲਈ 'ਇੱਕ ਸੁਚੱਜੀ ਜੀਵਣ-ਜਾਂਚ' ਦਾ ਅਰਥ ਰੱਖਦੀ ਹੈ। ਇਸ ਲਈ ਜ਼ਰੂਰੀ ਹੈ ਹਰ ਮਨੁੱਖ ਜਿੰਦਗੀ ਵਿੱਚ ਗੁਰਬਾਣੀ ਦਾ ਅਧਿਐਨ ਜ਼ਰੂਰ ਕਰੇ ਅਤੇ ਸਮਝਣ ਦਾ ਜਤਨ ਕਰੇ ਕਿ ਮਨੁੱਖੀ ਜੀਵਣ ਦਾ ਮੁੱਖ ਮਕਸਦ ਕੀ ਹੈ ਅਤੇ ਇਸ ਨੂੰ ਪ੍ਰਾਪਤ ਕਿਵੇਂ ਕਰਨਾ ਹੈ, ਜੇਕਰ ਅਜਿਹਾ ਜਤਨ ਜਿੰਦਗੀ ਵਿੱਚ ਇੱਕ ਵਾਰ ਵੀ ਕੀਤਾ ਜਾਵੇਗਾ ਤਾਂ ਸਾਨੂੰ ਪਤਾ ਲੱਗ ਜਾਵੇਗਾ ਕਿ, ਬਿਨਾ ਕਰਮਕਾਂਡਾਂ, ਧਾਰਮਿਕ ਆਡੰਬਰਾਂ, ਅੰਧਵਿਸ਼ਵਾਸ਼ਾਂ, ਪਾਖੰਡਾਂ ਆਦਿ ਤੋਂ 'ਅੰਜਨ ਮਹਿ ਨਿਰੰਜਨ ਰਹੀਐ' ਦੇ ਮਹਾਂਵਾਕ ਅਨੁਸਾਰ ਗ੍ਰਹਿਸਥੀ ਹੁੰਦਿਆਂ ਸੁੰਦਿਆਂ ਵੀ ਅਸੀਂ ਮਨੁੱਖੀ ਜੀਵਣ ਨੂੰ ਸਵਰਗ ਬਣਾ ਸਕਦੇ ਹਾਂ।

ਉਦਾਸੀ ਸਵਾਮੀ ਸੱਤਿਯਾ ਨੰਦ ਦੀ ਗੁਰਬਾਣੀ ਪ੍ਰਤੀ ਸ਼ਰਧਾ ਵਿੱਚ ਭਿੱਜੀਆਂ ਗੱਲਾਂ ਜੋ ਉਹਨਾਂ ਨੇ ਸ੍ਰੀ ਸਵਾਮੀ ਬ੍ਰਹਮਾ ਨੰਦ ਨੂੰ ਦੱਸੀਆਂ, ਤਾਂ ਸਵਾਮੀ ਜੀ ਅੰਮ੍ਰਿਤਸਰ ਪੁੱਜੇ ਅਤੇ ਗੁਰੂ ਘਰ ਦੇ ਹੀ ਹੋ ਗਏ। ਉਹਨਾਂ ਦੇ ਵਿਚਾਰਾਂ ਨੂੰ ਕਲਮਬੱਧ ਕੀਤਾ ਸਵਾਮੀ ਨਿਤਯਾਨੰਦ 'ਨੀਲਗੜ੍ਹੀ' ਰਿਖੀਕੇਸ਼ ਨੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ 'ਗੁਰੂ ਗਿਆਨ' ਨਾਮੀ ਕਿਤਾਬਚੇ ਵਿੱਚ ਛਾਪਿਆ ਗਿਆ। ਇਥੇ ਪਾਠਕਾਂ ਨਾਲ ਸਾਂਝੀਆਂ ਕਰਦੇ ਹਾਂ। ਉਹ ਲਿਖਦੇ ਹਨ ਕਿ, 'ਇੱਕ ਵਾਰ ਸਵਾਮੀ ਜੀ ਉਮਰ ਦੇ ਆਖਰੀ ਸਮੇਂ ਵਿੱਚ ਹਰੀਦੁਆਰ ਵਿਖੇ ਬੈਠੇ ਸਨ, ਉਹਨਾਂ ਦੀਆਂ ਡੁੱਬ-ਡੁਬਾਉਂਦੀਆਂ ਅੱਖਾਂ ਦੇਖ ਕੇ ਮੈਂ ਕਾਰਣ ਪੁਛਿਆ ਤਾਂ ਉਹਨਾਂ ਦਾ ਜੁਆਬ ਸੀ ਕਿ, 'ਆਯੂ ਭਰ ਰੇਤ ਛਾਨਾ ਕੀ, ਤੱਤਵ ਵਸਤੂ ਤੋਂ ਗੁਰੂ ਘਰ ਮੇਂ ਥੀ, ਅਬ ਏਕ ਜਨਮ ਗੁਰੂ ਘਰ ਮੇਂ ਲੇਨਾ ਪੜੇਗਾ ਤਬ ਹਮਾਰੀ ਕਲਯਾਨ ਹੋਗੀ'। ਬਸ ਇੰਨਾ ਕਹਿ ਕੇ ਉਹਨਾਂ ਨੇ ਸਰੀਰ ਤਿਆਗ ਦਿੱਤਾ। ਆਉ! ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਵਿੱਚ ਦੱਸੇ ਰਸਤੇ ਨੂੰ ਆਪਣੀ ਜਿੰਦਗੀ ਦਾ ਹਿੱਸਾ ਅਤੇ ਜਿੰਦਗੀ ਦਾ ਆਧਾਰ ਬਣਾਈਏ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ 'ਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਤੇ ਵਿਚਾਰਧਾਰਾ

**ਨਵਜੋਤ ਸਿੰਘ**



ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਗੁਰ ਇਤਿਹਾਸ ਅਤੇ ਗੁਰਮਤਿ ਸਿਧਾਤਾਂ ਦੀ ਵਿਆਖਿਆ ਦੇ ਪੱਖ ਤੋਂ ਸਿੱਖ ਜਗਤ ਵਿੱਚ ਵਿਸ਼ੇਸ਼ ਮਹੱਤਵ ਰੱਖਦੀਆਂ ਹਨ।ਭਾਈ ਗੁਰਦਾਸ ਜੀ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਸਨ।ਭਾਈ ਸਾਹਿਬ ਸਿੱਖ ਧਰਮ ਦੇ ਮਹਾਨ ਵਿਦਵਾਨ,ਫ਼ਿਲਾਸਫਰ, ਕਵੀ ਅਤੇ ਪ੍ਰਚਾਰਕ ਹੋਏ, ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਸਿੱਖੀ ਦੇ ਪ੍ਰਚਾਰ-ਪਾਸਾਰ ਹਿੱਤ ਬਤੀਤ ਕੀਤਾ। ਗੁਰਸਿੱਖੀ ਜੀਵਨ ਵਾਲੇ ਪਰਿਵਾਰ ਵਿਚ ਜੰਮ-ਪਲ ਹੋਣ ਕਰਕੇ ਉਹਨਾਂ ਵਿਚ ਸਿੱਖੀ ਪ੍ਰਤੀ ਅਥਾਹ ਪ੍ਰੇਮ, ਸ਼ਰਧਾ ਅਤੇ ਗੁਰ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਉਹਨਾਂ ਦੀਆਂ ਰਚਨਾਵਾਂ ਵਿਚੋਂ ਬਾਖੂਬੀ ਝਲਕਦੀ ਹੈ। ਜਿਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸੰਪਾਦਨਾ ਕਰਵਾਈ ਤਾਂ ਬਾਣੀ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਨੇ ਨਿਭਾਈ।

ਆਗਮਨ ਤੋਂ ਪਹਿਲਾਂ ਦੀਆਂ ਪ੍ਰਸਥਿਤੀਆਂ-

ਭਾਈ ਗੁਰਦਾਸ ਜੀ ਨੇ ਆਪਣੀਆਂ ਰਚਨਾਵਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਬਿਆਨ ਕਰਨ ਤੋਂ ਪਹਿਲਾਂ ਉਸ ਸਮੇਂ ਦੇ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਤਿੰਨਾਂ ਪੱਖਾਂ ਵਿੱਚ ਆਈਆਂ ਵੱਡੀਆਂ ਗਿਰਾਵਟਾਂ ਦਾ ਵਿਸਥਾਰ ਪੂਰਵਕ ਬੋਧ ਕਰਵਾਇਆ।ਇਸ ਧਰਤੀ ਉੱਪਰ ਉਸ ਸਮੇਂ ਅਨਿਆਂ,ਅੰਧਕਾਰ, ਲੁੱਟ-ਖਸੁੱਟ, ਰਾਜਸੀ ਤਾਨਾਸ਼ਾਹੀ, ਸਮਾਜਿਕ ਧੜੇਬੰਦੀ, ਇਖਲਾਕੀ ਗਿਰਾਵਟ ਅਤੇ ਉਚ-ਨੀਚ ਦਾ ਭੇਦ ਭਾਵ ਆਦਿ ਸਿਖਰ ਉੱਪਰ ਸਨ।ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਇਥੇ ਜਗਤ ਵਿਚ ਗਿਲਾਨੀ ਫੈਲੀ ਹੋਈ ਸੀ।ਉਸ ਸਮੇਂ ਪ੍ਰਮਾਤਮਾ ਦਾ ਸੱਚਾ ਰਸਤਾ ਦਿਖਾਉਣ ਵਾਲਾ ਕੋਈ ਯੁੱਗ ਪੁਰਸ਼ ਨਜ਼ਰ ਨਹੀਂ ਆ ਰਿਹਾ ਸੀ।

ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਕੋਆ।(ਵਾਰ ੧, ਪਉੜੀ ੨੨)

ਐਸੀ ਤਰਸਯੋਗ ਹਾਲਤ ਵਿਚ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਦਾ ਵੱਡਾ ਕਾਰਨ ਦੁੱਖਾਂ ਵਿਚ ਰੋਂਦੀ-ਕੁਰਲਾਉਂਦੀ ਲੋਕਾਈ ਦੀ ਪੁਕਾਰ ਨੂੰ ਬਿਆਨਿਆਂ ਹੈ। ਲੋਕਾਈ ਦੀ ਪੁਕਾਰ ਸਦਕਾ ਅਕਾਲ ਪੁਰਖ ਵਲੋਂ ਧਰਤ ਵਿਚ ਪਸਰੀ ਕੂੜ ਦੀ ਅੱਗ ਵਿਚ ਸੜਦੀ ਲੋਕਾਈ ਦੇ ਹਿਰਦੇ ਵਿਚ ਠੰਡ ਵਰਤਾਉਣ ਲਈ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਵਿੱਚ ਪਠਾਇਆ(ਭੇਜਿਆ) ਗਿਆ।

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗਿ ਮਾਹਿ ਪਠਾਇਆ।। (ਵਾਰ ੧, ਪਉੜੀ ੨੩)

ਐਸੀ ਤਰਸਯੋਗ ਹਾਲਤ ਵਿਚ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਇੱਕ ਵੱਡੇ ਇਨਕਲਾਬ ਦੇ ਰੂਪ ਵਿਚ ਵਖਿਆਨਿਆ ਹੈ। ਇਸ ਦੇ ਫਲਸਰੂਪ ਸੰਸਾਰ ਵਿਚ ਅਗਿਆਨਤਾ ਦਾ ਹਨੇਰਾ ਦੂਰ ਹੋਇਆ ਅਤੇ ਸੱਚ, ਨਿਆਂ, ਸਾਂਝੀਵਾਲਤਾ ਆਦਿ ਸ੍ਰੇਸ਼ਟ ਗੁਣਾਂ ਦਾ ਪ੍ਰਕਾਸ਼ ਹੋਇਆ।

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ-

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਪ੍ਰਗਟਾਉਣ ਲਈ ਭਾਈ ਗੁਰਦਾਸ ਜੀ ਨੇ ਵੱਖ-ਵੱਖ ਬਿੰਬਾਂ ਅਤੇ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਭਾਈ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਇੱਕ ਦਿਗ ਵਿਜੇਤਾ ਦੇ ਰੂਪ ਵਿਚ ਬਿਆਨਿਆ ਹੈ।ਗੁਰੂ ਨਾਨਕ ਦੇਵ ਜੀ ਦੀ ਐਸੀ ਸ਼ਖ਼ਸੀਅਤ ਨੂੰ ਭਾਈ ਜੀ ਨੇ ਇੱਕ ਉੱਤਮ ਗਿਆਨੀ ਦੇ ਰੂਪ ਵਿੱਚ ਵਖਿਆਨਿਆ ਹੈ। ਗੁਰੂ ਜੀ ਦੇ ਐਸੇ ਗਿਆਨ ਦੇ ਸਾਵੇਂ ਸਿੱਧ, ਨਾਥ, ਅਤੇ ਵੱਡੇ ਵੱਡੇ ਨਵਾਬ ਵੀ ਝੁਕ ਕੇ ਨਮਸਕਾਰਾਂ ਕਰਦੇ ਹਨ।

ਸਿਧ ਨਾਥ ਅਵਤਾਰ ਸਭ ਗੋਸਟਿ ਕਰਿ ਕਰਿ ਕੰਨ ਫੜਾਇਆ। ਬਾਬਰ ਕੇ ਬਾਬੇ ਮਿਲੇ ਨਿਵਿ ਨਿਵਿ ਸਭ ਨਵਾਬ ਨਿਵਾਇਆਂ। (ਵਾਰ ੨੪ਵੀਂ-ਪਉੜੀ ੨੧)

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਅਤੇ ਸਿਧਾਂ ਵਿਚਕਾਰ ਹੋਈ ਗੋਸਟਿ ਦਾ ਨਿਸਕਰਸ਼ ਪੇਸ਼ ਕਰਦਿਆਂ ਫੁਰਮਾਇਆ ਹੈ ਕਿ ਸਿਧ ਗੁਰੂ ਜੀ ਦੇ ਸ੍ਰੇਸ਼ਟ ਗਿਆਨ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਅੰਤ ਉਹਨਾਂ ਨੇ ਵੀ ਗੁਰੂ ਜੀ ਦੀ ਉਸਤਤਿ ਵਿੱਚ ਸ਼ੁਭ ਬਚਨ ਉਚਾਰੇ-

ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ।। (ਵਾਰ ੧, ਪਉੜੀ ੪੪)

ਗੁਰੂ ਨਾਨਕ ਦੇਵ ਜੀ ਲਈ ਭਾਈ ਜੀ ਨੇ ਅਲੰਕਾਰ ਵਜੋਂ ਵੱਖ-ਵੱਖ ਉਦਾਹਰਨਾਂ ਪੇਸ਼ ਕੀਤੀਆਂ ਹਨ ਜਿਵੇਂ ਸੂਰਜ ਚੜ੍ਹਨ 'ਤੇ ਤਾਰੇ ਛਿਪ ਜਾਂਦੇ ਹਨ ਅਤੇ ਹਨੇਰਾ ਦੂਰ ਹੋ ਜਾਂਦਾ ਹੈ, ਜੰਗਲ ਵਿਚ ਸ਼ੇਰ ਦੇ ਗੱਜਣ 'ਤੇ ਹਿਰਨਾਂ ਦੀਆਂ ਡਾਰਾਂ ਭੱਜ ਉਠਦੀਆਂ ਨੇ, ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਵਿਚ ਪ੍ਰਗਟ ਹੋਣ ਨਾਲ ਇਸ ਸੰਸਾਰ ਵਿਚ ਪਸਰੀ ਕੂੜ ਦੀ ਧੁੰਦ ਮਿਟ ਗਈ ਅਤੇ ਸੱਚ, ਨਿਆਂ ਅਤੇ ਸਾਂਝੀਵਾਲਤਾ ਦਾ ਪ੍ਰਕਾਸ਼ ਜਗ ਵਿਚ ਛਾ ਗਿਆ।

ਸਤਿਗੁਰ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ। ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ। ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।। (ਵਾਰ ੧, ਪਉੜੀ ੨੭)

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਲਈ ਗੁਰਮੁਖ, ਬਾਬਾ, ਅਕਾਲ ਰੂਪ, ਵੱਡਾ ਪੁਰਖ, ਜਾਹਰ ਪੀਰ ਆਦਿ ਸ਼ਬਦ ਵਰਤੇ ਉਂਤੂ ਮੂਲ ਉਪਾਧੀ ਗੁਰੂ, ਗੁਰਦੇਵ, ਸਤਿਗੁਰੂ ਹੀ ਰੱਖੀ, ਜੋ ਕਿ ਅਗਿਆਨ ਹਨੇਰ ਦੇ ਪ੍ਰਸੰਗ ਵਿਚ ਪ੍ਰਕਾਸ਼ ਰੂਪ ਗਿਆਨ ਜੋਤ ਹੈ ਇਹ ਹਨੇਰੇ ਤੋਂ ਪ੍ਰਕਾਸ਼ ਵੱਲ ਲੈ ਕੇ ਜਾਣ ਦੇ ਅਰਥਾਂ ਦੀ ਲਖਾਇਕ ਹੈ। ਇਹ ਸ਼ਬਦ ਪਹਿਲੀ ਵਾਰ ਦੇ ਮੰਗਲਾਚਰਨ ਵਾਲੀ ਪਉੜੀ ਵਿਚ ਵੀ ਵਰਤਿਆ ਗਿਆ ਹੈ-

ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ।

ਗੁਰੂ ਜੀ ਦਾ ਪ੍ਰਯੋਜਨ-

ਗੁਰੂ ਨਾਨਕ ਦੇਵ ਜੀ ਦੇ ਸੰਸਾਰ ਆਗਮਨ ਦਾ ਪ੍ਰਯੋਜਨ ਸਪੱਸ਼ਟ ਕਰਦਿਆਂ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਅਕਾਲਪੁਰਖ ਦੁਆਰਾ ਮਹਾਨ ਬਖਸ਼ਿਸ਼ਾਂ ਦੇ ਪਾਤਰ ਬਣ ਕੇ, ਅਕਾਲਪੁਰਖ ਦੇ ਹੁਕਮ ਵਿਚ ਹੀ ਸੰਸਾਰ ਵਿਚ ਆਏ ਸਨ। ਆਪ ਜੀ ਦਾ ਮੁੱਖ ਪ੍ਰਯੋਜਨ ਭੁੱਲੀ ਲੋਕਾਈ ਨੂੰ ਕਲਯੁੱਗ ਦੇ ਹਨੇਰੇ ਵਿਚੋਂ ਕੱਢਕੇ ਸੱਚੇ ਮਾਰਗ ਨੂੰ ਦ੍ਰਿੜ ਕਰਵਾਉਣਾ ਸੀ। 'ਕਲਿ ਤਾਰਣਿ ਗੁਰ ਨਾਨਕ ਆਇਆ' ਇਸ ਮਨੋਰਥ ਦੀ ਪੂਰਤੀ ਹਿੱਤ ਹੀ ਨਿਰਮਲ ਪੰਥ ਚਲਾਇਆ ਗਿਆ।

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।। (ਵਾਰ ੧, ਪਉੜੀ ੪੫)

ਗੁਰੂ ਨਾਨਕ ਦੇਵ ਜੀ ਦੇ ਦਿਆਲਤਾ ਭਰਪੂਰ ਹਿਰਦੇ ਨੇ ਜਦ ਸੰਸਾਰ ਵਿਚ ਪਸਰੇ ਦੁਰਾਚਾਰ ਨੂੰ ਧਿਆਨ ਲਗਾਕੇ ਤੱਕਿਆ ਤਾਂ ਉਹਨਾਂ ਨੂੰ ਸਾਰੀ ਸ੍ਰਿਸ਼ਟੀ ਪਾਪਾਂ ਵਿਚ ਸੜਦੀ ਹੋਈ ਨਜ਼ਰ ਆਈ। ਸੱਚੇ ਗੁਰੂ ਦੀ ਅਣਹੋਂਦ ਵਿੱਚ ਹਨੇਰ ਗਰਦੀ ਕਰਕੇ ਲੋਕ ਤ੍ਰਾਹ-ਤ੍ਰਾਹ ਕਰ ਰਹੇ ਸਨ।ਇਸ ਪਾਪਾਂ ਵਿੱਚ ਤਪਦੀ ਲੋਕਾਈ ਦੇ ਹਿਰਦੇ ਠੰਡ ਵਰਤਾਉਣ ਲਈ ਗੁਰੂ ਜੀ ਨੇ ਉਦਾਸੀਆਂ ਦੀ ਅਰੰਭਤਾ ਕੀਤੀ।

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।

ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੋਕਾਈ।

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।

ਚੜਿਆ ਸੋਧਣਿ ਧਰਤਿ ਲੋਕਾਈ।। (ਵਾਰ ੧, ਪਉੜੀ ੨੪)

ਗੁਰੂ ਨਾਨਕ : ਵਿਚਾਰਧਾਰਾ-

ਇਸ ਪ੍ਰਿਥਵੀ 'ਤੇ ਜਦੋਂ ਵੀ ਧਰਮ ਅਤੇ ਸਮਾਜਿਕ ਢਾਂਚੇ ਵਿਚ ਗਿਰਾਵਟ ਆਈ ਉਦੋਂ ਹੀ ਕਿਸੇ ਨਾ ਕਿਸੇ ਤਰਾਂ ਇਨਕਲਾਬ ਆਉਂਦੇ ਰਹੇ।ਇਹ ਪਰਿਵਰਤਨ ਕਿਸੇ ਇੱਕ ਪੱਖ ਜਾਂ ਸੀਮਿਤ ਖੇਤਰ ਨਾਲ ਸਬੰਧਿਤ ਰਹਿੰਦਾ ਸੀ।ਪਰ ਗੁਰੂ ਨਾਨਕ ਦੇਵ ਜੀ ਇੱਕ ਅਜਿਹੇ ਮਹਾਨ ਕ੍ਰਾਂਤੀਕਾਰੀ ਧਾਰਮਿਕ ਆਗੂ ਸਨ ਜਿਨਾਂ ਦੀ ਵਿਚਾਰਧਾਰਾ ਵਿਸ਼ੇ ਦੇ ਪੱਖ ਤੋਂ ਵਿਸ਼ਾਲ ਅਤੇ ਵਿਸ਼ਵ ਵਿਆਪੀ ਖੇਤਰ ਵਾਲੀ ਸੀ।ਉਹਨਾਂ ਨੇ ਅਧਿਆਤਮਿਕ ਤੋਂ ਇਲਾਵਾ ਸਮਾਜਿਕ, ਰਾਜਨੀਤੀ, ਆਰਥਿਕ, ਆਦਿਕ ਪੱਖਾਂ ਨੂੰ ਵੀ ਆਪਣੇ ਸੁਧਾਰਾਂ ਦੇ ਖੇਤਰਵਿੱਚ ਦਰਜ ਕੀਤਾ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਸਾਂਝੀਵਾਲਤਾ ਉੱਤੇ ਅਧਾਰਿਤ ਹੈ, ਇਹ ਕਿਸੇ ਖਾਸ ਸਮੂਹ ਜਾਂ ਕੌਮ ਲਈ ਹੀ ਨਹੀਂ ਬਲਕਿ ਸਰਬ ਸਾਂਝੀ ਹੈ।ਇਸ ਲਈ ਅਮੀਰ-ਗਰੀਬ, ਉੱਚੇ-ਨੀਵੇਂ ਦਾ ਭੇਦ ਭਾਵ ਨਹੀਂ।ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਹੋਰਨਾਂ ਇਤਿਹਾਸਿਕ ਸ੍ਰੋਤਾਂ ਵਿਚੋਂ ਪੜਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੀ ਅਰੰਭਤਾ ਸਮੇਂ ਪਹਿਲਾ ਉਪਦੇਸ 'ਨਾ ਕੋ ਹਿੰਦੂ ਨਾ ਕੋ ਮੁਸਲਮਾਨ'ਦਿੱਤਾ। ਭਾਵ ਕਿ ਸਭ ਇੱਕ ਅਕਾਲ ਪੁਰਖ ਦੀ ਹੀ ਜੋਤ ਹਨ ਜਿਸਨੂੰ ਗੁਰੂ ਨਾਨਕ ਦੇਵ ਜੀ ਨੇ ਧੁਰ ਕੀ ਬਾਣੀ ਵਿੱਚ 'ਸਭ ਮਹਿ ਜੋਤਿ ਜੋਤਿ ਹੈ ਸੋਇ'।ਭਾਵ ਸਭ ਉਸ ਇੱਕ ਅਕਾਲ ਪੁਰਖ ਦੀ ਹੀ ਜੋਤਿ ਹਨ, ਦੇ ਰੂਪ ਵਿੱਚ ਬਿਆਨ ਕੀਤਾ ਹੈ।ਉਸ ਸਮੇਂ ਦੇ ਲੋਕਾਂ ਵਿੱਚ ਰੱਬ ਪ੍ਰਤੀ ਵੀ ਬਹੁਤ ਸਾਰੀਆਂ ਦੁਬਿਧਾਵਾਂ ਸਨ ਜਿਨਾਂ ਨੂੰ ਦੂਰ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਵਿਚੋਂ ਅਨੇਕਤਾਵਾਦ ਦਾ ਭਰਮ ਮਿਟਾਇਆ ਅਤੇ ਇੱਕ ਪ੍ਰਮਾਤਮਾ ਦਾ ਉਪਦੇਸ਼ ਦਿੱਤਾ।

ਪਾਰਬ੍ਰਹਮੁ ਪੂਰਨ ਬ੍ਰਹਮ ਕਲਜੁਗਿ ਅੰਦਰਿ ਇਕੁ ਦਿਖਾਇਆ। (ਵਾਰ ੧, ਪਉੜੀ ੨੨)

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਵਿਚ ਪਸਰੇ ਜਾਤੀ ਭੇਦ ਭਾਵ ਦਾ ਖੰਡਨ ਕਰਦਿਆਂ ਸਮਾਨਤਾ ਦਾ ਉਪਦੇਸ਼ ਲੋਕਾਈ ਨੂੰ ਦ੍ਰਿੜ ਕਰਵਾਇਆ। ਲੋਕਾਂ ਵਿਚ ਰਾਜੇ ਅਤੇ ਰੰਕ (ਗਰੀਬ) ਨੂੰ ਇੱਕੋ ਦ੍ਰਿਸ਼ਟੀ ਵਿਚ ਦੇਖਣ ਦੀ ਬਿਰਤੀ ਉਜਾਗਰ ਕੀਤੀ ਅਤੇ ਨਿਮਰਤਾ ਵਰਗੇ ਸ੍ਰੇਸ਼ਟ ਗੁਣ ਦੇ ਧਾਰਨੀ ਬਣਾਇਆ।-

ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕੁ ਵਰਨੁ ਕਰਾਇਆ। ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।। (ਵਾਰ ੧, ਪਉੜੀ ੨੨)

ਗੁਰੂ ਨਾਨਕ ਦੇਵ ਜੀ ਦੁਆਰਾ ਅਰੰਭ ਕੀਤਾ ਨਿਰਮਲ ਪੰਥ, ਪ੍ਰੇਮਾ-ਭਗਤੀ 'ਤੇ ਅਧਾਰਿਤ ਹੈ।ਗੁਰੂ ਨਾਨਕ ਦੇਵ ਜੀ ਵੀ ਜਪੁ ਜੀ ਬਾਣੀ ਵਿੱਚ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਦੇ ਗੁਣਾਂ ਨੂੰ ਗਾਉਣ ਅਤੇ ਸੁਣਨ ਵੇਲੇ ਮਨ ਵਿੱਚ ਪ੍ਰਮਾਤਮਾ ਪ੍ਰਤੀ ਪ੍ਰੇਮ ਹੋਣਾ ਲਾਜ਼ਮੀ ਹੈ।'ਗਾਵੀਐ ਸੁਣੀਐ ਮਨਿ ਰਖੀਐ ਭਾਉ'। ਭਾਈ ਗੁਰਦਾਸ ਜੀ ਦੇ ਅਨੁਸਾਰ ਜਦ ਗੁਰੂ ਨਾਨਕ ਦੇਵ ਜੀ ਸੱਚ ਦਾ ਉਪਦੇਸ਼ ਵੰਡਣ ਲਈ ਵੱਖ-ਵੱਖ ਤੀਰਥ ਅਸਥਾਨਾਂ 'ਤੇ ਗਏ, ਉੱਥੇ ਗੁਰੂ ਨਾਨਕ ਦੇਵ ਜੀ ਨੇ ਦੇਖਿਆ ਕਿ ਲੋਕ ਵੱਡੀ ਗਿਣਤੀ ਵਿੱਚ ਧਾਰਮਿਕ ਕਰਮ ਕਰ ਰਹੇ ਸਨ।ਉਂਤੂ ਉਹਨਾਂ ਦੁਆਰਾ ਕੀਤੇ ਜਾ ਰਹੇ ਧਾਰਮਿਕ ਕਰਮ ਪ੍ਰੇਮ ਤੋਂ ਵਿਹੂਣੇ ਸਨ।ਗੁਰੂ ਜੀ ਨੇ ਉੱਥੇ ਲੋਕਾਂ ਨੂੰ ਪ੍ਰੇਮਾ ਭਗਤੀ ਦਾ ਉਪਦੇਸ਼ ਦਿੱਤਾ ਅਤੇ ਪ੍ਰੇਮ ਵਿਹੂਣੇ ਕਰਮਾਂ ਨੂੰ ਵਿਅਰਥ ਦੱਸਿਆ:-

ਬਾਬਾ ਆਇਆ ਤੀਰਥੈ ਤੀਰਥਿ ਪੁਰਬਿ ਸਭੇ ਫਿਰਿ ਦੇਖੈ। ਪੁਰਬ ਧਰਮ ਬਹੁ ਕਰਮਿ ਕਰਿ ਭਾਉ ਭਗਤਿ ਬਿਨੁ ਕਿਤੈ ਨ ਲੇਖੈ।। (ਵਾਰ ੧, ਪਉੜੀ ੨੫)

ਗੁਰੂ ਜੀ ਨੇ ਸਮਝਾਇਆ ਕਿ ਕੇਵਲ ਭੇਖਾਂ ਨਾਲ ਪ੍ਰਭੂ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਆਪ ਜੀ ਨੇ ਪ੍ਰਭੂ ਪ੍ਰਾਪਤੀ ਲਈ ਮਨ, ਬਚਨ ਅਤੇ ਕਰਮਾਂ ਤੋਂ ਇੱਕਸੁਰ ਹੋਣ ਦੀ ਪ੍ਰੇਰਣਾ ਦਿੱਤੀ ਹੈ। ਜਦੋਂ ਤੱਕ ਅਸੀਂ ਹਉਮੈ ਦਾ ਤਿਆਗ ਕਰਕੇ ਨਿਮਰਤਾ ਦੇ ਧਾਰਨੀ ਨਹੀਂ ਹੁੰਦੇ ਉਦੋਂ ਤਕ ਸਾਡੀ ਘਾਲ ਸਫਲੀ ਨਹੀਂ ਹੋ ਸਕਦੀ। ਵਡਿਆਈਆਂ ਉਹਨਾਂ ਨੂੰ ਮਿਲਦੀਆਂ ਨੇ ਜੋ ਨਿਵ ਕੇ ਭਾਵ ਨਿਮਰਤਾ ਵਿੱਚ ਜੀਵਨ ਬਤੀਤ ਕਰਦੇ ਹਨ:-

ਭੇਖੀ ਪ੍ਰਭੂ ਨ ਪਾਈਐ ਆਪੁ ਗਵਾਏ ਰੂਪ ਨ ਰੇਖੈ। ਗੁਰਮੁਖਿ ਵਰਨੁ ਅਵਰਨੁ ਹੋਇ ਨਿਵਿ ਚਲਣਾ ਗੁਰਸਿਖਿ ਵਿਸੇਖੈ। ਤਾਕਿਛੁ ਘਾਲਿ ਪਵੈ ਦਰਿ ਲੇਖੈ।। (ਵਾਰ ੧, ਪਉੜੀ ੨੫)

ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿੱਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਵੱਖ-ਵੱਖ ਇਤਿਹਾਸਿਕ ਘਟਨਾਵਾਂ ਨੂੰ ਬਹੁਤ ਸੁਚੱਜੇ ਅਤੇ ਭਾਵਪੂਰਤ ਢੰਗ ਨਾਲ ਬਿਆਨਿਆ ਹੈ।ਹਰੇਕ ਘਟਨਾ ਵਿੱਚ ਗੁਰੂ ਜੀ ਦੇ ਰਹੱਸਮਈ ਅਤੇ ਗੁੰਝਲਦਾਰ ਸਿਧਾਂਤ ਨੂੰ ਬਹੁਤ ਸਧਾਰਨ ਅਤੇ ਸੌਖੇ ਸਰਲ ਸ਼ਬਦਾਂ ਵਿੱਚ ਪੇਸ਼ ਕੀਤਾ ਹੈ।ਭਾਈ ਜੀ ਅਨੁਸਾਰ ਗੁਰੂ ਜੀ ਜਦ ਮੱਕੇ ਗਏ ਤਾਂ ਉਥੇ ਮੁੱਲਾਂ ਅਤੇ ਹਾਜ਼ੀਆਂ ਨੇ ਇਕੱਠੇ ਹੋ ਕੇ ਪ੍ਰਸ਼ਨ ਪੁੱਛਿਆ ਕਿ ਆਪ ਦਸੋ ਇਸ ਸੰਸਾਰ ਵਿੱਚ ਹਿੰਦੂ ਵੱਡਾ ਹੈ ਜਾਂ ਮੁਸਲਮਾਨ? ਤਾਂ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਦੇ ਪ੍ਰਸ਼ਨ ਦੇ ਜਵਾਬ ਵਿੱਚ ਵੱਡੇ-ਛੋਟੇ ਜਾਂ ਚੰਗੇ-ਮਾੜੇ ਦਾ ਅਧਾਰ ਕਿਸੇ ਖਾਸ ਧਰਮ ਜਾਂ ਕੌਮ ਨੂੰ ਨਹੀਂ ਸਗੋਂ ਮਨੁੱਖ ਦੇ ਕਰਮਾਂ ਨੂੰ ਦੱਸਿਆ।ਸ਼ੁਭ ਕਰਮਾਂ ਤੋਂ ਵਿਹੂਣੇ ਮਨੁੱਖ (ਭਾਵੇਂ ਉਹ ਹਿੰਦੂ ਹਨ ਜਾਂ ਮੁਸਲਮਾਨ) ਪ੍ਰਭੂ ਦੀ ਦਰਗਾਹ ਵਿਚ ਰੋਂਦੇ ਹੀ ਹਨ।

ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ। ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ। ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ? ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ। ਹਿੰਦੂ ਮੁਸਲਮਾਨਿ ਦੁਇ ਦਰਗਹ ਅੰਦਰਿ ਲਹਨਿ ਨ ਢੋਈ।। (ਵਾਰ ੧, ਪਉੜੀ ੩੧)

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਸ੍ਰਿਸ਼ਟੀ ਉੱਪਰ ਫਤਹਿ ਪ੍ਰਾਪਤ ਕੀਤੀ,ਅਤੇ ਨੌਂਵਾਂ ਖੰਡਾਂ ਵਿੱਚ ਸਤਿਨਾਮ ਦਾ ਡੰਕਾ ਵਜਾ ਦਿੱਤਾਅਤੇ ਧਰਤੀ ਉੱਪਰ ਸਾਰੇ ਜਗਤ ਨੂੰ ਜਿੱਤ ਲਿਆ।ਦੇਵ,ਦਾਨਵ, ਰਾਖਸ਼, ਸਾਰੇ ਦੈਂਤ,ਚਿਤ੍ਰਗੁਪਤ, ਆਦਿ ਗੁਰੂ ਜੀ ਦੀ ਰੂਹਾਨੀਅਤ ਦੇ ਸਾਵੇਂ ਝੁਕ ਗਏ।ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਕਲਿਯੁਗ ਨੂੰ ਤਾਰਨ ਆਏ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਆਗਮਨ ਸਦਕਾ ਜਗ ਵਿੱਚ ਅਨੰਦ ਪਸਰ ਗਿਆ।ਗੁਰੂ ਜੀ ਦੇ ਸਾਵੇਂ ਭਾਵੇਂ ਕੋਈ ਹਿੰਦੂ ਹੈ ਜਾਂ ਮੁਸਲਮਾਨ ਸਭਨਾਂ ਨੇ ਗੁਰੂ ਜੀ ਅੱਗੇ ਸੀਸ ਨਿਵਾ ਦਿੱਤਾ।

ਜੀਤੇ ਨਵ ਖੰਡ ਮੇਦਨੀ ਸਤਿਨਾਮੁ ਦਾ ਚਕ੍ਰ ਫਿਰਾਇਆ।। ਦੇਵਦਾਨੋ ਰਾਕਸਿ ਦੈਤ ਸਭ ਚਿਤਿਗੁਪਤਿ ਸਭਿ ਚਰਨੀ ਲਾਇਆ।। ਭਇਆ ਅਨੰਦ ਜਗਤੁ ਵਿਚਿ ਕਲਿਤਾਰਨ ਗੁਰੁ ਨਾਨਕੁ ਆਇਆ।। ਹਿੰਦੂ ਮੁਸਲਮਾਨਿ ਨਿਵਾਇਆ॥ (ਵਾਰ ੧, ਪਉੜੀ ੩੭)

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿੱਚ ਫੈਲੀ ਵੈਰ-ਵਿਰੋਧ, ਭੇਦਭਾਵ, ਅਤੇ ਨਫਰਤ ਆਦਿ ਦੀ ਭਾਵਨਾ ਨੂੰ ਖਤਮ ਕਰਕੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ।ਸਮੁੱਚੇ ਧਰਮਾਂ ਜਾਂ ਫਿਰਕਿਆਂ ਵਿੱਚ ਪਰਮ ਸੱਚ ਦਾ ਗਿਆਨ ਵੰਡਕੇ ਸਭ ਨੂੰ ਪਿਆਰ ਦੇ ਧਾਗੇ ਵਿੱਚ ਪਰੋਇਆ। ਉਹਨਾਂ ਨੇ ਧਰਮ ਦੇ ਕੱਟੜ ਅਨੁਯਾਈਆਂ ਦੁਆਰਾ ਸੰਸਾਰ ਨੂੰ ਇੱਕਰੂਪਤਾ ਵਿੱਚ ਬਦਲਣ ਦੀ ਭਾਵਨਾ ਦਾ ਖੰਡਨ ਕਰਦਿਆਂ ਇੱਕਸਾਰਤਾ ਦਾ ਉਪਦੇਸ਼ ਦਿੱਤਾ।ਭਾਈ ਗੁਰਦਾਸ ਜੀ ਅਨੁਸਾਰ ਕਲਯੁਗ ਵਿੱਚ ਧਰਮ ਕਿਣਕੇ-ਕਿਣਕੇ ਹੋ ਕੇ ਖਤਮ ਹੁੰਦਾ ਜਾ ਰਿਹਾ ਸੀ,ਉਸ ਨੂੰ ਗੁਰੂ ਨਾਨਕਦੇਵ ਜੀ ਦੀ ਵਿਚਾਰਧਾਰਾ ਨੇ ਮੁੜ ਸੁਰਜੀਤ ਕੀਤਾ।

ਕਲਿਯੁਗ ਰਹਿਆ ਪੈਰ ਇਕੁ ਹੋਇ ਨਿਮਾਣਾ ਧਰਮ ਅਧੀਣਾ। ਮਾਣ ਨਿਮਾਣੈ ਸਤਿਗੁਰੂ ਸਾਧਸੰਗਤਿ ਪਰਗਟ ਪਰਬੀਣਾ। ਗੁਰਮੁਖ ਧਰਮ ਸੰਪੂਰਣੁ ਰੀਣਾ।। (ਵਾਰ ੨੩, ਪਉੜੀ ੧੮)

ਇਸ ਤਰਾਂ ਗੁਰੂ ਜੀ ਨੇ ਸਮੁੱਚੀ ਲੋਕਾਈ ਪ੍ਰਤੀ ਸੰਸਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਹੋਇਆ ਅੰਜਨ ਵਿੱਚ ਨਿਰੰਜਨ ਰਹਿਣ ਦਾ ਉਪਦੇਸ਼ ਦ੍ਰਿੜ ਕਰਵਾਇਆ ਅਤੇ ਧਰਮ ਵਿਚੋਂ ਅਲੋਪ ਹੋ ਚੁੱਕੇ ਇਖ਼ਲਾਕੀ ਗੁਣਾਂ ਨੂੰ ਗੁਰੂ ਜੀ ਨੇ ਉਜਾਗਰ ਕਰਕੇ, ਗਿਲਾਨੀ ਦੀ ਜ਼ੰਜੀਰ ਵਿੱਚੋਂ ਲੋਕਾਂ ਨੂੰ ਕੱਢ ਕੇ ਨਿਰਮਲ ਪੰਥ ਦੀ ਸਥਾਪਣਾ ਕੀਤੀ।

ਮਾਰਿਆ ਸਿਕਾ ਜਗਤੁ ਵਿਚਿ ਨਾਨਕ ਨਿਰਮਲ ਪੰਥ ਚਲਾਇਆ।। (ਵਾਰ ੧,ਪਉੜੀ ੪੫)

×ਲੇਖਕ ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼ ਨਿਸ਼ਾਨ-ਏ-ਸਿੱਖੀ (ਖਡੂਰ ਸਾਹਿਬ) ਬੀ.ਏ. ਭਾਗ ਚੌਥਾ ਦਾ ਵਿਦਿਆਰਥੀ ਹੈ।

# ਬਾਬਾ ਨਾਨਕ ਦੀ ਨਗਰੀ ਸੁਲਤਾਨਪੁਰ ਲੋਧੀ ਦੇ ਇਤਿਹਾਸਕ ਗੁਰਦੁਆਰੇ










**ਇੰਦਰਜੀਤ ਸਿੰਘ**

ਵਿਰਾਸਤੀ ਸ਼ਹਿਰ ਕਪੂਰਥਲਾ ਦੀ ਤਹਿਸੀਲ ਸੁਲਤਾਨਪੁਰ ਲੋਧੀ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਨਗਰੀ ਰਹੀ ਹੈ। ਪਹਿਲੀ ਤੋਂ ਛੇਵੀਂ ਸਦੀ ਤਕ ਸੁਲਤਾਨਪੁਰ ਲੋਧੀ ਬੁੱਧ ਧਰਮ ਦੇ ਭਗਤੀ ਮਾਰਗ ਅਤੇ ਗਿਆਨ ਦਾ ਕੇਂਦਰ ਰਿਹਾ ਹੈ। ਉਸ ਸਮੇਂ ਸੁਲਤਾਨਪੁਰ ਲੋਧੀ ਦਾ ਨਾਂ ਸਰਵਮਾਨਪੁਰ ਸੀ। ਬੁੱਧ ਧਰਮ ਦੀ ਪ੍ਰਾਚੀਨ ਪੁਸਤਕ 'ਅਭਿਨਵ ਪੁਸਤਵਾਂ' ਲੇਖਕ ਕਿਤਨਾਇਆ ਨੇ ਇਸੇ ਸ਼ਹਿਰ ਵਿੱਚ ਲਿਖੀ ਸੀ। ਹਿੰਦੂ ਸ਼ਹਿਰ ਹੋਣ ਕਾਰਨ ਮੁਹੰਮਦ ਗਜ਼ਨਵੀ ਨੇ ਸੁਲਤਾਨਪੁਰ ਨੂੰ ਅੱਗ ਲਾ ਕੇ ਤਬਾਹ ਕਰ ਦਿੱਤਾ ਸੀ ਤੇ ਸਰਵਮਾਨਪੁਰ ਸ਼ਹਿਰ ਦਾ ਅੰਤ ਹੋ ਗਿਆ ਸੀ। ਪੰਜਾਬ ਦੇ ਹਾਕਮ ਮੁਹੰਮਦਖ਼ਾਨ ਸ਼ਹਿਜ਼ਾਦਾ ਸੁਲਤਾਨਖ਼ਾਨ ਇੱਥੋਂ ਦੀ ਲੰਘਿਆ ਤਾਂ ਇਸ ਇਲਾਕੇ ਦੀ ਹਰਿਆਲੀ ਨੇ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ ਤੇ ਮੁੜ ਇਸ ਸ਼ਹਿਰ ਦਾ ਨਿਰਮਾਣ ਸੁਲਤਾਨਪੁਰ ਲੋਧੀ ਦੇ ਨਾਂ 'ਤੇ ਹੋਇਆ। ਸੁਲਤਾਨਪੁਰ ਲੋਧੀ ਦਿੱਲੀ ਤੋਂ ਲਾਹੌਰ ਜਾਣ ਦਾ ਵਪਾਰਕ ਮਾਰਗ ਵੀ ਰਿਹਾ। ਉਸ ਸਮੇਂ ਸ਼ਹਿਰ ਵਿੱਚ 32 ਬਾਜ਼ਾਰ ਤੇ 5600 ਦੁਕਾਨਾਂ ਹੁੰਦੀਆਂ ਸਨ। ਕਿਸੇ ਸਮੇਂ ਇਹ ਇਸਲਾਮਿਕ ਸਿਖਿਆ ਦਾ ਮੁੱਖ ਕੇਂਦਰ ਵੀ ਸੀ। ਗੁਰੂ ਨਾਨਕ ਦੇਵ ਜੀ ਦੇ ਇੱਥੇ ਆਉਣ ਤੋਂ ਬਾਅਦ ਇਹ ਸ਼ਹਿਰ ਗੁਰੂ ਕੀ ਨਗਰੀ ਵਜੋਂ ਜਾਣਿਆ ਜਾਣ ਲੱਗ ਪਿਆ ਤੇ ਮੌਜੂਦਾ ਸਮੇਂ ਸੁਲਤਾਨਪੁਰ ਲੋਧੀ ਸਿੱਖ ਧਰਮ ਦਾ ਵੱਡਾ ਕੇਂਦਰ ਹੈ।

ਸੁਲਤਾਨਪੁਰ ਲੋਧੀ ਵਿੱਚ ਸੱਤ ਗੁਰਦੁਆਰੇ ਹਨ। ਹਰੇਕ ਗੁਰਦੁਆਰੇ ਦਾ ਆਪਣਾ ਇਤਿਹਾਸ ਹੈ। ਉਂਝ ਤਾਂ ਇੱਥੇ ਪੂਰਾ ਸਾਲ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਰਹਿੰਦੀਆਂ ਹਨ ਪਰ ਗੁਰੂ ਜੀ ਦੇ ਜਨਮ ਦਿਵਸ ਮੌਕੇ ਇੱਥੇ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਆਸ਼ੀਰਵਾਦ ਪ੍ਰਾਪਤ ਕਰਦੀਆਂ ਹਨ। ਗੁਰੂ ਨਾਨਕ ਦੇਵ ਜੀ ਦੀ ਭੈਣ ਬੇਬੇ ਨਾਨਕੀ ਤੇ ਜੀਜਾ ਜੈ ਰਾਮ ਨੂੰ ਗੁਰੂ ਜੀ ਦੇ ਮਾਤਾ ਪਿਤਾ ਨੇ ਨਵਾਬ ਦੌਲਤ ਖਾਂ ਦੇ ਦਰਬਾਰ ਵਿੱਚ ਨੌਕਰੀ ਲੱਭਣ ਦੀ ਗੁਜ਼ਾਰਿਸ਼ ਕੀਤੀ। ਭਾਈ ਜੈ ਰਾਮ ਦੇ ਸੱਦੇ 'ਤੇ ਗੁਰੂ ਜੀ ਸੁਲਤਾਨਪੁਰ ਲੋਧੀ ਗਏ ਤੇ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਵਿੱਚ ਨੌਕਰੀ ਕਰਨ ਲੱਗ ਪਏ। ਗੁਰੂ ਜੀ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋਇਆ ਤੇ ਗੁਰੂ ਜੀ ਉਨ੍ਹਾਂ ਨੂੰ ਵੀ ਇੱਥੇ ਹੀ ਲੈ ਆਏ। ਸੁਲਤਾਨਪੁਰ ਦੀ ਧਰਤੀ ਤੋਂ ਹੀ ਗੁਰੂ ਜੀ ਨੇ ਅਕਾਲ ਪੁਰਖ ਦਾ ਹੁਕਮ ਪ੍ਰਵਾਨ ਕੀਤਾ ਅਤੇ ਇੱਥੋਂ ਵੱਖ-ਵੱਖ ਦਿਸ਼ਾਵਾਂ ਵੱਲ ਜਾ ਕੇ ਮਨੁੱਖਤਾ ਦੇ ਭਲੇ ਲਈ ਧਰਮ ਦਾ ਪ੍ਰਚਾਰ ਸ਼ੁਰੂ ਕੀਤਾ। ਇਸੇ ਕਰਕੇ ਸੁਲਤਾਨਪੁਰ ਲੋਧੀ ਨੂੰ ਸਿੱਖ ਪਵਿੱਤਰ ਅਸਥਾਨ ਦਾ ਦਰਜਾ ਦਿੰਦੇ ਹਨ।

ਗੁਰੂ ਨਾਨਕ ਦੇਵ ਜੀ ਪਵਿੱਤਰ ਕਾਲੀ ਵੇਈਂ ਵਿਚ ਹਰ ਰੋਜ਼ ਇਸ਼ਨਾਨ ਕਰ ਕੇ ਭਗਤੀ ਕਰਿਆ ਕਰਦੇ ਸਨ। ਇੱਥੇ ਹੀ ਕਾਲੀ ਵੇਈਂ ਦੇ ਕੰਢੇ ਮੌਜੂਦਾ ਸਮੇਂ ਗੁਰਦੁਆਰਾ ਬੇਰ ਸਾਹਿਬ ਸੁਸ਼ੋਭਿਤ ਹੈ। ਇਸ ਅਸਥਾਨ 'ਤੇ ਗੁਰੂ ਜੀ ਨੇ 14 ਸਾਲ 9 ਮਹੀਨੇ 13 ਦਿਨ ਭਗਤੀ ਕੀਤੀ, ਜਿਥੇ ਅੱਜ ਭੋਰਾ ਸਾਹਿਬ ਬਣਿਆ ਹੋਇਆ ਹੈ। ਇੱਥੇ ਹੀ ਗੁਰੂ ਜੀ ਨੇ ਆਪਣੇ ਹੱਥੀਂ ਬੇਰੀ ਦਾ ਬੂਟਾ ਲਾਇਆ ਸੀ, ਜੋ ਅੱਜ ਵੀ ਮੌਜੂਦ ਹੈ।

**ਗੁਰਦੁਆਰਾ ਸੰਤ ਘਾਟ** : ਗੁਰੂ ਨਾਨਕ ਦੇਵ ਜੀ ਪਵਿੱਤਰ ਵੇਈਂ ਵਿੱਚ ਇਸ਼ਨਾਨ ਕਰਨ ਲਈ ਚੁੱਭੀ ਮਾਰਨ ਤੋਂ ਬਾਅਦ ਜਿਸ ਅਸਥਾਨ 'ਤੇ ਪ੍ਰਗਟ ਹੋਏ ਸਨ, ਉੱਥੇ ਗੁਰਦੁਆਰਾ ਸੰਤ ਘਾਟ ਬਣਿਆ ਹੋਇਆ ਹੈ। ਇੱਥੇ ਹੀ ਗੁਰੂ ਜੀ ਨੇ ਮੂਲਮੰਤਰ ਦਾ ਉਚਾਰਨ ਕੀਤਾ ਸੀ। ਇੱਥੋਂ ਹੀ ਬਾਣੀ ਦੀ ਸ਼ੁਰੂਆਤ ਹੋਈ ਸੀ।

**ਗੁਰਦੁਆਰਾ ਹੱਟ ਸਾਹਿਬ** : ਗੁਰੂ ਦੀ ਨਗਰੀ ਸੁਲਤਾਨਪੁਰ ਲੋਧੀ ਵਿੱਚ ਹੀ ਗੁਰਦੁਆਰਾ ਹੱਟ ਸਾਹਿਬ ਮੌਜੂਦ ਹੈ। ਇੱਥੇ ਗੁਰੂ ਨਾਨਕ ਦੇਵ ਜੀ ਨਵਾਬ ਦੌਲਤ ਖਾਂ ਕੋਲ ਨੌਕਰੀ ਕਰਦੇ ਸਨ। ਦੌਲਤ ਖਾਂ ਨੇ ਗੁਰੂ ਜੀ ਦੇ ਕੰਮ ਤੋਂ ਖ਼ੁਸ਼ ਹੋ ਕੇ ਇਨਾਮ ਵਜੋਂ ਗੁਰੂ ਜੀ ਨੂੰ ਧਨ ਭੇਟ ਕੀਤਾ ਪਰ ਗੁਰੂ ਸਾਹਿਬ ਨੇ ਇਹ ਲੈਣ ਤੋਂ ਇਨਕਾਰ ਕਰਦਿਆਂ ਇਸ ਨੂੰ ਲੋੜਵੰਦਾਂ ਵਿੱਚ ਵੰਡਣ ਲਈ ਕਿਹਾ। ਜਿਨ੍ਹਾਂ ਵੱਟਿਆਂ ਨਾਲ ਗੁਰੂ ਜੀ ਗਰੀਬਾ ਲਈ ਤੇਰਾਂ-ਤੇਰਾਂ ਕਰ ਕੇ ਤੋਲਦੇ ਸਨ, ਉਹ ਪਵਿੱਤਰ ਵੱਟੇ ਅੱਜ ਵੀ ਇੱਥੇ ਮੌਜੂਦ ਹਨ।

**ਗੁਰਦੁਆਰਾ ਕੋਠੜੀ ਸਾਹਿਬ** : ਗੁਰਦੁਆਰਾ ਹੱਟ ਸਾਹਿਬ ਦੇ ਨੇੜੇ ਹੀ ਗੁਰਦੁਆਰਾ ਕੋਠੜੀ ਸਾਹਿਬ ਬਣਿਆ ਹੋਇਆ ਹੈ। ਲੋਕਾਂ ਦੀ ਸ਼ਿਕਾਇਤ 'ਤੇ ਨਵਾਬ ਦੌਲਤ ਖਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਇਸ ਕੋਠੜੀ ਵਿੱਚ ਬੰਦ ਕਰ ਕੇ ਰੱਖਿਆ ਸੀ। ਲੋਕਾਂ ਨੇ ਨਵਾਬ ਦੌਲਤ ਖਾਂ ਨੂੰ ਸ਼ਿਕਾਇਤ ਕੀਤੀ ਸੀ ਕਿ ਗੁਰੂ ਜੀ ਵੱਧ ਤੋਲ ਕੇ ਮੋਦੀਖਾਨੇ ਨੂੰ ਘਾਟਾ ਪਾ ਰਹੇ ਹਨ। ਜਦੋਂ ਮੋਦੀਖਾਨੇ ਦਾ ਹਿਸਾਬ ਕਿਤਾਬ ਕੀਤਾ ਗਿਆ ਤਾਂ ਗੁਰੂ ਜੀ ਦੇ 760 ਰੁਪਏ ਵੱਧ ਨਿਕਲੇ।

**ਗੁਰਦੁਆਰਾ ਗੁਰੂ ਕਾ ਬਾਗ਼** : ਸੁਲਤਾਨਪੁਰ ਲੋਧੀ ਵਿੱਚ ਹੀ ਗੁਰਦੁਆਰਾ ਗੁਰੂ ਕਾ ਬਾਗ ਸੁਸ਼ੋਭਿਤ ਹੈ। ਗੁਰੂ ਨਾਨਕ ਦੇਵ ਜੀ ਭਾਈ ਜੈ ਰਾਮ ਤੇ ਬੇਬੇ ਨਾਨਕੀ ਦੇ ਬੁਲਾਉਣ 'ਤੇ ਸਭ ਤੋਂ ਪਹਿਲਾਂ ਇਸ ਸਥਾਨ 'ਤੇ ਆਏ ਸਨ। ਇੱਥੇ ਹੀ ਗੁਰੂ ਜੀ ਦਾ ਘਰ ਹੁੰਦਾ ਸੀ ਤੇ ਗੁਰੂ ਜੀ ਦੇ ਦੋ ਪੁੱਤਰਾਂ ਬਾਬਾ ਸ੍ਰੀ ਚੰਦ ਅਤੇ ਲਖਮੀ ਚੰਦ ਦਾ ਜਨਮ ਵੀ ਇੱਥੇ ਹੀ ਹੋਇਆ ਸੀ। ਇੱਥੇ ਹੀ ਬੇਬੇ ਨਾਨਕੀ ਜੀ ਗੁਰੂ ਜੀ ਲਈ ਲੰਗਰ ਤਿਆਰ ਕਰਿਆ ਕ। ਇਸ ਅਸਥਾਨ 'ਤੇ ਗੁਰੂ ਜੀ ਦੇ ਸਮੇਂ ਦਾ ਖੂਹ ਵੀ ਸਥਿਤ ਹੈ।

**ਗੁਰਦੁਆਰਾ ਸੇਹਰਾ ਸਾਹਿਬ ਤੇ ਬੇਬੇ ਨਾਨਕੀ ਜੀ:** ਸੁਲਤਾਨਪੁਰ ਲੋਧੀ ਵਿੱਚ ਹੀ ਗੁਰਦੁਆਰਾ ਸੇਹਰਾ ਸਾਹਿਬ ਅਤੇ ਗੁਰੂ ਜੀ ਦੇ ਵੱਡੇ ਭੈਣ ਬੇਬੇ ਨਾਨਕੀ ਜੀ ਨਾਲ ਸਬੰਧਿਤ ਗੁਰਦੁਆਰਾ ਵੀ ਮੌਜੂਦ ਹੈ।

**ਪਵਿੱਤਰ ਕਾਲੀ ਵੇਈਂ:** ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਬੇਰ ਸਾਹਿਬ, ਗੁਰਦੁਆਰਾ ਸੰਤ ਘਾਟ ਕੋਲੋਂ ਲੰਘਦੀ ਪਵਿੱਤਰ ਕਾਲੀ ਵੇਈਂ ਵਿੱਚ ਗੁਰੂ ਨਾਨਕ ਦੇਵ ਜੀ ਆਪਣੀ 14 ਸਾਲ 9 ਮਹੀਨੇ 13 ਦਿਨ ਦੀ ਠਹਿਰ ਦੌਰਾਨ ਰੋਜ਼ਾਨਾ ਇਸ਼ਨਾਨ ਕਰਦੇ ਸਨ ਤੇ ਇਸ ਦੇ ਕਿਨਾਰੇ ਪ੍ਰਭੂ ਭਗਤੀ ਵਿੱਚ ਲੀਨ ਹੁੰਦੇ ਰਹੇ। ਇੱਕ ਦਿਨ ਇਸੇ ਵੇਈਂ ਵਿੱਚ ਟੁੱਭੀ ਮਾਰ ਕੇ ਤਿੰਨ ਦਿਨ ਲੋਪ ਰਹਿਣ ਪਿੱਛੋਂ ਗੁਰੂ ਸਾਹਿਬ ਨੇ 1507 ਈਸਵੀ ਭਾਦੋਂ ਸੁਦੀ 15 ਪੂਰਨਮਾਸ਼ੀ ਵਾਲੇ ਦਿਨ ਮੁੜ ਪ੍ਰਗਟ ਹੋ ਕੇ ਇਲਾਹੀ ਬਾਣੀ ਦੇ ਮੂਲ ਮੰਤਰ ਦਾ ਪਹਿਲੀ ਵਾਰ ਉਚਾਰਨ ਕੀਤਾ। ਇੱਥੋਂ ਹੀ ਗੁਰੂ ਨਾਨਕ ਦੇਵ ਜੀ ਨੇ ਜਗਤ ਜਲੰਦੇ ਨੂੰ ਠਾਰਨ ਲਈ ਉਦਾਸੀਆਂ ਦੀ ਸ਼ੁਰੂਆਤ ਕੀਤੀ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਬਿਆਸ ਦਰਿਆ ਨੇੜੇ ਪਿੰਡ ਧਨੋਆ ਤੋਂ ਸ਼ੁਰੂ ਹੋ ਕੇ 160 ਕਿਲੋਮੀਟਰ ਦਾ ਸਫ਼ਰ ਤੈਅ ਕਰਦੀ ਹੋਈ ਹਰੀ ਕੇ ਪੱਤਣ ਨੇੜੇ ਮੁੜ ਬਿਆਸ ਵਿੱਚ ਸਮਾ ਜਾਣ ਵਾਲੀ ਇਸ ਪਵਿੱਤਰ ਵੇਈਂ ਨੂੰ ਸਿੱਖ ਧਰਮ ਦਾ ਪਹਿਲਾ ਤੀਰਥ ਅਸਥਾਨ ਹੋਣ ਦਾ ਮਾਣ ਵੀ ਹਾਸਲ ਹੈ।

# ਸਿੱਖ ਇਤਿਹਾਸ ਵਿੱਚ-ਮਿਸਲ ਨਿਸ਼ਾਨਾਂ ਵਾਲੀ

**ਜੋਗਿੰਦਰ ਸਿੰਘ ਓਬਰਾਏ**

ਸਿੱਖ ਇਤਿਹਾਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਤੋਂ ਪਹਿਲਾਂ ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਦਾ ਇਤਿਹਾਸ ਹੈ ਅਤੇ ਇਨ੍ਹਾਂ ਮਿਸਲਾਂ ਵਿੱਚ ਇਕ ਮਿਸਲ ਨਿਸ਼ਾਨਾਂ ਵਾਲੀ ਕਰਕੇ ਵੀ ਜਾਣੀ ਜਾਂਦੀ ਸੀ। ਇਤਿਹਾਸਕ ਪੱਖ ਅਨੁਸਾਰ ਇਸ ਮਿਸਲ ਦੇ ਬਾਨੀ ਦਸੌਂਧਾ ਸਿੰਘ ਸ਼ੇਰਗਿੱਲ ਪੁੱਤਰ ਚੌਧਰੀ ਸਾਹਿਬ ਰਾਏ ਪਿੰਡ ਮਨਸੂਰ ਦੇਵਾ (ਫਿਰੋਜ਼ਪੁਰ) ਦੇ ਰਹਿਣ ਵਾਲੇ ਸਨ। ਜਿਨ੍ਹਾਂ ਨੇ ਬਾਬਾ ਦਰਬਾਰਾ ਸਿੰਘ ਪਾਸੋਂ ਅੰਮ੍ਰਿਤ ਛਕਿਆ ਅਤੇ ਸਿੰਘ ਸਜ ਗਏ। ਦਸੌਂਧਾ ਸਿੰਘ ਦਲ ਖਾਲਸਾ ਦੇ ਨਿਸ਼ਾਨ ਬਰਦਾਰ ਸਨ ਅਤੇ ਜਦੋਂ ਦਲ ਖਾਲਸਾ ਲੜਾਈ ਕਰਦਾ ਤਾਂ ਦਸੌਂਧਾ ਸਿੰਘ ਕੇਸਰੀ ਨਿਸ਼ਾਨ ਸਾਹਿਬ ਲੈ ਕੇ ਅੱਗੇ ਚੱਲਿਆ ਕਰਦੇ ਸਨ। ਸੰਨ 1739 ਵਿੱਚ ਮੁਗ਼ਲ ਬਾਦਸ਼ਾਹ ਨਾਦਰ ਦੇ ਹਮਲੇ ਤੋਂ ਬਾਅਦ ਸਿੰਘ ਜ਼ੋਰ ਫੜ ਗਏ ਅਤੇ 14 ਅਕਤੂਬਰ 1745 ਨੂੰ ਦਲ ਖਾਲਸਾ 30 ਜਥਿਆਂ ਵਿੱਚ ਵੰਡਿਆ ਗਿਆ। ਇਹ ਜਥੇ ਆਪੋ-ਆਪਣੇ ਜਥੇਦਾਰ ਦੀ ਅਗਵਾਈ ਹੇਠ ਆਜ਼ਾਦ ਤੌਰ 'ਤੇ ਲੁੱਟਮਾਰ ਕਰਦੇ, ਪ੍ਰੰਤੂ ਸਿੱਖਾਂ 'ਤੇ ਸਾਂਝੀ ਭੀੜ ਪੈਣ ਸਮੇਂ ਇਕੱਠੇ ਹੋ ਜਾਂਦੇ। ਅਬਦਾਲੀ ਦੇ ਹਮਲੇ ਮਗਰੋਂ ਸਿੰਘਾਂ ਦੇ ਜਥੇ ਹੋਰ ਵਧ ਗਏ। ਮਾਰਚ 1748 ਨੂੰ ਸਾਰੇ ਜਥੇ ਅੰਮ੍ਰਿਤਸਰ ਇਕੱਠੇ ਹੋਏ ਅਤੇ ਨਵਾਬ ਕਪੂਰ ਸਿੰਘ ਨੇ ਮਤਾ ਪੇਸ਼ ਕਰਕੇ ਪੰਥ ਦੀ ਮਜ਼ਬੂਤ ਜਥੇਬੰਦੀ ਬਣਾਉਣ ਲਈ ਪ੍ਰਵਾਨਗੀ ਲਈ ਅਤੇ ਜਥੇਬੰਦੀ ਦਾ ਨਾਂ ਦਲ ਖਾਲਸਾ ਰੱਖਿਆ ਗਿਆ ਅਤੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਇਸ ਦਾ ਮੁਖੀ ਬਣਾਇਆ ਗਿਆ ਅਤੇ ਇਸ ਦੇ ਨਾਲ ਹੀ ਗਿਆਰਾਂ ਮਿਸਲਾਂ ਬਣਾਈਆਂ ਗਈਆਂ। ਜਥੇਦਾਰ ਦਸੌਂਧਾ ਸਿੰਘ ਦਲ ਖਾਲਸਾ ਦਾ ਨਿਸ਼ਾਨ ਬਰਦਾਰ ਹੋਣ ਕਰਕੇ ਇਸ ਮਿਸਲ ਦਾ ਨਾਂ ਨਿਸ਼ਾਨਾਂ ਵਾਲੀ ਪੈ ਗਿਆ। ਸਿੱਖਾਂ ਦੀਆਂ ਬਹੁਤ ਸਾਰੀਆ ਮੁਹਿੰਮਾਂ ਵਿੱਚ ਮਿਸਲ ਨਿਸ਼ਾਨਾਂ ਵਾਲੀ ਵੀ ਜੂਝਦੀ ਰਹੀ। ਇਸ ਮਿਸਲ ਨੇ ਮੋਰਠ, ਕਸੂਰ ਅਤੇ ਸਰਹਿੰਦ ਦੀਆਂ ਲੜਾਈਆਂ ਵਿੱਚ ਅਤੇ ਸਿੱਖ ਧਰਮ ਦੀ ਤਰੱਕੀ ਅਤੇ ਜ਼ੁਲਮਾਂ ਦੀ ਸੋਧ ਵਿੱਚ ਕੋਈ ਕਸਰ ਬਾਕੀ ਨਾ ਛੱਡੀ।



ਇਸ ਮਿਸਲ ਨੇ 12000 ਸਵਾਰ ਰੱਖ ਕੇ ਆਪਣੀ ਤਾਕਤ ਵਧਾ ਲਈ ਅਤੇ ਸਰਹਿੰਦ ਦੇ ਨਵਾਬ ਨੂੰ ਮਾਰ ਕੇ ਇਸ ਮਿਸਲ ਨੇ ਕਈ ਇਲਾਕੇ ਮੱਲ ਲਏ, ਜਿਸ ਵਿੱਚ ਜ਼ੀਰਾ, ਸਿੰਘ ਵਾਲਾ, ਸਾਹਨੇਵਾਲ, ਦੋਰਾਹਾ, ਸਰਾਏ, ਲਸ਼ਕਰੀ, ਅਮਲੋਹ, ਲੱਧੜਾਂ, ਖੇੜੀ, ਅੰਬਾਲਾ, ਸ਼ਾਹਬਾਦ, ਬੋਹ, ਬਬੀਆਲ, ਥਿਡਵਾ, ਇਸਮਾਲਵਾਦ, ਮਨਸੂਰਵਾਲ ਅਤੇ ਹੋਰ ਕਈ ਇਲਾਕੇ ਆਪਣੇ ਕਬਜ਼ੇ ਹੇਠ ਲੈ ਕੇ ਅੰਬਾਲਾ ਨੂੰ ਆਪਣੀ ਰਾਜਧਾਨੀ ਬਣਾ ਲਿਆ।

1765 ਈਸਵੀ ਨੂੰ ਦਸੌਂਧਾ ਸਿੰਘ ਦੀ ਜ਼ਾਬਤਾ ਖ਼ਾਨ ਨਾਲ ਜਮਨਾ ਪਾਰ ਇਲਾਕੇ ਵਿੱਚ ਹੋਈ ਲੜਾਈ ਮੌਕੇ ਸ਼ਹੀਦ ਹੋ ਗਿਆ ਅਤੇ ਉਸ ਦੀ ਥਾਂ ਉਸ ਦੇ ਛੋਟੇ ਭਰਾ ਸੰਗਤ ਸਿੰਘ ਨੇ ਮਿਸਲ ਦੀ ਕਮਾਂਡ ਸੰਭਾਲੀ। ਪ੍ਰੰਤੂ ਇੱਥੋਂ ਦਾ ਪੌਣ- ਪਾਣੀ ਅਨੁਕੂਲ ਨਾ ਹੋਣ ਕਰਕੇ ਆਪਣੇ ਰਿਸ਼ਤੇਦਾਰ ਚਾਚੇ ਦੇ ਪੁੱਤਰ ਗੁਰਬਖ਼ਸ਼ ਸਿੰਘ ਅਤੇ ਲਾਲ ਸਿੰਘ ਨੂੰ ਇਸ ਇਲਾਕੇ ਦਾ ਪ੍ਰਬੰਧ ਸੌਂਪ ਕੇ ਆਪ ਸਿੰਘਾਂ ਵਾਲੇ ਚਲਾ ਗਿਆ। ਜ਼ੀਰੇ ਪਾਸ ਸੰਨ 1774 ਨੂੰ ਆਪਣੇ ਤਿੰਨ ਪੁੱਤਰਾਂ ਮੋਹਰ ਸਿੰਘ, ਕਪੂਰ ਸਿੰਘ ਅਤੇ ਅਨੂਪ ਸਿੰਘ ਨੂੰ ਛੱਡ ਕੇ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ, ਪ੍ਰੰਤੂ ਉਸ ਦੇ ਤਿੰਨੋਂ ਪੁੱਤਰ ਨਾਬਾਲਗ ਅਤੇ ਅਨਜਾਣ ਸਨ। ਇਸ ਕਰਕੇ ਧਿਆਨ ਸਿੰਘ ਖੁਸਰੋ ਪੁਰੀਆ, ਜੋ ਕਿ ਮੋਹਰ ਸਿੰਘ ਹੁਰਾਂ ਦਾ ਮਾਮਾ ਸੀ, ਮਿਸਲ ਦਾ ਸਰਪ੍ਰਸਤ ਨਿਯੁਕਤ ਹੋਇਆ ਅਤੇ ਅੰਬਾਲੇ ਰਹਿਣ ਲੱਗਾ। 1779 ਈਸਵੀ ਨੂੰ ਜਦੋਂ ਮੋਹਰ ਸਿੰਘ ਬਾਲਗ ਹੋ ਗਿਆ ਤਾਂ ਧਿਆਨ ਸਿੰਘ ਨੇ ਸਾਰੇ ਇਲਾਕੇ ਦਾ ਪ੍ਰਬੰਧ ਮੋਹਰ ਸਿੰਘ ਨੂੰ ਸੌਂਪ ਦਿੱਤਾ। ਮੋਹਰ ਸਿੰਘ ਥੋੜ੍ਹੇ ਹੀ ਸਮੇਂ ਵਿੱਚ ਤਕੜਾ ਅਤੇ ਪ੍ਰਭਾਵਸ਼ਾਲੀ ਮੁਖੀ ਬਣ ਗਿਆ।

ਇਕ ਵਾਰ ਮੋਹਰ ਸਿੰਘ ਆਪਣੇ ਇਲਾਕੇ ਜ਼ੀਰੇ ਤੋਂ ਇਲਾਕਾ ਸਰਾਏ ਲਸ਼ਕਰੀ ਖ਼ਾਨ ਦਾ ਦੌਰਾ ਕਰਨ ਗਿਆ ਤਾਂ ਪਤਾ ਲੱਗਾ ਕਿ ਕੁਝ ਲੋਕ ਸਰਾਏ ਵਿੱਚ ਬਾਗ਼ੀ ਹੋ ਗਏ ਹਨ। ਉਸ ਨੇ ਮੌਕਾ ਸੰਭਾਲਦੇ ਹੋਏ ਇੱਥੋਂ ਦੇ ਵਸਨੀਕਾਂ ਨੂੰ ਸਮਝਾਇਆ ਅਤੇ ਅਗਲੇ ਸਮੇਂ ਲਈ ਆਪਣੇ ਛੋਟੇ ਭਰਾ ਅਨੂਪ ਸਿੰਘ ਨੂੰ ਸਰਾਏ ਲਸ਼ਕਰੀਆ ਦਾ ਇਲਾਕਾ ਸੌਂਪ ਦਿੱਤਾ।

ਬਾਕੀ ਸਫ਼ਾ 32 'ਤੇ

## *ਮਹਾਨ ਗ਼ਦਰੀ ਸ਼ਹੀਦ*

# ਰੁਲੀਆ ਸਿੰਘ ਸਰਾਭਾ

**ਜਸਦੇਵ ਸਿੰਘ**

ਰੁਲੀਆ ਸਿੰਘ ਸਰਾਭਾ ਦਾ ਜਨਮ ਪਿਤਾ ਸ. ਜਗਤ ਸਿੰਘ ਦੇ ਘਰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ 19ਵੀਂ ਸਦੀ ਦੇ 9ਵੇਂ ਦਹਾਕੇ ਦੌਰਾਨ ਹੋਇਆ। ਉਨ੍ਹਾਂ ਦੇ ਬਚਪਨ ਵਿਚ ਹੀ ਪਿਤਾ ਵਿਛੋੜਾ ਦੇ ਗਏ। ਵਿਧਵਾ ਮਾਤਾ ਨੇ ਬੇਅੰਤ ਮੁਸ਼ਕਲਾਂ ਝੱਲਦਿਆਂ, ਅਣਥੱਕ ਘਾਲਣਾ ਘਾਲਦਿਆਂ ਰੁਲੀਆ ਸਿੰਘ ਦਾ ਪਾਲਣ ਪੋਸ਼ਣ ਕੀਤਾ ਤੇ ਪੜ੍ਹਾਇਆ। ਬੜੇ ਚਾਵਾਂ-ਮਲਾਰਾਂ ਨਾਲ ਆਪ ਦਾ ਵਿਆਹ ਕੀਤਾ ਪਰੰਤੂ ਥੋੜ੍ਹੇ ਮਹੀਨਿਆਂ ਬਾਅਦ ਹੀ ਆਪ ਦੀ ਪਤਨੀ ਦੀ ਮੌਤ ਹੋ ਗਈ। ਬੇਰੁਜ਼ਗਾਰੀ ਅਤੇ ਗੁਰਬਤ ਵਿਚੋਂ ਕੱਢਣ ਲਈ ਬਿਰਧ ਮਾਤਾ ਨੇ ਆਪ ਨੂੰ ਕਮਾਈ ਲਈ ਅਮਰੀਕਾ ਭੇਜਿਆ।

ਉਨ੍ਹੀਂ ਦਿਨੀਂ ਅਮਰੀਕਨ ਨਸਲਪ੍ਰਸਤਾਂ ਵੱਲੋਂ ਹਿੰਦੀ ਮਜ਼ਦੂਰਾਂ 'ਤੇ ਕਈ ਹਮਲੇ ਕੀਤੇ ਗਏ। ਕਈ ਵਾਰੀ ਭਾਰਤੀਆਂ ਨੂੰ ਜਬਰੀ ਗੱਡੀਆਂ 'ਚ ਚੜ੍ਹਾ ਕੇ ਦੂਰ-ਦੁਰਾਡੇ ਅਮਰੀਕੀ ਜੰਗਲਾਂ 'ਚ ਛੱਡੇ ਜਾਣ ਦੀਆਂ ਘਟਨਾਵਾਂ ਵੀ ਵਾਪਰੀਆਂ। ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਹੋਟਲਾਂ, ਬਾਜ਼ਾਰਾਂ ਤੇ ਘਰਾਂ 'ਚ ਭਾਰਤੀਆਂ ਨੂੰ "ਕੁੱਤੇ", "ਹਿੰਦੀ ਸਲੇਵ" ਆਦਿ ਕਹਿ ਕੇ ਪੁਕਾਰਨਾ ਆਮ ਗੱਲ ਬਣੀ ਹੋਈ ਸੀ। ਇਨ੍ਹਾਂ ਹਾਲਾਤ ਨੇ ਅਣਖੀ ਤੇ ਗ਼ੈਰਤਮੰਦ ਰੁਲੀਆ ਸਿੰਘ ਦੇ ਨਾਜ਼ੁਕ ਮਨ 'ਚ ਗੁਲਾਮੀ ਪ੍ਰਤੀ ਨਫ਼ਰਤ ਤੇ ਗੁੱਸਾ ਪ੍ਰਚੰਡ ਕਰ ਦਿੱਤਾ ਤੇ ਆਜ਼ਾਦੀ ਦੀ ਤੜਪ ਤੇ ਤਾਂਘ ਦੀ ਚੰਗਿਆੜੀ ਬਾਲ ਦਿੱਤੀ।



ਰੁਲੀਆ ਸਿੰਘ ਸੰਨ 1912 ਵਿਚ ਅਸਟੋਰੀਆ ਸ਼ਹਿਰ ਦੀ ਇਕ ਮਿੱਲ ਵਿਚ ਕੰਮ 'ਤੇ ਲੱਗਾ ਹੋਇਆ ਸੀ। ਉਹ ਅੰਗਰੇਜ਼ ਸਾਮਰਾਜਵਾਦ ਤੋਂ ਹਿੰਦ ਦੀ ਮੁਕਤੀ ਤੇ ਬਰਾਬਰੀ ਵਾਲੇ ਨਵੇਂ ਨਰੋਏ ਦੇਸ਼ ਦੀ ਸਥਾਪਨਾ ਲਈ ਹੋਣ ਵਾਲੀਆਂ ਹਿੰਦੀਆਂ ਦੀਆਂ ਮੀਟਿੰਗਾਂ 'ਚ ਸਰਗਰਮੀ ਨਾਲ ਭਾਗ ਲੈਣ ਲੱਗਿਆ। ਕਰਤਾਰ ਸਿੰਘ ਸਰਾਭਾ ਬਰਕਲੇ ਯੂਨੀਵਰਸਿਟੀ 'ਚ ਕੁਝ ਛੁੱਟੀਆਂ ਹੋਣ ਕਾਰਨ, ਰੁਲੀਆ ਸਿੰਘ ਪਾਸ ਆਇਆ ਹੋਇਆ ਸੀ। ਉਹ ਵੀ ਇਕ ਮੀਟਿੰਗ 'ਚ ਨਾਲ ਚਲਾ ਗਿਆ। ਰੁਲੀਆ ਸਿੰਘ ਨੇ ਕਰਤਾਰ ਸਿੰਘ ਨੂੰ ਕਿਹਾ, "ਤੂੰ ਹਾਲੇ ਕੱਲ੍ਹ ਦਾ ਮੁੰਡਾ ਏਂ। ਤੇਰੀ ਉਮਰ ਅਜਿਹੇ ਕੰਮ ਕਰਨ ਦੀ ਨਹੀਂ। ਨਾਲੇ ਤੈਨੂੰ ਪਤਾ ਤੇਰੇ ਮਾਤਾ-ਪਿਤਾ ਤੇਰੇ ਨਿੱਕੇ ਹੁੰਦਿਆਂ ਹੀ ਤੁਰ ਗਏ ਸਨ। ਤੇਰੇ ਦਾਦਾ ਜੀ ਦੀਆਂ ਤੇਰੇ 'ਤੇ ਕਿੰਨੀਆਂ ਉਮੀਦਾਂ ਨੇ। ਤੈਨੂੰ ਅਮਰੀਕਾ ਪੜ੍ਹਨ ਭੇਜਿਆ। ਪੜ੍ਹਨ ਲਈ ਸਾਰਾ ਖਰਚ ਦੇਸ਼ ਤੋਂ ਭੇਜ ਰਹੇ ਹਨ।" ਕਰਤਾਰ ਸਿੰਘ 'ਤੇ ਇਨ੍ਹਾਂ ਗੱਲਾਂ ਦਾ ਕੁਝ ਅਸਰ ਹੋਇਆ। ਰੁਲੀਆ ਸਿੰਘ ਨੇ ਉਸ ਨੂੰ ਵਾਪਸ

ਬਾਕੀ ਸਫ਼ਾ 32 'ਤੇ

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 30 ਅਗਸਤ ਨੂੰ ਸੰਪੂਰਨਤਾ ਦਿਵਸ 'ਤੇ ਵਿਸ਼ੇਸ਼*

# ਸਿੱਖ ਇਤਿਹਾਸ 'ਚ ਗੁਰੂ ਗ੍ਰੰਥ ਸਾਹਿਬ

**ਪ੍ਰਮਿੰਦਰ ਸਿੰਘ ਪ੍ਰਵਾਨਾ**
(510-781-0487)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਦੀਵੀ ਗੁਰੂ ਹਨ। ਇਹ ਇਕ ਅਜਿਹਾ ਗ੍ਰੰਥ ਹੈ ਜਿਸ ਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ। ਜਿਸ ਦੀ ਸਿੱਖਿਆ ਜਨ ਕਲਿਆਣ ਵਾਸਤੇ ਹੈ। ਇਸ ਵਿਚ ਕੇਵਲ ਅਧਿਆਤਮਕ ਉਚਾਈਆਂ ਹੀ ਨਹੀਂ ਸਗੋਂ ਸਮੁੱਚੇ ਜੀਵਨ ਮਾਰਗ ਅਤੇ ਸਾਵੀਂ ਪੱਧਰੀ ਜੀਵਨ ਜਾਚ ਤੇ ਵਰਤਮਾਨ ਜੀਵਨ ਉਚਾਈ ਦਾ ਅਨਮੋਲ ਖਜ਼ਾਨਾ ਹੈ। ਮਨੁੱਖ ਦੀਆਂ ਸਮੱਸਿਆਵਾਂ ਦਾ ਹੱਲ ਹੈ।

ਅਗਿਆਨਤਾ ਅਤੇ ਵਹਿਮਾਂ ਭਰਮਾਂ ਵਿਚ ਭਟਕਦੀ ਮਨੁੱਖਤਾ ਨੂੰ ਰਾਹ ਦਿਖਾਉਣ ਲਈ ਅਵਤਾਰੀ ਪੁਰਸ਼ ਸੰਸਾਰ ਵਿਚ ਆਉਂਦੇ ਹਨ। ਰੱਬੀ ਬਾਣੀ ਰਾਹੀਂ ਮਨੁੱਖਤਾ
ਨੂੰ ਸਤਿ ਮਾਰਗ ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ। ਸਿੱਖ ਧਰਮ ਦੀ ਬੁਨਿਆਦ ਸਤਿ ਤੇ ਰੱਖੀ ਗਈ ਹੈ ਜਿਸ ਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਪ੍ਰਾਪਤ ਹੁੰਦਾ ਹੈ। ਸਿੱਖਿਆ ਸਮੁੱਚੀ ਮਾਨਵਜਾਤੀ ਵਾਸਤੇ ਹੈ। ਖੱਤਰੀ, ਸੂਦ, ਵੈਸ਼ ਉਪਦੇਸ਼ ਚਹੁ ਵਰਨਾ ਕਉ ਸਾਂਝਾ। ਗੁਰੂ ਗ੍ਰੰਥ ਸਾਹਿਬ ਵਿਚ ਭਾਵਨਾ, ਚਿੰਤਨ ਅਤੇ ਦ੍ਰਿਸ਼ਟੀਕੋਣ ਵਿਸ਼ਵ ਵਿਆਪੀ ਹੈ। ਗੁਰੂਆਂ ਨੇ ਦੇਹਧਾਰੀ ਗੁਰੂਆਂ ਦੀ ਪੂਜਾ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ ਹੈ। ਜੋ ਸਦੀਵੀ ਸ਼ਬਦ ਰੂਪੀ ਗੁਰੂ ਹੈ ਅਤੇ ਹੋਰ ਸੰਤਾਂ ਭਗਤਾਂ ਦੀ ਬਾਣੀ ਇਕ ਵਡਮੁੱਖੀ ਸਿੱਖਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਸੁਖਆਸਨ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਾਹਿਬ ਵਿਖੇ ਕੀਤਾ ਜਾਂਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਦਾ ਕੇਂਦਰੀ ਧੁਰਾ ਹੈ ਜਿਸ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂਆਂ ਦੀ ਬਾਣੀ ਅਤੇ ਸੰਤਾਂ, ਭਗਤਾਂ, ਭੱਟਾਂ ਅਤੇ ਸਿੱਖ ਬੜੀ ਪਵਿੱਤਰ ਰਚਰਨਾ ਨੂੰ ਸੰਭਾਲਿਆ ਗਿਆ ਹੈ ਜਿਨ੍ਹਾਂ ਦੇ ਵੇਰਵਾ ਹੈ ਕਿ 6 ਸਿੱਖ ਗੁਰੂ 15 ਭਗਤ, 11 ਭੱਟ ਅਤੇ 4 ਗੁਰ ਸੇਵਕਾਂ ਦੀ ਬਾਣੀ ਦਰਜ ਹੈ। ਇਹ ਰਚਨਾ ਬੰਦਗੀ ਅਤੇ ਪ੍ਰਭੂ ਮਿਲਾਪ ਦਾ ਰਾਹ ਦੱਸਦੀ ਹੈ। ਰੱਬੀ ਬਾਣੀ ਜੋ ਪ੍ਰਚਲਤਿ ਆਰੀਆ ਭਾਸ਼ਾ ਦਾ ਮਿਸ਼ਰਣ ਹੈ। ਬਾਣੀਕਾਰਾਂ ਦੇ ਰੱਬੀ ਬੋਲੀ ਵੱਖ ਵੱਖ ਬੋਲੀਆਂ ਵਿਚ ਪ੍ਰਾਪਤ ਹੁੰਦੇ ਹਨ। ਪਹਿਲਾ ਧਰਮ ਗ੍ਰੰਥ ਸੰਸਕ੍ਰਿਤ ਅਤੇ ਫਾਰਸੀ ਪਾਸ਼ਾ ਵਿਚ ਪ੍ਰਾਪਤ ਹੁੰਦੇ ਸਨ। ਜੋ ਆਮ ਆਦਮੀ ਦੀ ਸਮਝ ਤੋਂ ਬਾਹਰ ਸਨ। ਗ੍ਰੰਥੀ ਦੀ ਵਿਆਖਿਆ ਪੰਡਤ ਅਤੇ ਮੌਲਵੀ ਕਰਦੇ ਸਨ। ਜੋ ਆਪਣੇ ਖਾਸ ਹਿੱਤ ਪਾਲਦੇ ਸਨ। ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿੱਤ ਵਿਹਹਾਰ ਵਿਚ ਵਰਤੀ ਜਾਂਦੀ ਲੋਕ ਭਾਸ਼ਾ, ਸੰਤ ਭਾਸ਼ਾ ਦੀ ਸ਼ਬਦਾਵਲੀ ਹੈ ਜੋ ਕਾਵਿ ਰੂਪ ਵਿਚ ਸਾਹਿਤ ਦੀ ਬੇਸ਼ਕੀਮਤੀ ਵੰਨਗੀ ਹੈ। ਇਸ ਪ੍ਰਮਾਤਮਾ ਦੀ ਉਸਤਤ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ ਤਾਂ ਕਾਵਿਕ ਸੰਗੀਤ ਦਾ ਰਹੱਸਮਈ ਪ੍ਰਵਾਹ ਚਲਦਾ ਹੈ ਜੋ ਆਤਮਿਕ ਸ਼ਾਂਤੀ ਪ੍ਰਦਾਨ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਪੋਥੀ ਰੂਪ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ ਗਈ ਜਿਨ੍ਹਾਂ ਨੇ ਇਸ ਨੂੰ ਸੰਭਾਲਿਆ, ਸਤਿਕਾਰਿਆ ਅਤੇ ਅਗਾਂਹ ਤੋਰਿਆ। ਪੋਥੀ ਪਰਮੇਸ਼ਰ ਦਾ ਥਾਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਪ੍ਰਮਾਤਮਾ ਦਾ ਪ੍ਰਕਾਸ਼ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣਾ ਪ੍ਰਮਾਤਮਾ ਨੂੰ ਮੱਥਾ ਟੇਕਣਾ ਹੈ। ਅਕਾਲ ਪੁਰਖ ਨੂੰ ਮੱਥਾ ਟੇਕਣਾ ਹੈ। ਫਿਰ ਗੁਰੂ ਅਮਰਦਾਸ, ਗੁਰੂ ਰਾਮਦਾਸ ਸਾਹਿਬ ਤੋਂ ਇਕੱਤਰ ਹੁੰਦੀ ਗਈ, ਜਿਸ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਇਆ। ਬਾਣੀ ਦੀ ਘੋਖ ਅਤੇ ਵਾਚਨਾ ਰਾਮ ਸਰੋਵਰ ਦੇ ਰਮਣੀਕ ਕੰਢੇ ਤੇ ਨਿਭਾਈ ਗਈ। ਗੁਰੂ ਅਰਜਨ ਦੇਵ ਜੀ ਨੇ ਇਕੱਤਰ ਹੋਈ ਸਮੁੱਚੀ ਬਾਣੀ ਨੂੰ 31 ਰਾਗਾਂ ਵਿਚ ਤਰਤੀਬ ਦੇ ਕੇ 30 ਅਗਸਤ, 1604 ਨੂੰ ਆਦਿ ਗ੍ਰੰਥ ਸੰਪੰਨ ਹੋਏ। ਸਤੰਬਰ, 1604 ਨੂੰ ਆਦਿ ਗ੍ਰੰਥ ਨਗਰ ਕੀਰਤਨ ਦੇ ਰੂਪ ਵਿਚ ਬੜੀ ਸ਼ਾਨ ਨਾਲ ਸਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਜੀ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਜੀ ਦੀ ਹਾਜ਼ਰੀ ਵਿਚ ਬੈਠੀਆਂ, ਪਹਿਲਾ ਹੁਕਮਨਾਮਾ ਪ੍ਰਾਪਤ ਹੋਇਆ -ਸੂਹੀ ਮਹੱਲਾ ਪੰਜਵਾਂ॥

ਸੰਤਾਂ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥ ਅੰਗ 783

ਆਦਿ ਗ੍ਰੰਥ ਜੀ ਨੂੰ ਹੋਰ ਵਿਸ਼ਾਲ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਕੱਤਰ ਕਰਦਿਆਂ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ 1705 ਵਿਚ ਮੁਕੰਮਲ ਕੀਤਾ। ਨਾਲ ਹੀ ਪੁਨਰ ਸੰਪਾਦਨ ਕੀਤਾ। ਅਕਤੂਬਰ 20,1708 ਨੂੰ ਸਮੁੱਚੀ ਬਾਣੀ ਨੂੰ ਨਾਂਦੇੜ ਸਾਹਿਬ ਵਿਖੇ ਗੁਰਿਆਈ ਆਦਿ ਗ੍ਰੰਥ ਨੂੰ ਸੌਂਪੀ ਗਈ ਤੇ ਨਾਮ ਗੁਰੂ ਗ੍ਰੰਥ ਸਾਹਿਬ ਹੋ ਗਿਆ। ਗੁਰੂ ਨੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੇ ਚੱਲਣ ਦਾ ਆਦੇਸ਼ ਦਿੱਤਾ। ਉਨ੍ਹਾਂ ਦੇ ਹੁਕਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਹੀ ਹਰ ਸਿੱਖ ਦੇ ਗੁਰੂ ਹਨ।

ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਸੰਗਤਾਂ ਵਿਚ ਵੰਡੇ। ਹੁਣ 1430 ਅੰਗਾਂ ਵਾਲੀ ਬੀੜ ਦੀ ਛਪਾਈ ਦੀ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕੋਲ ਰਾਖਵੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਕਾਰਜ਼ਾਂ ਦੀ ਅਗਵਾਈ ਕਰਦੇ ਹਨ। ਸੰਗਤਾਂ ਦੇ ਅਥਾਹ ਵਿਸ਼ਵਾਸ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਭਾਣੇ ਵਿਚ ਰਹਿ ਕੇ ਚੜ੍ਹਦੀ ਕਲਾ ਦਾ ਵਿਸ਼ਵਾਸ ਮਿਲਦਾ ਹੈ, ਉਤਸ਼ਾਹ ਵਧਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਰਧਾ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਨੇ ਸੁਤੰਤਰ ਖ਼ਾਲਸਾ ਸਾਮਰਾਜ ਦੀ ਨੀਂਹ ਰੱਖੀ। ਉਸ ਨੂੰ ਵਿਸ਼ਾਲਤਾ ਬਖਸ਼ ਕੇ ਸਥਾਪਤ ਕੀਤਾ। ਉਨ੍ਹਾਂ ਦਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੇ ਹੀ ਕੇਂਦਰਿਤ ਰਿਹਾ। ਮਹਾਰਾਜਾ ਰਣਜੀਤ ਸਿੰਘ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਟ ਕਰਦੇ। ਸਿੱਖਾਂ ਵਾਸਤੇ ਸ਼ਰਧਾ ਦਾ ਇਕੋ ਇਕ ਸਮੁੱਚੀ ਗ੍ਰੰਕ ਹੈ। ਉਸਤੋਂ ਇਲਾਵਾ ਕਿਸੇ ਦੇਹਧਾਰੀ ਜਾਂ ਮੂਰਤੀ ਨੂੰ ਨਹੀਂ ਮੰਨਿਆ ਜਾਂਦਾ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਇਸ ਧਾਰਮਿਕ ਗ੍ਰੰਥ ਨੂੰ ਹੀ ਗੁਰੂ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਜੀਵਨ ਮਾਰਗ ਦਾ ਪ੍ਰੇਰਨਾ ਸਰੋਤ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਬਿਨਾਂ ਭੇਦਭਾਵ ਦੇ ਸੰਸਾਰ ਵਿਚ ਸੰਚਾਰਨ ਦੀ ਲੋੜ ਹੈ।

ਅੰਤਿਕਾ-ਹੇ ਨਾਨਕ! ਜੋ ਮਨੁੱਖ ਸਦਾ ਉਚੇ ਆਤਮਿਕ ਮੰਡਲ ਵਿਚ ਵਸਦਾ ਹੈ, ਉਸ ਅੰਦਰ ਆਤਮਿਕ ਭਾਵ ਪੈਦਾ ਹੁੰਦੇ ਹਨ। ਆਤਮਿਕ ਗੁਣਾਂ ਨਾਲ ਉਹ ਡੂੰਘੀ ਸਾਂਝ ਪਾਈ ਰੱਖਦਾ ਹੈ। ਆਤਮਿਕ ਗੁਣਾਂ ਵਿਚ ਉਸ ਦੀ ਸੁਰਤਿ ਜੁੜੀ ਰਹਿੰਦੀ ਹੈ। ਉਸ ਦੇ ਮਨ ਨੂੰ ਪ੍ਰਮਾਤਮਾ ਦਾ ਨਾਮ ਪਿਆਰਾ ਲਗਦਾ ਹੈ। ਉਹ ਸਿਮਰਦਾ ਹੈ ਪ੍ਰੇਰਦਾ ਹੈ। ਉਹ ਸਦਾ ਜਗਤ ਮੂਲ ਪ੍ਰਭੂ ਦੀ ਹੀ ਸਿਫ਼ਤ ਸਲਾਹ ਕਰਦਾ ਹੈ। ਗੁਰ ਪੀਰ ਦੇ ਸ਼ਬਦ ਨੂੰ ਹਿਰਦੇ ਵਿਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ ਪਰ ਗੁਰੂ ਸ਼ਬਦ ਤੋਂ ਖੁੰਝ ਕੇ ਜਗਤ ਮਾਇਆ ਮੋਹ ਦੇ ਵਿਚ ਕਮਲਾ ਹੋਇਆ ਫਿਰਦਾ ਹੈ। ਉਹ ਪੂਰਨ ਤਿਆਗੀ ਮਨੁੱਖ ਅਡੋਲ ਆਤਮਿਕ ਅਸਵਥਾ ਵਿਚ ਟਿਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸ ਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਮੰਨਦਾ ਹੈ। (ਅੰਗ 634-635)।

# ਭਾਖੜਾ ਬਿਆਸ ਮੈਨੇਜਮੈਂਟ 'ਤੇ ਲੱਗੇ ਹੜ੍ਹ ਲਿਆਉਣ ਦੇ ਦੋਸ਼

## *ਮੁੱਖ ਮੰਤਰੀ ਕੈਪਟਨ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਕਲੀਨ ਚਿੱਟ*

ਵਿਸ਼ੇਸ਼ ਰਿਪੋਰਟ
**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916



ਭਾਖੜਾ ਬਿਆਸ ਮੈਨੇਜਮੈਂਟ ਦੀ ਕਥਿਤ ਲਾਪਰਵਾਹੀ ਕਾਰਨ ਪੰਜਾਬ ਵਿਚ ਹੜ੍ਹਾਂ ਕਾਰਨ ਤਬਾਹੀ ਮਚ ਗਈ ਹੈ। ਅੰਦਾਜ਼ਨ 2000 ਕਰੋੜ ਦਾ ਨੁਕਸਾਨ ਹੋ ਚੁੱਕਾ ਹੈ, ਪਰ ਪੰਜਾਬੀਆਂ ਨੇ ਆਪਣਾ ਸਿਦਕ, ਸਿਰੜ ਦਿਖਾਉਂਦਿਆਂ ਪ੍ਰਵਾਸੀ ਖਾਲਸਾ ਜੀ ਦੀ ਮਦਦ ਦੇ ਨਾਲ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ ਕਿ ਉਹ ਸਰਕਾਰਾਂ ਤੋਂ ਬਿਨਾਂ ਹੜ੍ਹਾਂ ਤੇ ਹੋਰ ਮੁਸੀਬਤਾਂ ਉੱਪਰ ਜੇਤੂ ਹੋ ਸਕਦੇ ਹਨ। ਪੰਜਾਬ ਸਰਕਾਰ ਹੜ੍ਹਾਂ ਤੋਂ ਬਾਅਦ ਦੋ ਹਫਤਿਆਂ ਬਾਅਦ ਸਰਗਰਮ ਹੋਈ ਹੈ, ਪਰ ਪੰਜਾਬੀਆਂ ਦਾ ਆਪਣੀ ਸਰਕਾਰ ਤੋਂ ਵਿਸ਼ਵਾਸ ਟੁੱਟ ਗਿਆ ਹੈ ਕਿ ਉਹ ਕੁਝ ਵੀ ਕਰਨ ਦੇ ਸਮਰੱਥ ਨਹੀਂ। ਪੰਜਾਬੀਆਂ ਨੂੰ ਖੁਦ ਜ਼ਿੰਮੇਵਾਰੀ ਸੰਭਾਲਣੀ ਪਵੇਗੀ। ਹਿਮਾਚਲ ਪ੍ਰਦੇਸ਼ ਦੇ ਹਾਲਾਤ ਅਤੇ ਦਿੱਲੀ ਵਿਚ ਯਮੁਨਾ ਦਾ ਪਾਣੀ ਦਾਖ਼ਲ ਹੋਣ ਦੀ ਚੇਤਾਵਨੀ ਦਿੱਤੀ, ਪਰ ਪੰਜਾਬ ਸਰਕਾਰ ਆਪਣੀ ਜ਼ਿੰਮੇਵਾਰੀ ਨੂੰ ਹੜ੍ਹਾਂ ਦਾ ਪ੍ਰਕੋਪ ਸਹਿ ਲੈਣ ਤਕ ਸੀਮਤ ਕਰ ਰਹੀ ਹੈ। ਪੰਜਾਬ ਦੀਆਂ ਸੱਥਾਂ ਵਿਚ ਭਾਖੜਾ ਡੈਮ ਦੀ ਪ੍ਰਬੰਧਕੀ ਧਿਰ 'ਤੇ ਦੋਸ਼ ਲੱਗ ਰਹੇ ਹਨ ਕਿ ਇਹ ਜਾਣ ਬੁੱਝ ਕੇ ਪੰਜਾਬ ਉੱਪਰ ਹੜ੍ਹਾਂ ਦਾ ਕਹਿਰ ਬਰਸਾਇਆ ਗਿਆ ਹੈ।

ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਪੰਜਾਬ ਏਕਤਾ ਪਾਰਟੀ ਦੇ ਮੁਖੀ ਸੁਖਪਾਲ ਖਹਿਰਾ ਤੇ ਬੈਂਸ ਭਰਾਵਾਂ ਨੇ ਭਾਖੜਾ ਨੰਗਲ ਬੋਰਡ ਉੱਪਰ ਦੋਸ਼ ਲਗਾਏ ਹਨ ਕਿ ਹੜ੍ਹਾਂ ਦੇ ਲਈ ਭਾਖੜਾ ਨੰਗਲ ਬੋਰਡ ਜ਼ਿੰਮੇਵਾਰ ਹੈ। ਉਸ ਵਲੋਂ ਪਾਣੀ ਤਿੰਨ ਦਿਨਾਂ ਵਿਚ ਹੀ ਕਿਉਂ ਛਡਿਆ ਗਿਆ ਜਦੋਂ ਮੀਂਹ ਹੱਦ ਤੋਂ ਵੱਧ ਪੈ ਰਿਹਾ ਸੀ?

ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਕਿਹਾ ਹੈ ਕਿ ਹੜ੍ਹਾਂ ਦੀ ਜਾਂਚ ਸੀਬੀਆਈ ਨੂੰ ਸੌਂਪੀ ਜਾਵੇ।

ਪ੍ਰਸਿੱਧ ਸਿੱਖ ਵਿਦਵਾਨ ਗੁਰਤੇਜ ਸਿੰਘ ਆਈਏਐਸ ਨੇ ਟਿਪਣੀ ਕੀਤੀ ਹੈ ਕਿ ਪਹਿਲਾਂ ਡੈਮ ਨੂੰ ਬੇਪ੍ਰਵਾਹੀ ਨਾਲ ਨੱਕੋ ਨੱਕ ਭਰ ਦਿੱਤਾ ਤੇ ਫਿਰ ਚਿਤਾਵਨੀ ਦੇ ਕੇ ਫਲੱਡ ਗੇਟਾਂ ਨੂੰ ਇੰਜ ਖੋਲ੍ਹ ਦਿੱਤਾ ਜਿਵੇਂ ਡੈਮ ਹੇਠਾਂ ਕੋਈ ਵੱਸਦਾ ਹੀ ਨਾ ਹੋਵੇ। ਪੰਜਾਬ ਵਿਚ ਪਹਿਲਾਂ 1988 ਦੌਰਾਨ ਜਦੋਂ ਹੜ੍ਹ ਆਏ ਸਨ ਤਾਂ ਡੈਮ ਦੇ ਪਾਣੀ ਦਾ ਪੱਧਰ 1687.5 ਫੁੱਟ ਤੱਕ ਵੀ ਅੱਪੜ ਗਿਆ ਸੀ, ਜਦੋਂ ਕਿ ਡੈਮ ਵਿਚ ਪਾਣੀ ਭੰਡਾਰਨ ਦੀ ਵੱਧ ਤੋਂ ਵੱਧ ਸਮਰੱਥਾ 1690 ਫੁੱਟ ਵੀ ਸਹੀ ਜਾ ਸਕਦੀ ਹੈ ਫਿਰ 1680 ਫੁੱਟ ਤੇ ਹੀ ਹਾਈ ਫਲੱਡ ਗੇਟਾਂ ਨੂੰ ਕਿਉਂ ਖੋਲ੍ਹਿਆ ਗਿਆ। ਭਾਖੜਾ ਬੋਰਡ, ਪੌਂਗ ਡੈਮ ਵਲ ਪਾਣੀ ਭੇਜ ਸਕਦਾ ਸੀ, ਬਜਾਏ ਕਿ ਪਾਣੀ ਨਾਲ ਡੁਲ੍ਹਦੀ ਸਤਲੁਜ ਵਲ ਛੱਡਣ ਦੇ। ਬਿਆਸ-ਸਤਲੁਜ ਲਿੰਕ ਤੋਂ ਰੋਜ਼ ਬਿਜਲੀ ਉਦਯੋਗ ਵਾਸਤੇ ਪਾਣੀ ਲੈਂਦਾ ਬੀਬੀਐਮਬੀ, ਉਹ ਪਾਣੀ ਵੀ ਲੈਣਾ ਬੰਦ ਕਰ ਸਕਦਾ ਸੀ ਕਿਉਂਕਿ ਬਿਜਲੀ ਕੱਢਣ ਤੋਂ ਬਾਅਦ ਇਹ ਪਾਣੀ ਵੀ ਸਤਲੁਜ ਵਿਚ ਛਡਿਆ ਜਾਂਦਾ ਹੈ।

ਦੂਸਰੇ ਪਾਸੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਡਾਇਰੈਕਟਰ ਵਾਟਰ ਰੈਗੂਲੇਸ਼ਨ ਸਤੀਸ਼ ਸਿੰਗਲਾ ਨੇ ਦੱਸਿਆ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਨਿਯਮਾਂ ਅਨੁਸਾਰ 31 ਜੁਲਾਈ ਤਕ ਡੈਮ ਅੰਦਰ ਪਾਣੀ ਦਾ ਪੱਧਰ 1650 ਫੁੱਟ ਤੋਂ ਵਧਣ ਨਹੀਂ ਦੇਣਾ ਹੁੰਦਾ। ਉਸ ਅਨੁਸਾਰ ਹੀ ਉਨ੍ਹਾਂ ਪਾਣੀ ਜਮ੍ਹਾਂ ਕੀਤਾ ਸੀ ਜਦੋਂ ਕਿ 15 ਅਗਸਤ ਤੱਕ ਡੈਮ ਅੰਦਰ ਪਾਣੀ ਦਾ ਪੱਧਰ 1670 ਫੁੱਟ ਤੱਕ ਰੱਖਿਆ ਜਾਣਾ ਹੁੰਦਾ ਹੈ ਅਤੇ ਇਸ ਅਨੁਸਾਰ 15 ਅਗਸਤ ਨੂੰ ਡੈਮ ਅੰਦਰ ਪਾਣੀ ਦਾ ਪੱਧਰ ਬਣਾਇਆ ਗਿਆ ਸੀ। ਭਾਰੀ ਬਰਸਾਤ ਦੀ ਪੇਸ਼ੀਨਗੋਈ ਨੂੰ ਦੇਖਦਿਆਂ 16 ਅਗਸਤ ਨੂੰ ਭਾਖੜਾ ਡੈਮ ਤੋਂ ਫਲੱਡ ਗੇਟ ਖੋਲ੍ਹੇ ਗਏ ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਕਲੀਨ ਚਿੱਟ ਦਿੰਦਿਆਂ ਕਿਹਾ ਹੈ ਕਿ ਇਹ ਕੁਦਰਤੀ ਆਫਤ ਹੈ। ਇਸ ਪਿੱਛੇ ਕਿਸੇ ਦਾ ਕੋਈ ਹੱਥ ਨਹੀਂ।

### ਹੋਰ ਹੜ੍ਹਾਂ ਦਾ ਖਤਰਾ ਟਲਿਆ-

ਪੰਜਾਬ ਵਿੱਚ ਹੋਰ ਹੜ੍ਹਾਂ ਦਾ ਖਤਰਾ ਟਲ ਗਿਆ ਹੈ। ਹਿਮਾਚਲ ਪ੍ਰਦੇਸ਼ ਵਿੱਚ ਮੌਸਮ ਖੁਸ਼ਕ ਹੋਣ ਨਾਲ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ ਹੇਠਾਂ ਆ ਗਿਆ ਹੈ। ਸੂਤਰਾਂ ਮੁਤਾਬਕ ਭਾਖੜਾ ਡੈਮ ਤੋਂ ਪਾਣੀ ਛੱਡਣਾ ਘਟਾ ਦਿੱਤਾ ਗਿਆ ਹੈ। ਇਸ ਵੇਲੇ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 1675 ਫੁੱਟ ਰਹਿ ਗਿਆ ਹੈ। ਇਸ ਨਾਲ ਪੰਜਾਬ ਨੂੰ ਵੱਡੀ ਰਾਹਤ ਮਿਲੀ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਹੜ੍ਹ ਪੀੜਤਾਂ ਨੂੰ ਰਾਹਤ ਦੇਣ ਤੇ ਮੁੜ-ਵਸੇਬੇ ਲਈ ਹੋਰ ਕਦਮ ਚੁੱਕਣ ਦਾ ਐਲਾਨ ਕੀਤਾ ਹੈ ਤੇ ਮੰਤਰੀਆਂ ਨੂੰ ਹੜ੍ਹ ਵਾਲੇ ਸਥਾਨਾਂ ਦੇ ਦੌਰੇ ਕਰਨ ਨੂੰ ਕਿਹਾ ਹੈ। ਸਰਕਾਰ ਨੇ ਹਾੜ੍ਹੀ ਦੇ ਸੀਜ਼ਨ ਲਈ ਕਿਸਾਨਾਂ ਨੂੰ ਕਣਕ ਦਾ ਉੱਚ ਮਿਆਰੀ ਬੀਜ ਮੁਫ਼ਤ ਮੁਹੱਈਆ ਕਰਵਾਉਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਨੂੰ ਵੀ ਹੁਕਮ ਦਿੱਤੇ ਕਿ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਫ਼ਸਲੀ ਹੱਦ ਕਰਜ਼ੇ ਨਵੇਂ ਸਿਰਿਉਂ ਦਿੱਤੇ ਜਾਣ। ਪੇਂਡੂ ਸੜਕਾਂ ਤੇ ਮੰਡੀਆਂ ਦੇ ਬੁਨਿਆਦੀ ਢਾਂਚੇ ਨੂੰ ਪਹੁੰਚੇ ਨੁਕਸਾਨ ਦਾ ਨੋਟਿਸ ਲੈਂਦਿਆਂ ਮੰਡੀ ਬੋਰਡ ਨੂੰ ਪਾਣੀ ਦਾ ਪੱਧਰ ਘਟਣ ਤੋਂ ਤੁਰੰਤ ਬਾਅਦ ਮੁਰੰਮਤ ਦਾ ਕੰਮ ਜੰਗੀ ਪੱਧਰ ਦੇ ਵਿੱਢਣ ਦੇ ਆਦੇਸ਼ ਦਿੱਤੇ। ਪਾਵਰਕੌਮ ਨੂੰ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਬਿਜਲੀ ਦੀ ਸਪਲਾਈ ਬਹਾਲ ਕਰਨ ਦੇ ਕੰਮ ਵਿੱਚ ਤੇਜ਼ੀ ਲਿਆਉਣ ਲਈ ਆਖਿਆ ਹੈ। ਸੂਬੇ ਦੇ ਨੌਂ ਜ਼ਿਲ੍ਹਿਆਂ ਦੇ ਹੜ੍ਹ ਪ੍ਰਭਾਵਿਤ 225 ਪਿੰਡਾਂ ਵਿੱਚ 61,000 ਪਿੰਡਾਂ ਦੀ ਦੇਖਭਾਲ ਲਈ 148 ਵੈਟਰਨਰੀ ਟੀਮਾਂ ਨੂੰ ਤਾਇਨਾਤ ਕੀਤਾ ਗਿਆ ਹੈ।

### ਮੋਦੀ ਸਰਕਾਰ ਪੰਜਾਬੀਆਂ ਦੇ ਸਿਰੜ ਅੱਗੇ ਝੁਕੀ-

ਆਖਿਰ ਮੋਦੀ ਸਰਕਾਰ ਨੂੰ ਪੰਜਾਬੀਆਂ ਦੇ ਸਿਰੜ ਅੱਗੇ ਤੇ ਹੜ੍ਹਾਂ ਨਾਲ ਕੀਤੇ ਯੁੱਧ ਕਾਰਨ ਪੰਜਾਬ ਅੱਗੇ ਝੁੱਕਣਾ ਪਿਆ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਅ ਲਈ ਸੂਬਾ ਸਰਕਾਰ ਕੋਲ ਪਏ 6200 ਕਰੋੜ ਰੁਪਏ ਖਰਚਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਪੰਜਾਬ ਸਰਕਾਰ ਨੂੰ ਰਾਹਤ ਕਾਰਜਾਂ ਨੂੰ ਤੇਜ਼ ਕਰਨ ਵਿਚ ਮਦਦ ਮਿਲੇਗੀ। ਦਰਅਸਲ ਹੜ੍ਹ ਪੀੜਤ ਰਾਜਾਂ ਦੀ ਸੂਚੀ ਵਿੱਚ ਪੰਜਾਬ ਨੂੰ ਸ਼ਾਮਲ ਨਾ ਕੀਤੇ ਜਾਣ ਮਗਰੋਂ ਮੋਦੀ ਸਰਕਾਰ ਦੀ ਕਾਫੀ ਅਲੋਚਨਾ ਹੋਈ ਸੀ। ਇਸ 'ਤੇ ਮੁੱਖ ਮੰਤਰੀ ਕੈਪਟਨ ਨੇ ਵੀ ਕੇਂਦਰ ਸਰਕਾਰ ਨੂੰ ਘੇਰਿਆ ਸੀ। ਖਾਲਸਾ ਏਡ ਦੇ ਮੁਖੀ ਸ. ਰਵੀ ਸਿੰਘ ਨੇ ਕਿਹਾ ਸੀ ਕਿ ਖਾਲਸਾ ਪੰਜਾਬ ਨੂੰ ਸਾਂਭਣ ਦੀ ਆਪਣੀ ਸੇਵਾ ਤੇ ਪਰੰਪਰਾ ਨਿਭਾਏਗਾ। ਇਸ ਸੰਬੰਧ ਵਿਚ ਉਨ੍ਹਾਂ ਨੇ ਢਾਈ ਲੱਖ ਪੌਂਡ ਦਾ ਐਲਾਨ ਕਰ ਦਿੱਤਾ ਸੀ। ਕੇਂਦਰ ਸਰਕਾਰ ਨੇ ਹੜ੍ਹਾਂ ਦਾ ਜਾਇਜ਼ਾ ਲੈਣ ਲਈ ਪੰਜਾਬ ਵਿਚ ਟੀਮ ਭੇਜਣ ਦਾ ਐਲਾਨ ਕੀਤਾ ਹੈ।

### ਪੰਜਾਬ 'ਚ ਬਿਮਾਰੀਆਂ ਫੈਲਣ ਦਾ ਖਤਰਾ-

ਪਸ਼ੂਆਂ ਨਾਲ ਫੈਲ ਰਹੀ ਬਦਬੂ ਲੋਕਾਂ ਲਈ ਵੱਡੀਆਂ ਮੁਸ਼ਕਲਾਂ ਪੈਦਾ ਕਰ ਰਹੀ ਹੈ। ਫਿਰੋਜ਼ਪੁਰ, ਜਲੰਧਰ, ਕਪੂਰਥਲਾ ਅਤੇ ਰੋਪੜ ਜ਼ਿਲ੍ਹਿਆਂ ਵਿਚ ਜ਼ਿਆਦਾ ਨੁਕਸਾਨ ਹੋਇਆ ਹੈ। ਘਰਾਂ ਅੰਦਰ ਵੜੇ ਪਾਣੀ ਕਰਕੇ ਘਰ ਛੱਡਣ ਲਈ ਮਜਬੂਰ ਹੋਣ ਵਾਲੇ ਲੋਕ ਪਾਣੀ ਸੁੱਕ ਜਾਣ ਦਾ ਇੰਤਜ਼ਾਰ ਕਰ ਰਹੇ ਹਨ। ਜੀਵਨ ਨਿਰਬਾਹ ਲਈ ਸਾਂਭਿਆ ਹੋਇਆ ਜ਼ਰੂਰੀ ਸਮਾਨ ਵੀ ਮੀਂਹ ਦੀ ਭੇਂਟ ਚੜ੍ਹ ਗਿਆ ਹੈ। ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਹੜ੍ਹਾਂ ਕਾਰਨ ਮਰੇ ਪਸ਼ੂਆਂ ਦੇ ਸਰੀਰਾਂ ਨੂੰ ਤੁਰੰਤ ਉਨ੍ਹਾਂ ਖੇਤਰਾਂ ਵਿਚੋਂ ਉਠਾਉਣ ਦਾ ਬੰਦੋਬਸਤ ਹੋਵੇ ਤਾਂ ਕਿ ਬਿਮਾਰੀਆਂ ਦੇ ਫੈਲਾਉ ਨੂੰ ਰੋਕਿਆ ਜਾ ਸਕੇ। ਖੜ੍ਹੇ ਪਾਣੀ ਕਾਰਨ ਪਿੰਡਾਂ ਵਿਚ ਮੱਛਰ ਵਧ ਗਿਆ ਹੈ ਤੇ ਲੋਕਾਂ ਨੂੰ ਬਿਮਾਰੀਆਂ ਲੱਗਣ ਦਾ ਵੀ ਖ਼ਤਰਾ ਪੈਦਾ ਹੋ ਗਿਆ ਹੈ।

ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰਾ ਨੇ ਆਪਣੇ ਮਹਿਕਮੇ ਦੇ ਅਫ਼ਸਰਾਂ ਨੂੰ ਹਦਾਇਤ ਕੀਤੀ ਹੈ ਕਿ ਭਾਰੀ ਮੀਂਹ ਕਾਰਨ ਨੀਵੇਂ ਇਲਾਕਿਆਂ ਵਿਚ ਪਾਣੀ ਜਮ੍ਹਾਂ ਹੋਣ ਨਾਲ ਪੈਦਾ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ ਵਿਆਪਕ ਉਪਾਅ ਕਰਨ। ਉਨ੍ਹਾਂ ਨਗਰ ਨਿਗਮਾਂ, ਮਿਊਂਸਪਲ ਕਮੇਟੀਆਂ, ਇੰਪਰੂਵਮੈਂਟ ਟਰੱਸਟਾਂ, ਨਗਰ ਪੰਚਾਇਤਾਂ ਤੇ ਨਗਰ ਕੌਂਸਲਾਂ ਦੇ ਅਫ਼ਸਰਾਂ ਨੂੰ ਕੂੜੇਦਾਨਾਂ ਨੂੰ ਰੋਜ਼ ਖਾਲੀ ਕਰਨ ਤੇ ਕੂੜੇ ਵਾਲੀਆਂ ਥਾਵਾਂ 'ਤੇ ਹਰਬਲ ਸੈਨੀਟਾਈਜ਼ਰ ਦਾ ਛਿੜਕਾਅ ਯਕੀਨੀ ਬਣਾਉਣ ਦੀ ਤਾਕੀਦ ਵੀ ਕੀਤੀ ਹੈ। ਉਨ੍ਹਾਂ ਮੱਛਰਾਂ ਨੂੰ ਕੰਟਰੋਲ ਕਰਨ ਦੇ ਲਈ ਹਰ ਕੋਨੇ ਵਿਚ ਫਾਗਿੰਗ ਕਰਨ ਲਈ ਵੀ ਕਿਹਾ ਹੈ।

### ਮਦਦ ਲਈ ਪੰਥਕ ਜਥੇਬੰਦੀਆਂ ਤੇ ਪ੍ਰਵਾਸੀ ਪੰਜਾਬੀ ਬਹੁੜੇ-

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਹਰਨਾਮ ਸਿੰਘ ਖ਼ਾਲਸਾ ਨੇ ਦਮਦਮੀ ਟਕਸਾਲ ਦੇ ਹੈਡ ਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਤੋਂ ਸੁਲਤਾਨਪੁਰ ਲੋਧੀ ਖੇਤਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਲਈ ਲੋੜੀਦੀ ਰਸਦ ਪਾਣੀ, ਕਪੜੇ, ਕੰਬਲਾਂ, ਡੰਗਰਾਂ ਲਈ ਤੂੜੀ ਸਮੇਤ ਮੈਡੀਕਲ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਆਦਿ ਰਾਹਤ ਸਮਗਰੀ ਦੀ ਵੱਡੀ ਖੇਪ ਨੂੰ ਰਵਾਨਾ ਕੀਤਾ ਹੈ।

ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਯੂਰਪੀ ਦੇਸ਼ਾਂ ਵਿਚੋਂ ਪਰਵਾਸੀ ਪੰਜਾਬੀਆਂ ਦੀਆਂ ਜਥੇਬੰਦੀਆਂ ਨੇ ਗੁਰਦੁਆਰਿਆਂ ਅਤੇ ਹੋਰ ਸਾਂਝੀਆਂ ਥਾਵਾਂ 'ਤੇ ਮੀਟਿੰਗਾਂ ਕਰ ਕੇ ਪੰਜਾਬ ਵਿਚ ਹੜ੍ਹ ਦੀ ਤਬਾਹੀ ਨਾਲ ਬਰਬਾਦ ਹੋਏ ਲੋਕਾਂ ਦੀ ਮਦਦ ਵਾਸਤੇ ਪੈਸੇ ਭੇਜਣੇ ਸ਼ੁਰੂ ਕਰ ਦਿੱਤੇ ਹਨ।

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
ਫੋਨ ਨੰ: 0175-2216783



# ਕੀ ਕਸ਼ਮੀਰੀ ਬੇਟੀਆਂ "ਪ੍ਰਾਪਰਟੀ" ਹਨ ?

ਇਤਿਹਾਸ ਗਵਾਹ ਹੈ ਕਿ ਧਾਰਮਿਕ ਦੰਗਿਆਂ ਤੇ ਜੰਗਾਂ ਵਿਚ ਸਭ ਤੋਂ ਵੱਧ ਮਾਰ ਔਰਤਾਂ ਤੇ ਬੱਚੀਆਂ ਸਹਿੰਦੀਆਂ ਹਨ। 'ਵੈਲੀ ਆਫ ਵਿਡੋਜ਼' ਕੋਲੰਬੀਆ ਵਿਚਲੀਆਂ ਉਨ੍ਹਾਂ ਵਿਧਵਾਵਾਂ ਦੀ ਬਸਤੀ ਹੈ ਜਿੱਥੇ ਔਰਤਾਂ ਦੇ ਪਤੀ ਨਹੀਂ ਰਹੇ ਤੇ ਨਾ ਹੀ ਕੋਈ ਜ਼ਮੀਨ ਤੇ ਕਮਾਈ ਦਾ ਸਾਧਨ। ਇਹ ਸਭ ਖਾਨਾਜੰਗੀ ਤੇ ਨਸ਼ਿਆਂ ਦੀ ਭੇਟ ਚੜ੍ਹ ਗਿਆ।

ਬੋਸਨੀਆ ਵਿਚ ਵੀ ਚੱਲੇ ਕਤਲੇਆਮ ਦੌਰਾਨ ਅਣਗਿਣਤ ਔਰਤਾਂ ਦੇ ਬਲਾਤਕਾਰ ਹੋਏ, ਬਥੇਰੀਆਂ ਚੁੱਕੀਆਂ ਗਈਆਂ, ਕੈਂਪਾਂ ਵਿਚ ਜਬਰੀ ਸਰੀਰਕ ਸ਼ੋਸ਼ਣ ਰਾਹੀਂ ਉਨ੍ਹਾਂ ਦੇ ਸਰੀਰਾਂ ਅੰਦਰ ਦੂਜੇ ਪਾਸੇ ਵਾਲਿਆਂ ਨੇ ਆਪਣੇ ਅੰਸ਼ ਛੱਡਣੇ ਚਾਹੇ ਤਾਂ ਜੋ ਨਸਲ ਦਾ ਨਾਸ ਮਾਰਿਆ ਜਾ ਸਕੇ।

ਰਵਾਂਡਾ ਵਿਚ ਔਰਤਾਂ ਦਾ ਸਮੂਹਕ ਬਲਾਤਕਾਰ ਕਰ ਕੇ ਉਨ੍ਹਾਂ ਨੂੰ ਏਡਜ਼ ਦੀ ਬੀਮਾਰੀ ਦੇ ਦਿੱਤੀ ਗਈ ਤਾਂ ਜੋ ਨਸਲਕੁਸ਼ੀ ਹੋ ਸਕੇ।

ਟਿਮੋਰ, ਕੌਂਗੋ ਅਤੇ ਗੁਟਮਲਾ ਦੀ ਵੀ ਕਹਾਣੀ ਕੋਈ ਵੱਖ ਨਹੀਂ ਸੀ। ਔਰਤਾਂ ਦਾ ਜੋ ਹਾਲ ਹੋਇਆ, ਉੱਥੇ ਬਲਾਤਕਾਰਾਂ ਦੀ ਗਿਣਤੀ ਕਰਨੀ ਔਖੀ ਹੋ ਗਈ ਸੀ। ਕਿਵੇਂ ਹੋਸਟਲਾਂ ਨੂੰ ਹਰਮਾਂ ਵਿਚ ਤਬਦੀਲ ਕਰ ਕੇ ਬੱਚੀਆਂ ਉਦੋਂ ਤੱਕ ਬੰਦ ਰੱਖੀਆਂ ਜਾਂਦੀਆਂ ਜਦ ਤਕ ਉਨ੍ਹਾਂ ਦਾ ਗਰਭ ਨਾ ਠਹਿਰ ਜਾਂਦਾ ਤਾਂ ਜੋ ਉੱਥੇ ਦੇ ਲੋਕਾਂ ਦਾ ਬੀਜ ਨਾਸ ਕੀਤਾ ਜਾ ਸਕੇ।

ਦੁਨੀਆ ਵਿਚ ਕਿਤੇ ਵੀ ਜਦੋਂ ਖਾਨਜੰਗੀ ਹੋਵੇ, ਘਰੇਲੂ ਹਿੰਸਾ, ਰਿਸ਼ਤੇਦਾਰੀ ਵਿਚ ਪਾੜ, ਵਪਾਰ ਵਿਚ ਤ੍ਰੇੜ, ਗੱਲ ਕੀ ਹਰ ਥਾਂ ਸਿਰਫ਼ ਔਰਤਾਂ ਦੀ ਪੱਤ ਲੁੱਟਣ, ਜ਼ਲੀਲ ਕਰਨ ਤੇ ਕਤਲ ਕਰ ਕੇ ਉਸ ਦੇ ਸਰੀਰ ਦੀ ਨੁਮਾਇਸ਼ ਕਰਨ ਨੂੰ ਹੀ ਜੰਗ ਜਿੱਤਣ ਦਾ ਨਾਂ ਦੇ ਦਿੱਤਾ ਗਿਆ ਹੈ।

ਲੁੱਟ-ਖਸੁੱਟ ਕਰਨ ਦਾ ਮਤਲਬ ਹੀ ਇਹੋ ਮੰਨ ਲਿਆ ਗਿਆ ਹੈ ਕਿ ਹਰ ਨਜ਼ਰੀਂ ਪਈ ਬੱਚੀ ਦਾ ਜਬਰਨ ਸ਼ਿਕਾਰ ਕੀਤਾ ਜਾਵੇ। ਇਹੀ ਕਾਰਣ ਸੀ ਕਿ ਸੰਨ 1947 ਵਿਚ ਭਾਰਤ ਪਾਕ ਵੰਡ ਵੇਲੇ ਪਿਓਆਂ ਨੇ ਆਪਣੀਆਂ ਵਹੁਟੀਆਂ, ਮਾਵਾਂ ਤੇ ਧੀਆਂ ਜ਼ਹਿਰ ਦੇ ਕੇ ਮਾਰ ਛੱਡੀਆਂ ਜਾਂ ਕਿਰਪਾਨਾਂ ਨਾਲ ਵੱਢ ਦਿੱਤੀਆਂ ਤੇ ਜਾਂ ਔਰਤਾਂ ਨੇ ਹੀ ਖੂਹ ਵਿਚ ਛਾਲ ਮਾਰ ਕੇ ਜਾਨ ਦੇ ਦਿੱਤੀ। ਅਜਿਹੇ ਹੱਲਿਆਂ ਵਿਚ ਨਾ 9 ਮਹੀਨਿਆਂ ਦੀ ਬਾਲੜੀ ਬਖ਼ਸ਼ੀ ਜਾਂਦੀ ਹੈ ਤੇ ਨਾ ਹੀ 90 ਵਰ੍ਹਿਆਂ ਦੀ ਮਾਂ।

ਸੰਨ 1984 ਵਿਚ ਇਹ ਵੇਖਣ ਵਿਚ ਆਇਆ ਕਿ ਮੁਹੱਲੇ ਦੇ ਲੋਕ ਹੀ ਧਾੜਵੀਆਂ ਵਿਚ ਸ਼ਾਮਲ ਹੋ ਕੇ ਆਪਣੀਆਂ ਹੀ ਗੁਆਂਢਣਾਂ, ਜੋ ਉਨ੍ਹਾਂ ਨੂੰ ਭਰਾ ਜਾਂ ਪਿਓ ਆਖਦੀਆਂ ਸਨ, ਦੀ ਪੱਤ ਲੁੱਟਣ ਨੂੰ ਕਾਹਲੇ ਹੋਏ ਪਏ ਸਨ। ਯਾਨੀ ਜਦੋਂ ਇਨਸਾਨੀਅਤ ਦੇ ਪਤਲੇ ਜਿਹੇ ਵਰਕ ਦਾ ਮੁਖੌਟਾ ਉਤਰਦਾ ਹੈ ਤਾਂ ਹੇਠੋਂ ਹੈਵਾਨ ਦਾ ਅਸਲ ਚਿਹਰਾ ਸਾਹਮਣੇ ਆ ਜਾਂਦਾ ਹੈ।

ਇਹੋ ਅਸਲੀਅਤ ਹੈ। ਚੁਫ਼ੇਰੇ ਫਿਰਦੇ ਸੱਭਿਅਕ ਅਖਵਾਉਂਦੇ ਲੋਕ ਉਦੋਂ ਤਕ ਹੀ ਸੱਭਿਅਕ ਰਹਿੰਦੇ ਹਨ ਜਦੋਂ ਤੱਕ 'ਮੌਕਾ' ਨਹੀਂ ਮਿਲਦਾ। ਕਿੰਨੀ ਵੀ ਉੱਚੀ ਪਦਵੀ ਹੋਵੇ, ਮਜ਼ਲੂਮ ਸਾਹਮਣੇ ਵੇਖ ਕੇ ਸ਼ਿਕਾਰ ਕੀਤੇ ਬਗ਼ੈਰ ਰਿਹਾ ਨਹੀਂ ਜਾਂਦਾ!

ਇਸ ਕੌੜੀ ਹਕੀਕਤ ਨੂੰ ਬੇਪਰਦਾ ਕਰਦਿਆਂ ਬਹੁਤ ਜਣੇ ਉੱਚੀ-ਉੱਚੀ ਚੀਕਦੇ, ਰੌਲਾ ਪਾਉਂਦੇ ਹਨ ਕਿਉਂਕਿ ਉਨ੍ਹਾਂ ਨੂੰ ਆਪਣਾ ਆਪ ਨੰਗਾ ਹੋਇਆ ਜਾਪਦਾ ਹੈ। ਕੋਈ ਵੀ ਜਣਾ ਕਿਆਸ ਲਾ ਸਕਦਾ ਹੈ ਕਿ ਅਜਿਹੀ ਹੈਵਾਨੀਅਤ ਦੀਆਂ ਸ਼ਿਕਾਰ ਔਰਤਾਂ ਕਿਸ ਬਦਲਾਲਊ ਸੋਚ ਨਾਲ ਵਿਚਰ ਰਹੀਆਂ ਹੋਣਗੀਆਂ ਤੇ ਅੱਗੋਂ ਕੀ ਕਹਿਰ ਢਾਅ ਸਕਦੀਆਂ ਹਨ। ਬਦਲਾਲਊ ਨੀਤੀ ਨਾਲ ਉੱਠੀ ਔਰਤ ਜ਼ਹਿਰੀਲੇ ਸੱਪ ਤੋਂ ਵੱਧ ਤਿੱਖਾ ਡੰਗ ਮਾਰਦੀ ਹੈ ਤੇ ਉਹ ਵੀ ਪੂਰੀ ਨੀਤੀ ਘੜ ਕੇ। ਉਹ ਨਿਸ਼ਾਨਾ ਸੇਧਦੀ ਹੈ ਤੇ ਉਸ ਨੂੰ ਪੂਰਾ ਕਰਨ ਲਈ ਸਹਿਜ ਤੇ ਸਿਆਣਪ ਨਾਲ ਸਮਾਂ ਚੁਣਦੀ ਹੈ ਤਾਂ ਜੋ ਚੂਕ ਨਾ ਹੋ ਜਾਵੇ। ਉਹ ਵਾਰ ਵੀ ਸਿਰਫ਼ ਉਨ੍ਹਾਂ 'ਤੇ ਕਰਦੀ ਹੈ ਜੋ ਉਸ ਉੱਤੇ ਜ਼ੁਲਮ ਢਾਅ ਕੇ ਹਟੇ ਹੋਣ। ਇਹ ਵੇਖਣ ਵਿਚ ਆਇਆ ਹੈ ਕਿ ਵੱਡੀ ਗਿਣਤੀ ਔਰਤਾਂ ਦੀ ਸੋਚ ਕੁੱਝ ਵੱਖ ਹੁੰਦੀ ਹੈ। ਯੂਨੀਫੈਮ ਦੀ ਸ਼ਾਂਤੀ ਦੀ ਟੌਰਚ ਜਦੋਂ ਬਲਾਤਕਾਰ ਪੀੜਤ ਅਫਰੀਕਨ ਔਰਤਾਂ ਨਾਲ ਬਾਲੀ ਗਈ ਅਤੇ ਜਦੋਂ ਬੀਜਿੰਗ ਵਿਖੇ 1995 ਵਿਚ ਚੌਥੀ ਵਿਸ਼ਵ ਔਰਤਾਂ ਦੀ ਕਾਨਫਰੰਸ ਦੌਰਾਨ ਇਸ ਗੱਲ ਦਾ ਖੁਲਾਸਾ ਹੋਇਆ ਤਾਂ ਦੁਨੀਆ ਦੰਗ ਰਹਿ ਗਈ।

ਲਗਭਗ ਹਰ ਔਰਤ ਆਪਣੀ ਪੀੜ ਨੂੰ ਉਸਾਰੂ ਸੋਚ ਦੇ ਰਹੀ ਸੀ। ਹੋਰ ਜੰਗ ਜਾਂ ਬਦਲਾਲਊ ਨੀਤੀ ਦੀ ਥਾਂ ਚੰਗੇ ਸ਼ਹਿਰੀ ਪੈਦਾ ਕਰਨ ਤੇ ਨਵਾਂ ਸਮਾਜ ਸਿਰਜਣ ਦੀ ਗੱਲ ਕੀਤੀ ਗਈ, ਜਿੱਥੇ ਹਰ ਔਰਤ ਵਧੀਆ ਮਾਂ ਬਣ ਕੇ ਆਪਣੇ ਪੁੱਤਰ ਜਾਂ ਧੀ ਲਈ ਰਾਹ ਦਸੇਰਾ ਬਣਨ ਲਈ ਤਿਆਰ ਸੀ ਕਿ ਅੱਗੋਂ ਤੋਂ ਅਜਿਹਾ ਜ਼ੁਲਮ ਉਨ੍ਹਾਂ ਦੇ ਕੁੱਖੋਂ ਜੰਮਿਆ ਪੁੱਤਰ ਕਿਸੇ ਧੀ ਉੱਤੇ ਨਾ ਕਰੇ। ਸਪਸ਼ਟ ਸੀ ਕਿ ਆਪਣੀ ਪੀੜ ਨੂੰ ਔਰਤਾਂ ਨੇ ਵਿਸ਼ਵ ਸ਼ਾਂਤੀ ਦੇ ਪੁਲ ਦੀ ਉਸਾਰੀ ਲਈ ਵਰਤ ਲਿਆ ਸੀ। ਇਹ ਔਰਤਾਂ ਇਕ ਦੂਜੇ ਦਾ ਸਹਾਰਾ ਆਪ ਹੀ ਬਣੀਆਂ ਸਨ ਕਿਉਂਕਿ ਮਰਦਾਂ ਵੱਲੋਂ ਉਨ੍ਹਾਂ ਨੂੰ ਸਿਰਫ਼ 'ਵਰਤਣ' ਵਾਲੀ ਸ਼ੈਅ ਮੰਨ ਲਿਆ ਗਿਆ ਸੀ। ਸਭ ਨੂੰ ਤਿਰਸਕਾਰ ਹੀ ਹਾਸਲ ਹੋਇਆ ਸੀ। ਇਨ੍ਹਾਂ ਵਿੱਚੋਂ ਪੜੀਆਂ ਲਿਖੀਆਂ ਔਰਤਾਂ ਨੇ ਆਪਣੇ ਨਾਲ ਦੀਆਂ ਅਨਪੜ੍ਹ ਔਰਤਾਂ ਨੂੰ ਪੜ੍ਹਾਉਣ ਦਾ ਜ਼ਿੰਮਾ ਆਪ ਚੁੱਕਿਆ। ਨਤੀਜੇ ਵਜੋਂ 90 ਫੀਸਦੀ ਪੇਂਡੂ ਔਰਤਾਂ ਪੜ੍ਹ ਲਿਖ ਗਈਆਂ ਤੇ ਆਪਣੇ ਹੱਕਾਂ ਬਾਰੇ ਜਾਗਰੂਕ ਹੋ ਗਈਆਂ। ਇਨ੍ਹਾਂ ਵਿੱਚੋਂ ਹੀ ਕਈ ਇਕ ਦੂਜੇ ਨੂੰ ਨਵੇਂ ਕਿੱਤੇ ਸਿਖਾਉਣ ਵਿਚ ਲੱਗ ਗਈਆਂ ਤੇ ਕੁਝ ਚੋਣਾਂ ਵਿਚ ਵੀ ਖੜ੍ਹੀਆਂ ਹੋਈਆਂ। ਰਤਾ ਧਿਆਨ ਕਰੀਏ ਕਿ ਜੇ ਇਹ ਉਸਾਰੂ ਸੋਚ ਛੱਡ ਕੇ ਦੂਜੇ ਪਾਸੇ ਤੁਰ ਪਈਆਂ ਹੁੰਦੀਆਂ ਤਾਂ ਕੀ ਕਹਿਰ ਢਹਿ ਸਕਦਾ ਸੀ! ਚੁਫ਼ੇਰੇ ਸਿਰਫ਼ ਨਫਰਤ ਦੀ ਅੱਗ ਦਿਸਣੀ ਸੀ। ਹਰ ਮਾਂ ਆਪਣੇ ਪੁੱਤਰ ਨੂੰ ਨਸ਼ਤਰ ਚੁਭੋ ਕੇ ਇਕ ਆਦਮ ਕੱਦ ਬੰਬ ਤਿਆਰ ਕਰ ਦਿੰਦੀ ਤਾਂ ਦੁਨੀਆ ਵਿਚ ਤਬਾਹੀ ਆ ਜਾਣੀ ਸੀ।

ਇਸ ਤਬਦੀਲੀ ਨੂੰ ਸਮਝਦਿਆਂ ਵੱਡੀ ਗਿਣਤੀ ਪੁਰਸ਼ ਅੱਗੇ ਆਏ ਤੇ ਅਨੇਕ ਵਿਸ਼ਵ ਪੱਧਰੀ ਕਾਨਫਰੰਸਾਂ ਕਰ ਕੇ ਅੰਤਰਰਾਸ਼ਟਰੀ ਕਾਨੂੰਨ ਬਣਾਏ ਗਏ ਤਾਂ ਜੋ ਔਰਤਾਂ ਉੱਤੇ ਹੁੰਦੀ ਹਿੰਸਾ ਘੱਟ ਕੀਤੀ ਜਾ ਸਕੇ ਤੇ ਉਨ੍ਹਾਂ ਨੂੰ ਨਿਆਂ ਮਿਲ ਸਕੇ। ਭਾਰਤ ਵਰਗਾ ਮੁਲਕ, ਜਿੱਥੇ ਮੁਲਕ ਨੂੰ ਹੀ 'ਮਾਤਾ' ਕਹਿ ਕੇ ਸਤਿਕਾਰਿਆ ਜਾਂਦਾ ਹੋਵੇ, ਨਿਰੀ ਦੋਗਲੀ ਨੀਤੀ ਦਾ ਸ਼ਿਕਾਰ ਹੈ। ਇੱਥੇ 'ਰੇਪ ਕੈਪੀਟਲ' ਵੀ ਹਨ ਤੇ ਇਸ ਨੂੰ ਦੁਨੀਆ ਭਰ ਵਿਚ ਔਰਤਾਂ ਲਈ ਖ਼ਤਰਨਾਕ ਮੁਲਕ ਐਲਾਨਿਆ ਜਾ ਚੁੱਕਿਆ ਹੈ!

ਯੁਨਾਈਟਿਡ ਨੇਸ਼ਨਜ਼ ਅਨੁਸਾਰ ਪਾਰਲੀਮੈਂਟ ਵਿਚ ਬੈਠੀਆਂ 82 ਫੀਸਦੀ ਔਰਤਾਂ ਆਪਣੇ ਹੀ ਸਾਥੀਆਂ ਜਾਂ ਪਾਰਟੀ ਵਰਕਰਾਂ ਵੱਲੋਂ ਭੱਦੀ ਛੇੜ ਛਾੜ ਜਾਂ ਤਾਅਨੇ ਮਿਹਣੇ ਸੁਣ ਚੁੱਕੀਆਂ ਹਨ। ਇਹ ਕਿਵੇਂ ਔਰਤ ਜ਼ਾਤ ਲਈ ਆਵਾਜ਼ ਚੁੱਕਣਗੀਆਂ?

ਮਸਲਾ ਇਹ ਹੈ ਕਿ ਜਿੱਥੇ ਪੁਰਸ਼ ਅਸੈਂਬਲੀ ਵਿਚ ਪੋਰਨ ਫਿਲਮਾਂ ਵੇਖ ਰਹੇ ਹੋਣ, ਆਪਣੀਆਂ ਸਾਥੀ ਔਰਤਾਂ ਦੇ ਜਿਸਮਾਂ ਨੂੰ ਨਿਹਾਰ ਰਹੇ ਹੋਣ ਅਤੇ ਹਰ ਲੋੜਵੰਦ ਔਰਤ ਨੂੰ ਚੂੰਢਣ ਨੂੰ ਤਿਆਰ ਹੋਣ, ਉੱਥੇ ਜਦੋਂ ਕਸ਼ਮੀਰ ਦੀਆਂ ਫੁੱਲਾਂ ਵਰਗੀਆਂ ਧੀਆਂ ਦਾ ਜ਼ਿਕਰ ਹੋਵੇ ਤਾਂ ਉਨ੍ਹਾਂ ਦੀ ਮਨਾਂ ਅੰਦਰਲੀ ਗੰਦਗੀ ਉਨ੍ਹਾਂ ਦੇ ਖੂੰਖਾਰ ਚਿਹਰੇ ਉੱਪਰਲੀ ਤਿਰਛੀ ਜ਼ਹਿਰੀਲੀ ਮੁਸਕਾਨ ਰਾਹੀਂ ਬਾਹਰ ਦਿਸਣੀ ਹੀ ਹੈ।

ਕਸ਼ਮੀਰ ਦੀ ਤਰੱਕੀ ਬਾਰੇ ਜ਼ਿਕਰ ਕਰਨ ਦੀ ਥਾਂ ਵੱਡੀ ਗਿਣਤੀ ਲੋਕ ਟਵਿਟਰ, ਫੇਸ ਬੁੱਕ, ਵੱਟਸਐਪ ਉੱਤੇ ਕਸ਼ਮੀਰੀ ਬੱਚੀਆਂ ਤੇ ਔਰਤਾਂ ਨੂੰ ਪ੍ਰਾਪਰਟੀ ਮੰਨ ਕੇ ਹਥਿਆ ਲੈਣ ਦੀ ਗੱਲ ਕਰ ਰਹੇ ਹੋਣ ਤਾਂ ਅਜੀਬ ਨਹੀਂ ਲੱਗਦਾ ਕਿਉਂਕਿ ਭਾਰਤ ਵਿਚ ਇਹ ਆਮ ਗੱਲ ਬਣ ਚੁੱਕੀ ਹੈ।

ਸਿਰਫ਼ ਹੁਣ ਉਸ ਵੇਲੇ ਦੀ ਉਡੀਕ ਹੈ ਜਦੋਂ ਕਈ ਪਿਓ ਇਕੱਠੇ ਹੋ ਕੇ ਇਕ ਦੂਜੇ ਦੀਆਂ ਧੀਆਂ ਨੂੰ ਆਪਣੀ ਮੰਨ ਕੇ ਜਾਗ੍ਰਿਤ ਹੋਣਗੇ! ਅਨੇਕ ਭਰਾ ਆਪਣੇ ਨਾਲ ਦੇ ਘਰ ਦੀ ਬੇਟੀ ਨੂੰ 'ਮਾਲ' ਨਾ ਮੰਨ ਕੇ ਉਸ ਦੀ ਰਾਖੀ ਲਈ ਅਗਾਂਹ ਆਉਣਗੇ! ਜਦੋਂ ਪੁੱਤਰ ਆਪਣੀ ਮਾਂ ਦੀ ਰਾਖੀ ਦੇ ਨਾਲ ਆਪਣੀ ਕਲੋਨੀ ਵਿਚਲੀ ਹਰ ਮਾਂ ਦੀ ਰਾਖੀ ਲਈ ਜਾਨ ਵਾਰਨ ਲਈ ਤਿਆਰ ਹੋਣਗੇ! ਉਹੀ ਸਮਾਂ ਹੋਵੇਗਾ ਅਸਲ ਤਬਦੀਲੀ ਦਾ! ਰਾਮ, ਬੁੱਧ, ਨਾਨਕ ਤੇ ਕ੍ਰਿਸ਼ਨ ਵਰਗੇ ਗੁਰੂਆਂ ਦੇ ਸੁਫ਼ਨਿਆਂ ਦੇ ਸਿਰਜੇ ਭਾਰਤ ਦਾ! ਹਰ ਮਾਂ ਨੂੰ ਅੱਜ ਤੋਂ ਹੀ ਆਪਣੇ ਪੁੱਤਰਾਂ ਤੇ ਧੀਆਂ ਨੂੰ ਇਸੇ ਰਾਹ ਉੱਤੇ ਤੁਰਨ ਲਈ ਤਿਆਰ ਕਰਨਾ ਪਵੇਗਾ ਤਾਂ ਜੋ ਅਗਲੀ ਪਨੀਰੀ ਔਰਤ ਵਿਚ ਸਿਰਫ਼ ਜਿਸਮ ਵੇਖਣਾ ਬੰਦ ਕਰ ਦੇਵੇ।

ਸ਼ਾਲਾ ਕਦੇ ਤਾਂ ਉਹ ਸਮਾਂ ਜ਼ਰੂਰ ਆਏਗਾ ਜਦੋਂ ਭਾਰਤ ਦੀ ਕੋਈ ਧੀ ਅੱਧ ਰਾਤ ਵੀ ਬਿਨਾਂ ਡਰ ਦੇ ਇਕੱਲਿਆਂ ਵਾਪਸ ਘਰ ਪਰਤ ਰਹੀ ਹੋਵੇਗੀ।

ਅੱਜ ਦੇ ਦਿਨ ਦੀ ਲੋੜ ਹੈ, ਸਾਰੇ ਅਣਖਾਂ ਵਾਲੇ ਇਕਜੁੱਟ ਹੋ ਕੇ ਜ਼ੋਰਦਾਰ ਬੁਲੰਦ ਆਵਾਜ਼ ਕਰਨ ਕਿ ਕਸ਼ਮੀਰ ਦੀ ਹਰ ਧੀ ਦੀ ਰਾਖੀ ਕਰਨਾ ਸਾਡਾ ਫਰਜ਼ ਹੈ। ਜੇ ਇਹ ਆਵਾਜ਼ ਬੁਲੰਦ ਹੋ ਗਈ ਤਾਂ ਸਾਰਾ ਕੂੜ ਕਬਾੜ ਜੋ ਹੁਣ ਖਿੱਲਰ ਰਿਹਾ ਹੈ, ਸਭ ਹੂੰਝਿਆ ਜਾਵੇਗਾ। ਚਲੋ ਸਾਰੇ ਜਣੇ ਆਵਾਜ਼ ਚੁੱਕ ਕੇ ਆਪਣੇ ਜੀਉਂਦੇ ਹੋਣ ਦਾ ਸਬੂਤ ਦੇਈਏ।

ਜੇ ਹਾਲੇ ਵੀ ਵੀਰ ਹਿੰਮਤ ਨਹੀਂ ਜੁਟਾ ਸਕ ਰਹੇ ਤਾਂ ਚਲੋ ਭੈਣਾਂ ਹੀ ਇਕੱਠੀਆਂ ਹੋ ਕੇ ਆਪਣੀ ਤਾਕਤ ਵਿਖਾਈਏ ਕਿ ਜਦੋਂ ਭਾਰਤ ਵਿਚਲੀਆਂ ਬੇਟੀਆਂ ਜਾਗ ਜਾਣ ਤਾਂ ਇਸ ਸੈਲਾਬ ਅੱਗੇ ਕੋਈ ਨਹੀਂ ਟਿਕ ਸਕਣ ਲੱਗਿਆ।

## ਦਿੱਲੀ ਵੱਲੋਂ ਪੰਜਾਬ 'ਤੇ ਅਗਲੇ ਹਮਲੇ ਦੀ ਤਿਆਰੀ

ਨਿਰਮਾਣ ਦੇ ਹੁਕਮ ਜਾਰੀ ਕੀਤੇ ਸਨ, ਜਿਸ ਰਾਹੀਂ ਪਹਿਲਾਂ ਹੀ ਜਲ ਸੰਕਟ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਦਰਿਆਵਾਂ ਦਾ ਹੋਰ ਪਾਣੀ ਲੁੱਟ ਕੇ ਹਰਿਆਣੇ ਭੇਜਿਆ ਜਾਣਾ ਹੈ।

ਸੋ ਇਹਨਾਂ ਹਾਲਤਾਂ ਤੋਂ ਪ੍ਰਤੀਤ ਹੋ ਰਿਹਾ ਹੈ ਕਿ 3 ਸਤੰਬਰ ਨੂੰ ਦਿੱਲੀ ਤੋਂ ਪੰਜਾਬ ਖਿਲਾਫ ਕੋਈ ਵੱਡਾ ਐਲਾਨ ਹੋ ਸਕਦਾ ਹੈ।

**ਫੌਜੀ ਤਾਕਤ ਨਾਲ ਹੀ ਨਹਿਰ ਕੱਢਣ ਦੇ ਮਨਸੂਬੇ-**

ਆਉਂਦੇ ਦਿਨਾਂ ਵਿਚ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ। ਜਿਵੇਂ ਚੋਣਾਂ ਮੌਕੇ ਅਕਸਰ ਹੁੰਦਾ ਆਇਆ ਹੈ, ਐੱਸਵਾਈਐੱਲ ਦਾ ਮੁੱਦਾ ਮੁੜ ਭਖ ਪਿਆ ਹੈ। ਪੰਜਾਬ ਪਹਿਲਾਂ ਹੀ ਸੋਕੇ/ਡੋਬੇ ਦਾ ਮਾਰਿਆ ਪਿਆ ਹੈ। ਇਸ ਸਮੇਂ ਵਗਦੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਮਾਪੇ ਬਿਨਾ ਜੇ ਫੈਸਲਾ ਹੋਰ ਪਾਣੀ ਹਰਿਆਣੇ ਨੂੰ ਦੇਣ ਦਾ ਆ ਗਿਆ ਤਾਂ ਸਿਆਪੇ ਪੈਣਗੇ। ਅਜੇ ਤਾਂ ਭਗਤ ਰਵਿਦਾਸ ਜੀ ਦੇ ਮੰਦਰ ਨੂੰ ਢੁਹਾਉਣ ਦਾ ਮਸਲਾ ਹੀ ਹੱਲ ਨਹੀਂ ਹੋ ਰਿਹਾ।

ਕੀ ਇਹ ਖ਼ਾਬ ਖ਼ਿਆਲ ਤਾਂ ਨਹੀਂ ਕਿ ਪੰਜਾਬ ਨੂੰ ਚੰਡੀਗੜ੍ਹ ਵਾਂਗ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਕੇ ਪੰਜਾਬ ਰਾਜ ਦਾ ਦਰਜਾ ਹੀ ਖ਼ਤਮ ਕਰ ਦਿੱਤਾ ਜਾਵੇ ਅਤੇ ਪੰਜਾਬ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਕੇਂਦਰ ਸਰਕਾਰ ਆਪਣਾ ਉਪ ਰਾਜਪਾਲ ਲਾ ਦੇਵੇ? ਫਿਰ ਫੌਜੀ ਸ਼ਕਤੀ ਨਾਲ ਹੀ ਨਹਿਰ ਕੱਢੀ ਜਾਵੇ।

**ਅੰਤਰਰਾਸ਼ਟਰੀ ਰਿਪੇਰੀਅਨ ਸਿਧਾਂਤ ਦੀ ਸ਼ਰੇਆਮ ਉਲੰਘਣਾ-**

ਪੰਜਾਬ ਦੀਆਂ ਨਹਿਰਾਂ, ਕੱਸੀਆਂ ਤੇ ਸੂਏ ਭਾਵੇਂ ਦਰਿਆਈ ਪਾਣੀਆਂ ਨੂੰ ਤਰਸਦੇ ਰਹਿਣ, ਧਰਤੀ ਹੇਠਲਾ ਪਾਣੀ ਭਾਵੇਂ ਡੂੰਘੇ ਪਤਾਲ ਵਿਚ ਚਲਾ ਜਾਵੇ ਪਰ ਪੰਜਾਬ ਦਾ ਦਰਿਆਈ ਪਾਣੀ ਰਾਜਸਥਾਨ, ਹਰਿਆਣੇ ਤੇ ਦਿੱਲੀ ਨੂੰ ਦੇਣਾ ਹੀ ਦੇਣਾ ਹੈ। ਕਦੇ ਕਿਸੇ ਨੇ ਕਿਹਾ ਕਿ ਜਮਨਾ ਦਾ ਕੁਝ ਪਾਣੀ ਦੇਸ਼ ਲਈ ਮਰ ਮਿਟਣ ਵਾਲੇ ਪੰਜਾਬ ਨੂੰ ਵੀ ਦੇ ਦਿੱਤਾ ਜਾਵੇ?

ਦੁਨੀਆ ਭਰ ਵਿਚ ਰਿਪੇਰੀਅਨ ਸਿਧਾਂਤ, ਅਧਿਕਾਰ ਤੇ ਕਾਨੂੰਨ ਲਾਗੂ ਹੈ ਕਿ ਕੁਦਰਤੀ ਨਦੀਆਂ ਤੇ ਦਰਿਆ ਉਨ੍ਹਾਂ ਦੇ ਹੁੰਦੇ ਹਨ ਜਿਨ੍ਹਾਂ ਦੀ ਜ਼ਮੀਨ ਵਿਚ ਉਹ ਵਗਦੇ ਹਨ। ਪੰਜਾਬ ਦੇ ਦਰਿਆਵਾਂ ਨੇ ਪੰਜਾਬੀਆਂ ਦੀ ਜ਼ਮੀਨ ਹੀ ਨੱਪੀ ਹੋਈ ਹੈ ਜੋ ਅਰਬਾਂ ਖਰਬਾਂ ਦੀ ਹੈ। ਜਿਹੜੇ ਲੋਕ ਦਰਿਆਵਾਂ ਦੇ ਕੰਢਿਆਂ ਉੱਤੇ ਰਹਿੰਦੇ ਹਨ, ਉਹੀ ਦਰਿਆਵਾਂ ਦੇ ਦੁਖ-ਸੁਖ ਦੇ ਭਾਗੀਦਾਰ ਹੁੰਦੇ ਹਨ। ਜੇ ਸੁੱਖ ਮਾਣਦੇ ਹਨ ਤਾਂ ਹੜ੍ਹ ਆਉਣ ਤੇ ਉਹੀ ਦਰਿਆਵਾਂ ਦਾ ਦੁੱਖ ਵੀ ਜਰਦੇ ਹਨ। ਇਨ੍ਹੀਂ ਦਿਨੀਂ ਆਏ ਹੜ੍ਹਾਂ ਨੇ ਪੰਜਾਬੀਆਂ ਦਾ ਕਈ ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਕਰ ਦਿੱਤਾ ਹੈ। ਜਿਨ੍ਹਾਂ ਸੂਬਿਆਂ ਨੇ ਮੁਫ਼ਤ ਵਿਚ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਿਆ, ਕੀ ਉਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਬਣਦੀ ਕਿ ਔਖੇ ਵੇਲੇ ਪੰਜਾਬ ਦੀ ਮਦਦ ਕਰਨ? ਰਾਜਸਥਾਨ ਵਿਚ ਪੰਜਾਬੀ ਜ਼ਮੀਨ ਤਾਂ ਖਰੀਦ ਨਹੀਂ ਸਕਦੇ ਪਰ ਉਥੋਂ ਦੀ ਮਿੱਟੀ, ਭਾਵ ਪੱਥਰ ਖਰੀਦ ਸਕਦੇ ਹਨ ਤੇ ਮਹਿੰਗਾ ਮੁੱਲ ਤਾਰ ਕੇ ਖਰੀਦਦੇ ਵੀ ਹਨ। ਫਿਰ ਪੰਜਾਬ ਦੇ ਪਾਣੀ ਦਾ ਮੁੱਲ ਉਹ ਕਿਉਂ ਨਹੀਂ ਤਾਰਦੇ?

## ਐੱਸਵਾਈਐੱਲ ਹੈ ਪੰਜਾਬ ਦੀ ਸ਼ਾਹਰਗ ਉਤੇ ਟੱਕ

ਭਰਪੂਰ ਹੈ। ਜੇ ਜੂਨ ਜੁਲਾਈ ਵਿਚ ਮੀਂਹ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੰਜਾਬ ਦੇ ਦਰਿਆਵਾਂ ਵਿਚ ਹਿਸਾਬ ਕਿਤਾਬ ਦਾ ਪਾਣੀ ਛੱਡਿਆ ਜਾਂਦਾ ਰਹਿੰਦਾ ਤਾਂ ਉਸ ਪਾਣੀ ਦਾ ਕਾਫੀ ਹਿੱਸਾ ਪੰਜਾਬ ਦੀ ਧਰਤੀ ਵਿਚ ਹੀ ਸਮਾਅ ਜਾਣਾ ਸੀ ਜੋ ਬਾਅਦ ਵਿਚ ਕੰਮ ਆਉਂਦਾ। ਫਿਰ ਨਾ ਹੜ੍ਹ ਆਉਂਦਾ, ਨਾ ਲੋਕਾਂ 'ਤੇ ਆਫ਼ਤ ਆਉਂਦੀ ਅਤੇ ਨਾ ਹਜ਼ਾਰਾਂ ਕਰੋੜਾਂ ਦਾ ਨੁਕਸਾਨ ਹੁੰਦਾ। ਪੰਜਾਬ ਤਾਂ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਹੈ। ਕੀ ਕੇਂਦਰ ਅਤੇ ਜਿਹੜੇ ਪ੍ਰਾਂਤ ਪੰਜਾਬ ਦੇ ਦਰਿਆਈ ਪਾਣੀਆਂ ਦਾ ਲਾਭ ਲੈ ਰਹੇ ਹਨ, ਉਹ ਇਸ ਨੁਕਸਾਨ ਦੀ ਪੂਰਤੀ ਕਰਨਗੇ?

## ਟਰੇਸੀ ਦੇ ਪ੍ਰੀਤਮ ਸਿੰਘ ਦਾ ਅਣਪਛਾਤੇ ਵਲੋਂ ਚਾਕੂ ਮਾਰ ਕੇ ਕਤਲ

ਵਰਨਣਯੋਗ ਹੈ ਕਿ ਇਸੇ ਹੀ ਖੇਤਰ ਵਿੱਚ ਚੱਲ ਰਹੇ ਕੈਮਰਿਆਂ ਵਿਚ ਇੱਕ ਚਿੱਟ ਕੱਪੜੀਆ ਆਦਮੀ ਵੇਖਿਆ, ਜਿਥੇ ਪ੍ਰੀਤਮ ਸਿੰਘ ਨੂੰ ਮਾਰਿਆ ਗਿਆ ਹੈ। ਪੁਲੀਸ ਮੁਖੀ ਐਲੇਕਸ ਨੀਕੂ, ਟਰੇਸੀ ਨੇ ਕਿਹਾ ਕਿ ਅਸੀਂ ਉਮੀਦ ਕਰ ਰਹੇ ਹਾਂ ਕਿ ਲੋਕਾਂ ਵਿਚੋਂ ਹੀ ਕੋਈ ਵਿਅਕਤੀ ਦੋਸ਼ੀ ਨੂੰ ਲੱਭਣ 'ਚ ਮੱਦਦ ਕਰੇਗਾ। ਅੱਜ ਇੱਕ ਹੰਗਾਮੀ ਬੈਠਕ ਵਿੱਚ ਮੇਅਰ ਅਤੇ ਐਲੇਕਸ ਨੀਕੂ ਨੇ ਸਿੱਖ ਭਾਈਚਾਰੇ ਨੂੰ ਡਰ 'ਚੋਂ ਬਾਹਰ ਨਿਕਲਣ ਅਤੇ ਪ੍ਰਸ਼ਨਾਂ ਦੇ ਜਵਾਬ ਦੇਣ ਲਈ ਕਿਹਾ। ਸਿੱਖ ਭਾਈਚਾਰੇ ਨਾਲ ਗੱਲਬਾਤ ਦੌਰਾਨ ਟਰੇਸੀ ਦੇ ਮੇਅਰ ਰੌਬਰਟ ਰਿਕਮੈਨ ਨੇ ਕਿਹਾ, "ਅਸੀਂ ਹਰ ਬਣਦੀ ਕੋਸ਼ਿਸ਼ ਕਰਾਂਗੇ, ਕਿ ਜਿਸ ਨੇ ਵੀ ਅਜਿਹਾ ਕੀਤਾ ਹੈ, ਉਸ ਨੂੰ ਕਾਬੂ ਕਰ ਸਕੀਏ। ਪੁਲਿਸ ਕੈਮਰੇ 'ਚ ਆਏ ਵਿਅਕਤੀ ਦੀ ਪਛਾਣ ਕਰਨ ਲਈ ਲੋਕਾਂ ਤੋਂ ਮਦਦ ਮੰਗ ਰਹੀ ਹੈ। ਬਿਨਾਂ ਸ਼ੱਕ ਸਥਾਨਕ ਸਿੱਖ ਭਾਈਚਾਰਾ ਇਸ ਘਟਨਾਂ ਤੋਂ ਬਾਅਦ ਚਿੰਤਤ ਹੈ।

## ਸਿੱਖ ਇਤਿਹਾਸ ਵਿੱਚ-ਮਿਸਲ ਨਿਸ਼ਾਨਾਂ ਵਾਲੀ

ਸੰਨ 1785 ਵਿੱਚ ਮੋਹਰ ਸਿੰਘ ਮੋਰਿੰਡੇ ਦੇ ਹਾਕਮ ਨਾਲ ਨੇੜਲੇ ਪਿੰਡ ਲਠੇੜੀ ਵਿਖੇ ਹੋਈ ਇਕ ਲੜਾਈ ਵਿੱਚ ਸ਼ਹੀਦੀ ਪ੍ਰਾਪਤ ਕਰ ਗਿਆ। ਉੱਧਰ ਮੋਹਰ ਸਿੰਘ ਦਾ ਛੋਟਾ ਭਰਾ ਅਨੂਪ ਸਿੰਘ ਇਲਾਕਾ ਸਰਾਏ ਲਸ਼ਕਰੀ ਖ਼ਾਨ ਦਾ ਅਤੇ ਦੂਜਾ ਭਰਾ ਕਪੂਰ ਸਿੰਘ ਸਿੰਘਾਂ ਵਾਲੇ ਇਲਾਕੇ ਦਾ ਪ੍ਰਬੰਧ ਚਲਾਉਂਦੇ ਰਹੇ। ਕੁਝ ਚਿਰ ਪਿੱਛੋਂ ਕਪੂਰ ਸਿੰਘ ਵੀ ਇਕ ਲੜਾਈ ਵਿੱਚ ਆਪਣੇ ਪੁੱਤਰ ਸਮੇਤ 1797 ਵਿੱਚ ਸ਼ਹੀਦ ਹੋ ਗਿਆ ਅਤੇ ਬਾਅਦ ਵਿੱਚ ਉਸ ਦੀ ਪਤਨੀ ਸੁਬਰਾਈ ਇਸ ਇਲਾਕੇ ਦਾ ਪ੍ਰਬੰਧ ਚਲਾਉਂਦੀ ਰਹੀ। ਸੰਨ 1807 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸਰਾਏ ਲਸ਼ਕਰ ਖ਼ਾਨ ਦਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਅਨੂਪ ਸਿੰਘ ਦੀ ਸਰਦਾਰਨੀ ਨੂੰ ਗਿਆਰਾਂ ਹਜ਼ਾਰ ਦੀ ਜਾਗੀਰ ਅਤੇ ਦੋਰਾਹੇ ਲਾਗੇ ਪਿੰਡ ਰੁਪਾਲੋਂ, ਬੀਜਾ ਅਤੇ ਹੋਰ ਨਾਲ ਲੱਗਦੇ ਪਿੰਡ ਵੀ ਦੇ ਦਿੱਤੇ। ਅਨੂਪ ਸਿੰਘ ਦੀ ਅਗਲੀ ਔਲਾਦ ਇਨ੍ਹਾਂ ਪਿੰਡਾਂ ਵਿਚ ਸ਼ੇਰਗਿੱਲ ਗੋਤ ਨਾਲ ਜਾਣੀ ਜਾਂਦੀ ਹੈ। ਉਸ ਸਮੇਂ ਮਹਾਰਾਜ ਰਣਜੀਤ ਸਿੰਘ ਨੇ ਇਕ ਸੋਨੇ ਦੀ ਤਲਵਾਰ ਵੀ ਇਸ ਪਰਿਵਾਰ ਨੂੰ ਭੇਟ ਕੀਤੀ ਸੀ, ਜੋ ਹੁਣ ਵੀ ਇਸ ਪਰਿਵਾਰ ਦੇ ਅਗਲੇ ਵਾਰਿਸ ਗੁਰਚਰਨਪਾਲ ਸਿੰਘ ਵਾਸੀ ਕੈਨੇਡਾ ਕੋਲ ਸੁਰੱਖਿਅਤ ਹੈ। ਇਸ ਮਿਸਲ ਦੇ ਵਾਰਿਸ ਅੱਜ ਵੀ ਆਪਣੇ ਵਡੇਰਿਆਂ 'ਤੇ ਮਾਣ ਕਰਦੇ ਹਨ ਅਤੇ ਸਿੱਖ ਰਹੁ-ਰੀਤਾਂ ਵਿੱਚ ਪਰਪੱਕ ਹੋਣ ਦੇ ਨਾਲ-ਨਾਲ ਮਿਹਨਤੀ, ਮਿਲਣਸਾਰ ਅਤੇ ਆਪਣੇ ਕਾਰੋਬਾਰਾਂ ਵਿੱਚ ਨਿਪੁੰਨ ਮੰਨੇ ਜਾਂਦੇ ਹਨ।

## *ਮਹਾਨ ਗ਼ਦਰੀ ਸ਼ਹੀਦ* ਰੁਲੀਆ ਸਿੰਘ ਸਰਾਭਾ

ਬਰਕਲੇ ਯੂਨੀਵਰਸਿਟੀ ਭੇਜ ਦਿੱਤਾ ਪਰੰਤੂ ਥੋੜ੍ਹੇ ਮਹੀਨਿਆਂ ਪਿੱਛੋਂ ਇਕ ਹੋਟਲ ਵਿਖੇ, ਜਿਸ ਦੇ ਬਾਹਰ ਲਿਖਿਆ ਹੋਇਆ ਸੀ, "ਭਾਰਤੀ ਤੇ ਕੁੱਤੇ ਅੰਦਰ ਨਹੀਂ ਆ ਸਕਦੇ"- ਵਾਪਰੀ ਘਟਨਾ ਨੇ ਕਰਤਾਰ ਸਿੰਘ ਨੂੰ ਮੁੜ ਰੁਲੀਆ ਸਿੰਘ ਪਾਸ ਲੈ ਆਂਦਾ। ਕਰਤਾਰ ਸਿੰਘ ਨੇ ਸਾਰੀ ਵਾਰਤਾ ਉਪਰੰਤ ਕਿਹਾ, "ਹੁਣ ਮੈਨੂੰ ਬਿਲਕੁਲ ਨਾ ਰੋਕਣਾ।" ਰੁਲੀਆ ਸਿੰਘ ਨੇ ਕਿਹਾ, "ਚੰਗਾ ਹੁਣ ਮੁੰਡਿਆਂ ਵਾਲੀ ਗੱਲ ਨਾ ਕਰੀਂ, ਕੁਝ ਕਰਕੇ ਵਿਖਾਈਂ।" ਕਰਤਾਰ ਸਿੰਘ ਨੇ ਜਵਾਬ ਦਿੱਤਾ, "ਤੁਹਾਨੂੰ ਆਪੇ ਪਤਾ ਲੱਗ ਜਾਵੇਗਾ, ਤੁਸੀਂ ਮੇਰੇ 'ਤੇ ਭਰੋਸਾ ਰੱਖੋ।"

ਰੁਲੀਆ ਸਿੰਘ ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ, "ਤੋਸ਼ਾਮਾਰੂ" ਜਹਾਜ਼ ਰਾਹੀਂ ਕਲੱਕਤੇ ਪੁੱਜੇ। ਗੋਰੀ ਸਰਕਾਰ ਨੇ ਗ਼ਦਰੀਆਂ 'ਤੇ ਪਹਿਲਾਂ ਹੀ ਵੱਡਾ ਹਮਲਾ ਵਿੱਢਿਆ ਹੋਇਆ ਸੀ। ਰੁਲੀਆ ਸਿੰਘ ਤੇ ਅਰਜਨ ਸਿੰਘ ਸਰਾਭਾ ਸੈਂਕੜੇ ਗ਼ਦਰੀਆਂ ਨੂੰ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਪੁਲੀਸ ਦੀ ਨਿਗਰਾਨੀ ਵਿੱਚ ਪੰਜਾਬ ਲਿਆ ਰਹੇ ਸਨ ਕਿ ਗੱਡੀ ਰਾਏਵਿੰਡ ਜੰਕਸ਼ਨ ਉੱਤੇ ਹੌਲੀ ਹੋਈ। ਇਕ ਖੁਫ਼ੀਆ ਅਫਸਰ ਨਜ਼ਰਬੰਦੀ ਵਾਰੰਟ ਲੈ ਕੇ ਆਇਆ ਤਾਂ ਰੁਲੀਆ ਸਿੰਘ ਫੁਰਤੀ ਨਾਲ ਹੌਲੀ ਹੋਈ ਗੱਡੀ 'ਚੋਂ ਛਾਲ ਮਾਰ ਕੇ ਫ਼ਰਾਰ ਹੋ ਗਿਆ ਤੇ ਸਿੱਧਾ ਪੰਜਾਬ ਆ ਪੁੱਜਿਆ।

ਰੁਲੀਆ ਸਿੰਘ ਢੁਡੀਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਅਗਵਾਈ ਵਾਲੀ ਇਤਿਹਾਸਕ ਮੀਟਿੰਗ ਵਿਚ ਕਰਤਾਰ ਸਿੰਘ ਨੂੰ ਮਿਲਿਆ; ਜਿਸ ਵਿੱਚ 50-60 ਗ਼ਦਰੀ ਯੋਧੇ ਸ਼ਾਮਲ ਹੋਏ। ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ ਅਦੇਸ਼ਾਂ ਤੇ ਫੌਜੀ ਛਾਉਣੀਆਂ ਵਿਚ ਜਾ ਕੇ ਫੌਜੀਆਂ ਨੂੰ ਗ਼ਦਰ ਲਈ ਤਿਆਰ ਕਰਨ 'ਚ ਮੋਹਰੀ ਰੋਲ ਨਿਭਾਉਂਦਾ। ਇਕ ਵੇਰ ਬੀਮਾਰ ਹੋਣ ਕਰਕੇ, ਰੁਲੀਆ ਸਿੰਘ ਪਿੰਡ ਸਿੱਧਵਾਂ ਵਿਖੇ, ਜੀਵਾ ਸਿੰਘ ਦੇ ਘਰ ਠਹਿਰੇ ਹੋਏ ਸਨ। ਅੰਗਰੇਜ਼ੀ ਪੁਲੀਸ ਤੇ ਸੀ.ਆਈ.ਡੀ. ਗ਼ਦਰੀਆਂ ਦੀ ਫੜੋ-ਫੜੀ ਲਈ ਪਿੰਡ-ਪਿੰਡ ਹਰਲ-ਹਰਲ ਕਰਦੀ ਫਿਰਦੀ ਸੀ। ਸੀ.ਆਈ.ਡੀ. ਵਾਲੇ ਇਕ ਬਦਨਾਮ ਟਾਊਟ ਨੂੰ ਲੈ ਕੇ ਜੀਵਾ ਸਿੰਘ ਦੇ ਘਰੇ ਪੁੱਜ ਗਏ, ਮੱਝਾਂ ਦੇ ਵਪਾਰੀ ਬਣ ਕੇ। ਸ਼ੱਕ ਪੈਣ 'ਤੇ ਜੀਵਾ ਸਿੰਘ ਨੇ ਰੁਲੀਆ ਸਿੰਘ ਨੂੰ ਕਿਹਾ ਕਿ ਉਹ ਪਿਛਲੀ ਪੌੜੀ ਚੜ੍ਹ ਕੇ ਨਿਕਲ ਜਾਵੇ। ਰੁਲੀਆ ਸਿੰਘ ਨੇ ਸੋਚਿਆ ਕਿ ਮੇਰੇ ਭੱਜਣ ਪਿੱਛੋਂ ਜੀਵਾ ਸਿੰਘ ਫੜਿਆ ਜਾਵੇਗਾ (ਜੋ ਕਿ ਸਰਾਭੇ ਪਿੰਡ ਜਵਾਈ ਹੈ)। ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਮੁਤਾਬਕ ਆਪ ਦੀ ਥਾਂ 'ਤੇ ਜਵਾਈ ਨੂੰ ਫੜਾਉਣਾ ਗਲਤ ਸਮਝਿਆ। ਸੋ ਆਪ ਫੜੇ ਜਾਣ ਦਾ ਫ਼ੈਸਲਾ ਕਰ ਲਿਆ। ਇੰਨੇ ਨੂੰ ਪੁਲੀਸ ਨੇ ਘਰ ਨੂੰ ਘੇਰਾ ਪਾ ਕੇ ਰੁਲੀਆ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ।

ਲਾਹੌਰ ਵਿਖੇ "ਪਹਿਲਾ ਲਾਹੌਰ ਸਾਜ਼ਿਸ਼ ਕੇਸ" ਚੱਲ ਕੇ ਰੁਲੀਆ ਸਿੰਘ ਸਮੇਤ 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਹੋਈ ਜਿਸ ਵਿੱਚੋਂ ਰੁਲੀਆ ਸਿੰਘ ਸਮੇਤ 17 ਦੀ ਸਜ਼ਾ ਵਾਇਸਰਾਏ ਨੇ ਬਦਲ ਕੇ ਕਾਲੇ ਪਾਣੀ ਦੀ ਉਮਰ ਕੈਦ ਵਿਚ ਪਲਟ ਦਿੱਤੀ। ਆਪ ਅੰਡੇਮਾਨ/ਨਿਕੋਬਾਰ ਦੇ ਕਾਲੇ ਪਾਣੀਆਂ ਵਿੱਚ ਅੰਗਰੇਜ਼ ਹਕੂਮਤ ਦੇ ਵਹਿਸ਼ੀਆਨਾ ਜਬਰ ਦੇ ਖ਼ਿਲਾਫ਼ ਹਰ ਭੁੱਖ ਹੜਤਾਲੀ ਐਕਸ਼ਨ ਵਿਚ ਡਟ ਕੇ ਭਾਗ ਲੈਂਦੇ ਰਹੇ। ਅਖ਼ੀਰ ਗੋਰੀ ਸਰਕਾਰ ਦੇ ਅਸਿਹ ਤੇ ਅਕਿਹ ਤਸੀਹੇ ਝੱਲਦੇ ਹੋਏ 1 ਸਤੰਬਰ 1918 ਨੂੰ ਅੰਡੇਮਾਨ ਦੀ ਸੈਲੂਲਰ ਜੇਲ੍ਹ 'ਚ ਸ਼ਹੀਦੀ ਪਾ ਗਏ।




22

GET FLAT 22 CENTS
DISCOUNT AT




TA TravelCenters of America

PETRO Stopping Centers®

We also offer Line of Credit for Fuel Card

Additional Services with our Fuel Card

✓ National Tire Program ✓ PM & Light Mechanical
✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

# ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਅਪੀਲ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ, ਜੋ ਆਉਣ ਵਾਲੇ ਦਿਨਾਂ ਵਿਚ ਹੋਣ ਜਾ ਰਹੀਆਂ ਹਨ, ਉਸ ਲਈ ਆਪ ਜੀ ਦੀ ਵੋਟ ਬਣਨੀ ਅਤੇ ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਅਗਰ ਆਪ ਜੀ ਦੇ ਪਰਿਵਾਰ ਵਿਚ ਕਿਸੇ ਮੈਂਬਰ ਦੀ ਹਾਲੇ ਤੱਕ ਵੋਟ ਨਹੀਂ ਬਣੀ, ਤਾਂ ਜ਼ਰੂਰ ਬਣਾਉ ਜੀ। ਜੇਕਰ ਆਪ ਜੀ ਦੇ ਪਰਿਵਾਰ ਦਾ ਮੈਂਬਰ, ਰਿਸ਼ਤੇਦਾਰ, ਦੋਸਤ-ਮਿੱਤਰ ਜਾਂ ਕੋਈ ਹੋਰ ਸਾਕ-ਸੰਬੰਧੀ, ਸੈਂਟਾ ਕਲਾਰਾ, ਸੈਨ ਮੈਟੀਉ, ਸੈਂਟਾ ਕਰੂਜ਼, ਮੋਨਟਰੇਅ, ਸੈਨ ਬਨੀਤੋ ਅਤੇ ਕਾਂਟਰਾ ਕੋਸਟਾ ਕਾਉਂਟੀਆਂ ਵਿਚ ਰਹਿੰਦਾ ਹੈ, ਤਾਂ ਉਸ ਦੀ ਵੋਟ ਵੀ ਜ਼ਰੂਰ ਬਣਾਉ ਜੀ। ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗੇ ਜੀ।



ਡਾ. ਤਰਲੋਚਨ ਸਿੰਘ ਨਾਹਲ | ਬਲਬੀਰ ਸਿੰਘ ਢਿੱਲੋਂ | ਜਸਪਾਲ ਸੈਣੀ | ਭੁਪਿੰਦਰ ਸਿੰਘ ਚੀਮਾ | ਬਲਵਿੰਦਰ ਸਿੰਘ ਲੰਗੜੋਆ | ਹਰਪ੍ਰੀਤ ਸਿੰਘ | ਹਰਪ੍ਰੀਤ ਸਿੰਘ ਗਿੱਲ | ਓਂਕਾਰ ਸਿੰਘ ਨਾਹਲ | ਭਾਈ ਗੁਰਮੇਲ ਸਿੰਘ ਖਾਲਸ | ਨੀਟੂ ਸਿੰਘ ਕਾਹਲੋਂ | ਹਰਬਖਸ਼ ਸਿੰਘ ਰਾਉਕੇ



ਸਰਬਜੋਤ ਸਿੰਘ ਸਵੱਦੀ | ਉਪਜਿੰਦਰ ਸਿੰਘ | ਪ੍ਰੀਤ ਸਿੰਘ ਰੰਧਾਵਾ | ਜਗਜੀਤ ਸਿੰਘ ਮੰਡ | ਬਲਕਾਰ ਸਿੰਘ | ਵਿਕਰਮ ਸਿੰਘ | ਕਸ਼ਮੀਰ ਸਿੰਘ ਸੀਵੀਆ | ਸੁਖਵਿੰਦਰ ਸਿੰਘ ਮਾਨ | ਇੰਦਰਜੀਤ ਸਿੰਘ ਬਿਦ | ਜਰਨੈਲ ਸਿੰਘ ਰਾਜਾ | ਮਨਪ੍ਰੀਤ ਸਿੰਘ ਬਦੇਸ਼ਾ



ਸੁਰਿੰਦਰ ਸਿੰਘ ਮਾਹਲ | ਹਰਉਮੰਟ ਸਿੰਘ ਬਿੱਲਾ ਸੰਘੇੜਾ | ਸੁਖਵਿੰਦਰ ਸਿੰਘ ਗਰੇਵਾਲ | ਇਕਬਾਲ ਸਿੰਘ ਮਾਨ | ਮਹਿੰਦਰ ਸਿੰਘ ਮਾਨ | ਤਰਸੇਮ ਸਿੰਘ ਅਟਵਾਲ | ਪ੍ਰਿਤਪਾਲ ਸਿੰਘ ਗਿਰਨ | ਬੱਗਾ ਸਿੰਘ ਰੰਧਾਵਾ | ਅਵਤਾਰ ਸਿੰਘ ਖੇਲਾ | ਜਗਜੀਤ ਸਿੰਘ ਕੰਗ | ਗੁਰਿੰਦਰ ਸਿੰਘ ਢਿੱਲੋਂ



ਜੋਗਿੰਦਰ ਸਿੰਘ ਮਾਨ | ਰਣਜੀਤ ਸਿੰਘ ਅਖਾੜਾ | ਜਸਵੰਤ ਸਿੰਘ ਹੋਠੀ | ਜਰਨੈਲ ਸਿੰਘ ਰਾਏ | ਬਿਕਰਾਜ ਸਿੰਘ ਸੰਧੂ | ਸਤਪਾਲ ਸਿੰਘ ਸਿੱਧੂ | ਗੁਰਦੇਵ ਸਿੰਘ ਕਲਸੀ | ਹਰਪਾਲ ਸਿੰਘ ਚਾਹਲ | ਗੁਰਦੇਵ ਸਿੰਘ ਬੰਗਾ | ਕਮਲਜੀਤ ਸਿੰਘ ਚੀਮਾ | ਹਰਕੇਵਲ ਸਿੰਘ ਸੰਧੂ



ਸੰਦੀਪ ਸਿੰਘ ਸੰਧੂ | ਜੰਗ ਸਿੰਘ ਬਦੇਸ਼ਾ | ਪਰਮਜੀਤ ਸਿੰਘ ਗਿਰਨ | ਜੈਸੀ ਸਿੰਘ | ਅਵਤਾਰ ਸਿੰਘ ਗਿਰਨ | ਸੁਖਦੀਪ ਸਿੰਘ ਵੜੈਚ | ਹਰਦਿਆਲ ਸਿੰਘ ਗਰੇਵਾਲ | ਭੁਪਿੰਦਰ ਸਿੰਘ ਗਿੱਲ | ਅਮਰਜੀਤ ਸਿੰਘ ਦਿਓਲ | ਹਰਜਿੰਦਰ ਸਿੰਘ ਸੈਣੀ | ਬਘੇਲ ਸਿੰਘ ਜੱਸਵਾਲ | ਕੈਪਟਨ ਦਰਸ਼ਨ ਸਿੰਘ



ਗੁਰਮੀਤ ਸਿੰਘ ਸੈਣੀ | ਗੁਰਸੇਵਕ ਸਿੰਘ ਭੰਗੂ | ਗੁਰਜੀਤ ਸਿੰਘ ਗਿੱਲ | ਗੁਰਮੀਤ ਸਿੰਘ ਸਿੱਧੂ | ਜੇ.ਪੀ. ਸਿੰਘ | ਬਲਜੀਤ ਸਿੰਘ | ਰਣਜੀਤ ਸਿੰਘ ਨਾਗਰਾ | ਸੰਦੀਪ ਸਿੰਘ ਸੰਧੂ | ਇੰਦਰਜੀਤ ਸਿੰਘ | ਪਰਮਿੰਦਰ ਸਿੰਘ ਸਹੋਤਾ | ਰਵਿੰਦਰ ਸਿੰਘ ਮਿਨਹਾਸ | ਸੁਖਵਿੰਦਰ ਸਿੰਘ ਸੰਧੂ

Designed By Punjab Mail USA

ਵੱਲੋਂ

## ਸਾਧ ਸੰਗਤ ਸਲੇਟ

408-449-1639


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM